'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 22 ਪੁਸਤਕ ਲੜੀ : 85 ਅਕਤੂਬਰ-ਦਸੰਬਰ, 2021

ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ
9, Raseela Nagar
Adjoining Asharam,
Jalandhar-144002
Mob: 98148-60778
pravachan07@gmail.com
www.pravachan. org
ਸੰਤੋਖ ਸਿੰਘ ਧਾਲੀਵਾਲ
65 Wroxham Drive, Wollation,
Nottingham NG8 2QR, U.K.

ਵਿਸ਼ੇਸ਼ ਸਲਾਹਕਾਰ: ਜਸ ਮੰਡ

ਸਹਿਯੋਗ
ਡਾ. ਕੁਲਵੰਤ ਸਿੰਘ ਸੰਧੂ
ਡਾ. ਜਸਵਿੰਦਰ ਸਿੰਘ
ਡਾ. ਪਰਮਜੀਤ ਕੌਰ ਸਿੱਧੂ
ਬਲਬੀਰ ਪਰਵਾਨਾ
ਵਰਿੰਦਰ ਪਰਿਹਾਰ,
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਚੰਦਿਆਂ ਦਾ ਵੇਰਵਾ:

| | | |
|---|---|---|
| India | Rs. 75 Per Issue | |
| | Rs. 300 Per Year | |
| | Rs.1500 Per 5 Years | |
| U.K. | £4 Per issue | |
| | £15 Per Year | |
| | £75 Per 5 Years | |
| U.S.A./ | $30 Per Year | |
| Canada | $30 Per Year | |
| | $150 Per 5 Years. | |

## ਅੰਦਰ ਪੜ੍ਹੋ


- ਸੰਪਾਦਕੀ: ਨਾਰੀ ਬਿੰਬ: ਭਾਰਤੀ ਪਰੰਪਰਾ ਅਤੇ ਸਾਹਿਤ ਸਿਰਜਣਕਾਰੀ ................. 2
- ਬਿਨਾਂ ਯੱਕਿਆਂ ਦੇ ਬਾਜ਼ੀ ਜਿੱਤਣ ਵਾਲਾ ਸਾਗਰ ਸਰਹੱਦੀ- **ਅਜੇ ਤਨਵੀਰ** ....... 11
- ਸਾਹਿਤਕ ਖੇਤਰ ਅਤੇ ਲੋਕ-ਰੂੜ੍ਹੀਆਂ (Folk Motif) **-ਡਾ. ਸੁਨੀਤਾ ਰਾਣੀ** .......... 20
- ਸੰਥਾਲ ਕਹਾਣੀ-ਆਦਿਵਾਸੀ ਨਹੀਂ ਨੱਚੇਗਾ **-ਹੰਸਦਾ ਸੌਵੇਂਦ੍ਰ ਸ਼ੇਖਰ** (**ਅਨੁਵਾਦਕ- ਸੁਕੀਰਤ**) ............... 29
- ਕਹਾਣੀ-ਕੱਟੀਆਂ ਜੀਭਾਂ ਵਾਲੇ **-ਸਰੂਪ ਸਿਆਲਵੀ** ..................... 42
- ਕਹਾਣੀ-ਸੱਜਣ ਮੈਂਡੇ ਰੰਗਲੇ **-ਦੀਪ ਦੇਵਿੰਦਰ ਸਿੰਘ** .................. 55
- ਕਵਿਤਾਵਾਂ: ਵਰਿੰਦਰ ਪਰਹਾਰ, ਡਾ. ਕਰਨੈਲ ਸਿੰਘ ਸ਼ੇਰਗਿੱਲ, ................. 64-82
- ਮਹਾਜਨੀ ਸਾਂਸਕ੍ਰਿਤੀ ਅਤੇ ਵਿਅਕਤੀ ਦੇ ਸੂਖ਼ਮ ਸਬੰਧਾਂ ਦਾ ਕਹਾਣੀਕਾਰ: ਪ੍ਰੇਮ ਪ੍ਰਕਾਸ਼ **-ਰਜਨੀਸ਼ ਬਹਾਦਰ ਸਿੰਘ** ............... 83
- ਸਮਕਾਲੀ ਸਾਹਿਤ ਨੂੰ ਵਾਚਦਿਆਂ **-ਕੁਲਵੰਤ ਸਿੰਘ ਸੰਧੂ** ................... 99
- ਪਾਠਕ ਪ੍ਰਤੀਕਿਰਿਆ ................ 103


ਸਰਵਰਕ: ਨਿਹਾਲ ਚੰਦ

☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ Rajnish Bahudar Singh ਦੇ ਨਾਂ ਭੇਜੇ ਜਾਣ।

☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।

☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

ਸੰਪਾਦਕੀ:

# ਨਾਰੀ ਬਿੰਬ: ਭਾਰਤੀ ਪਰੰਪਰਾ ਅਤੇ ਸਾਹਿਤ ਸਿਰਜਣਕਾਰੀ

ਨਰ ਅਤੇ ਮਾਦਾ ਪ੍ਰਕਿਰਤੀ ਦੇ ਅਜਿਹੇ ਜੀਵ ਹਨ, ਜਿਨ੍ਹਾਂ ਦਾ ਮੇਲ ਉਹਨਾਂ ਦੇ ਪਾਸਾਰ ਦਾ ਆਧਾਰ ਬਣਦਾ ਹੈ। ਮਨੁੱਖੀ ਸਮਝ ਅਨੁਸਾਰ ਇਕ ਸੈਲ ਵਾਲੇ ਜੀਵ ਅਮੀਬਾ ਨੂੰ ਛੱਡ ਕੇ ਬਾਕੀ ਜੀਵਤ ਸਾਰੀਆਂ ਪਰਜਾਤੀਆਂ ਸਰੀਰਕ ਸੁਮੇਲ ਵਿਚੋਂ ਹੀ ਆਪਣੀ ਨਸਲ ਨੂੰ ਅੱਗੇ ਤੋਰਦੀਆਂ ਹਨ। ਇਹ ਪ੍ਰਕਿਰਤਕ ਅਮਲ ਜਦੋਂ ਅਤਿ ਵਿਕਸਤ ਜੀਵ ਮਨੁੱਖ ਤੋਂ ਸਮਾਜਕ ਵਰਤਾਰੇ ਵਿਚ ਤਬਦੀਲ ਹੁੰਦਾ ਹੈ ਤਾਂ ਇਹ ਕੁਝ ਜੀਵਨ ਮੁੱਲਾਂ ਦੀ ਸਥਾਪਤੀ ਦੇ ਦੌਰ ਵਿਚ ਪ੍ਰਵੇਸ਼ ਕਰਦਾ ਹੈ। ਇਹ ਅਮਲ ਹਜਾਰਾਂ ਸਾਲਾਂ ਦੇ ਇਤਿਹਾਸ ਉਤੇ ਫੈਲਿਆ ਹੋਇਆ ਹੈ। ਇਸੇ ਅਮਲ ਦੌਰਾਨ ਹੀ ਸਰੀਰਕ ਵੱਖਰਤਾ, ਸਮਾਜਿਕ ਵਖਰੇਵਿਆਂ ਵਿਚ ਪ੍ਰਵੇਸ਼ ਕਰਦੀ ਹੈ। ਇਹ ਵਖਰੇਵੇਂ ਸਮਾਜਿਕ ਵਿਕਾਸ ਦੇ ਹਰ ਪੜਾਅ ਉਤੇ ਨਵੇਂ ਦੌਰ ਵਿਚ ਦਾਖਲ ਹੁੰਦੇ ਹਨ। ਜਿਉਂ ਜਿਉਂ ਸਮਾਜ ਤਰੱਕੀ ਕਰਦਾ ਹੈ, ਇਹਨਾਂ ਪੜਾਵਾਂ ਦਾ ਅੰਤਰਾਲ ਘਟਦਾ ਜਾਂਦਾ ਹੈ। ਜਿਵੇਂ, ਇਕ ਸੈਲ ਵਾਲੇ ਮਨੁੱਖ ਦਾ ਵਰਤਮਾਨ ਸਰੂਪ ਧਾਰਨ ਦਾ ਸਮਾਂ ਲੱਖਾਂ ਸਾਲਾਂ ਦੇ ਅੰਤਰਾਲ ਉਤੇ ਫੈਲਿਆ ਹੋਇਆ ਹੈ। ਇਸ ਤੋਂ ਬਾਅਦ ਜੰਗਲੀ ਟੋਲਿਆਂ ਤੋਂ ਕਬੀਲਿਆਂ ਦਾ ਹਜ਼ਾਰਾਂ ਸਾਲਾਂ ਦਾ ਸਫ਼ਰ ਰਿਹਾ ਹੈ। ਫਿਰ ਜੜਾਂ ਤੇ ਫਲ ਬਟੋਰੂ ਕਬੀਲਿਆਂ ਤੋਂ ਲੈ ਕੇ ਸ਼ਿਕਾਰ ਕਰਨ ਅਤੇ ਫਿਰ ਖੇਤੀ ਦੀ ਜਾਂਚ ਸਿਖਣ ਦਾ ਸਫ਼ਰ ਵੀ ਹਜ਼ਾਰਾਂ ਸਾਲਾਂ ਦੇ ਅੰਤਰਾਲ ਉਤੇ ਫੈਲਿਆ ਹੋਇਆ ਹੈ। ਕਬੀਲਿਆਂ ਦਾ ਸੰਗਠਤ ਰੂਪ, ਭੂਮੀ ਅਤੇ ਪਸ਼ੂਆਂ ਉਤੇ ਕਬਜ਼ੇ ਤੋਂ ਜਗੀਰਦਾਰੀ ਵਿਵਸਥਾ ਵਿਚ ਤਬਦੀਲ ਹੋਇਆ। ਇਹ ਸਮਾਂ ਮਨੁੱਖੀ ਮੁੱਲਾਂ ਅਤੇ ਸਮਾਜਿਕ ਵਿਵਸਥਾਵਾਂ ਦੇ ਪਰਿਪੱਕ ਹੋਣ ਦਾ ਸਮਾਂ ਸੀ। ਉਹੀ ਸਮਾਂ ਸਾਹਿਤ ਅਤੇ ਕਲਾ ਅਤੇ ਗਿਆਨ ਦੇ ਅਨੁਸ਼ਾਸਨਾਂ ਦੀ ਸਥਾਪਤੀ ਦਾ ਸਮਾਂ ਸੀ। ਇਸ ਪੜਾਅ ਦੀ ਉਮਰ ਹਜ਼ਾਰਾਂ ਸਾਲਾਂ ਦੇ ਅੰਤਰਾਲ ਉਤੇ ਫੈਲੀ ਹੋਈ ਸੀ। ਇਸ ਤੋਂ ਬਾਅਦ ਸਨਅਤੀਕਰਨ ਨੇ ਸਮਾਜਿਕ ਗਤੀ ਨੂੰ ਤੇਜ਼ ਕਰ ਦਿੱਤਾ। ਸਨਅਤੀਕਰਨ ਨੇ ਜਿਸ ਸਮਾਜ ਲਈ ਰਾਹ ਪੱਧਰਾ ਕੀਤਾ, ਉਹ ਪੂੰਜੀਵਾਦੀ ਪ੍ਰਬੰਧ ਸੀ। ਇਹ ਪ੍ਰਬੰਧ ਗਿਆਨ ਦੇ ਖੇਤਰ ਵਿਚ ਹੁਣ ਤਕ ਦਾ ਸਿਖਰ ਹੈ। ਇਸ ਪ੍ਰਬੰਧ ਦੁਆਰਾ ਬਣਾਏ ਸੰਦਾਂ ਅਤੇ ਉਸ 'ਚੋਂ ਹੋਏ ਉਤਪਾਦਨ ਦੀ ਵੰਡ ਸਬੰਧੀ ਭਵਿੱਖ ਅਜੇ ਕਾਲ ਦੇ ਗਰਭ ਵਿਚ ਹੈ, ਪਰੰਤੂ ਸੰਦਾਂ ਦਾ ਪਿਛਾਂਹ-ਮੁੱਖੀ ਰੂਪ ਸੰਭਵ ਨਹੀਂ। ਇਸ ਦੀ ਸੰਭਾਵਨਾ-ਸੰਪੂਰਨ ਤਬਾਹੀ ਵਿਚ ਹੋ ਸਕਦੀ ਹੈ, ਅਰਥਾਤ ਸਭਿਅਤਾਵਾਂ ਦਾ ਖਾਤਮਾ। ਹੁਣ ਤਕ ਦੇ ਜਿਹੜੇ ਸਮਾਜਿਕ ਮੁੱਲ ਹਨ ਇਹਨਾਂ ਮੁੱਲਾਂ ਦੀ ਸਾਂਸਕ੍ਰਿਤੀ ਦਾ ਇਤਿਹਾਸ ਵੀ ਲੱਖਾਂ ਸਾਲਾਂ ਤਕ ਫੈਲਿਆ ਹੋਇਆ ਹੈ। ਮਨੁੱਖੀ ਪਸ਼ੂਪੁਣੇ ਦਾ ਇਤਿਹਾਸ ਹਜ਼ਾਰਾਂ ਸਾਲਾਂ ਦੇ ਇਤਿਹਾਸ ਤਕ ਫੈਲਿਆਂ ਹੋਇਆ ਹੈ। ਇਸੇ ਲਈ ਕਈ ਭਾਵਾਂ ਦੀਆਂ ਪ੍ਰਵਿਰਤੀਆਂ/ਵਿਕਰਤੀਆਂ ਉਸ ਦੀ ਚੇਤਨਾ ਜਿੰਨੀਆਂ ਹੀ ਪੁਰਾਣੀਆਂ ਹਨ। ਮਨੁੱਖ ਜਦੋਂ ਸਮਾਜਿਕ ਮੁੱਲਾਂ ਦੀ ਇਕਾਈਆਂ ਵਿਚ ਬੱਝਦਾ ਹੈ, ਤਾਂ ਇਹ ਅਵਚੇਤਨ ਨਾਲ ਹੀ ਤੁਰਦਾ ਹੈ। ਵਿਕਸਤ ਸਮਾਜਿਕ ਪੜਾਵਾਂ ਵਿਚ ਇਹ ਅੱਗੇ ਚਲ ਕੇ ਸਾਂਸਕ੍ਰਿਤੀ ਵਿਚ ਪਰਿਵਰਤਿਤ ਹੋ ਜਾਂਦਾ ਹੈ। ਚੇਤਨਾ ਦੇ ਇਕ ਪੜਾਅ ਉਤੇ ਪਹੁੰਚ ਕੇ, ਇਹ ਇਤਿਹਾਸ ਦਸਤਾਵੇਜ਼ ਦਾ ਰੂਪ ਧਾਰਦਾ ਹੈ। ਇਹ ਦਸਤਾਵੇਜ਼

ਮੌਲਿਕ ਪਰੰਪਰਾ ਕਾਰਨ ਸਮਰਣ (ਯਾਦ) ਪਰੰਪਰਾ ਵਿਚ ਪ੍ਰਵੇਸ਼ ਕਰਕੇ ਹੌਲੀ ਹੌਲੀ ਲਿਖਤ ਪਰੰਪਰਾ ਵਿਚ ਬਦਲ ਜਾਂਦਾ ਹੈ।

ਇਸ ਪਰੰਪਰਾ ਵਿਚ ਸਮਾਜਿਕ ਮੁੱਲਾਂ ਦਾ ਮੁੱਢ ਕਬੀਲਾ ਸਮਾਜ ਵਿਚ ਬੱਝਦਾ ਹੈ। ਇਥੇ ਕੰਮ ਦੀ ਵੰਡ ਸਰੀਰ ਅਰਥਾਤ ਵਿਅਕਤੀਆਂ ਵਿਚਕਾਰ ਕੀਤੀ ਜਾਂਦੀ ਹੈ। ਇਥੇ ਮਰਦ ਔਰਤ ਵਿਚਕਾਰ ਸਬੰਧ ਪ੍ਰਕਿਰਤਕ ਸਨ। ਇਥੇ ਰਿਸ਼ਤਾ ਮਰਦ ਅਤੇ ਔਰਤ ਵਿਚਕਾਰ ਹੈ। ਇਸ ਵੰਡ ਦਾ ਘੇਰਾ ਲਿੰਗਕ ਵਰਗ ਤਕ ਸੀਮਤ ਹੈ। ਭੋਜਨ ਬਟੋਰਨ ਵਾਲੇ ਟੋਲੇ ਇਕ ਪੜਾਅ ਉਤੇ ਆ ਕੇ ਸਥਾਨਕ ਵੱਸੋਂ ਵਲ ਵੱਧਦੇ ਹਨ। ਇਹ ਵੱਸੋਂ ਦਾ ਵਰਤਾਰਾ ਹੀ ਵਸਤਾਂ ਇਕੱਠੀਆਂ ਕਰਨ ਦਾ ਅਧਾਰ ਬਣਦਾ ਹੈ। ਇਥੋਂ ਹੀ ਮਰਦ ਔਰਤ ਦੇ ਸਥਾਈ ਨਿਵਾਸ ਦਾ ਮੁੱਢ ਬੱਝਦਾ ਹੈ। ਇਹ ਮੁੱਢ ਚਿੰਤਨ ਦੇ ਇਤਿਹਾਸ ਦਾ ਮੁੱਢ ਵੀ ਬਣਦਾ ਹੈ। ਅਸੀਂ ਜਦੋਂ ਸਮਾਜਿਕ ਪੜਾਵਾਂ ਦੀ ਵੰਡ ਕਰਦੇ ਹਾਂ ਤਾਂ ਚਿੰਤਨ ਦੀਆਂ ਕੁਝ ਸੀਮਤ ਵਿਧੀਆਂ ਅਧਾਰਿਤ ਅਨੁਸ਼ਾਸਨਾ ਦੀ ਵੰਡ ਕਰਦੇ ਹਾਂ। ਇਹ ਵੰਡ, ਸਾਹਿਤਕ ਵਿਧਾਵਾਂ ਦੀ ਵੰਡ ਲਈ ਸੌਖੀ ਰਹਿੰਦੀ ਹੈ। ਇਸ ਵੰਡ ਤੋਂ ਬਾਅਦ ਅਸੀਂ ਮਨੁੱਖਾਂ/ਜਾਤਾਂ/ਜਮਾਤਾਂ ਦੀ ਵੰਡ ਵਿਚ ਪੈਂਦੇ ਹੋਏ ਸਾਹਿਤ ਨੂੰ ਇਤਿਹਾਸ ਦਾ ਮੂਲ ਦਸਤਾਵੇਜ਼ ਬਣਾ ਕੇ ਉਸ ਦੀ ਆਪਣੀ ਸਮਝ ਅਨੁਸਾਰ ਵਿਆਖਿਆ ਕਰਦੇ ਹਾਂ। ਇਥੇ ਸਾਡਾ ਮਕਸਦ ਸਾਹਿਤ ਰਾਹੀਂ ਨਾਰੀ ਬਿੰਬ ਦੇ ਇਤਿਹਾਸ ਬਾਰੇ ਸੋਚ ਵਿਚਾਰ ਕਰਨੀ ਹੈ, ਜਿਹੜਾ ਬਿੰਬ ਸਾਹਿਤ ਰਾਹੀਂ ਸਾਡੇ ਸਮਕਾਲ ਤਕ ਪਹੁੰਚਿਆ ਹੈ। ਇਸ ਬਿੰਬ ਦੇ ਪਿੱਛੇ ਠੋਸ ਸਮਾਜਿਕ ਹਾਲਾਤ ਸਨ। ਇਹਨਾਂ ਹਾਲਤਾਂ ਵਿਚ ਸਮਾਜਿਕ, ਆਰਥਿਕ ਅਤੇ ਦਾਰਸ਼ਨਿਕ ਪਰੰਪਰਾਵਾਂ ਸਨ ਜਿਨ੍ਹਾਂ ਵਿਚੋਂ ਸਾਹਿਤਕ ਵਿਧਾਵਾਂ ਆਪਣਾ ਸਰੂਪ ਗ੍ਰਹਿਣ ਕਰਦੀਆਂ ਸਨ। ਇਹਨਾਂ ਹਾਲਾਤਾਂ ਦਾ ਸਿੱਧਾ ਸਬੰਧ ਹਰ ਭੁਗੋਲਿਕ ਖਿੱਤੇ ਨਾਲ ਹੁੰਦਾ ਸੀ। ਮੁਢਲੇ ਰੂਪ ਵਿਚ ਇਹਨਾਂ ਵਿਚ ਸਥਾਨਕਤਾ ਭਾਰੂ ਹੁੰਦੀ ਸੀ। ਜਿਉਂ ਜਿਉਂ ਆਵਾਜਾਈ ਦੇ ਸਬੰਧ ਵਿਕਸਤ ਹੁੰਦੇ ਗਏ, ਸਮਾਜਿਕ ਵਿਕਾਸ ਕਾਰਨ ਭੁਗੋਲਿਕ ਖਿੱਤਿਆਂ ਵਿਚ ਵਿਕਸਤ ਹੋ ਰਹੇ ਜੀਵਨ-ਮੁੱਲ ਇਕ ਦੂਜੇ ਤੋਂ ਪ੍ਰਭਾਵਿਤ ਅਤੇ ਇਕ ਦੂਜੇ ਵਿਚ ਮਿਲਦੇ ਚਲੇ ਗਏ। ਇਸ ਤਰ੍ਹਾਂ ਸਮੇਂ ਦੇ ਨਾਲ ਸਾਹਿਤਕ ਵਿਧਾਵਾਂ ਵਿਚ ਹੀ ਪਰਿਵਰਤਨ ਨਹੀਂ ਆਏ ਸਗੋਂ ਸਾਹਿਤ ਦੀ ਵਸਤ, ਪੈਟਰਨ ਅਤੇ ਦ੍ਰਿਸ਼ਟੀਗਤ ਪਾਸਾਰਾਂ ਵਿਚ ਵੀ ਤਬਦੀਲੀਆਂ ਆਈਆਂ। ਕਬੀਲਾ ਸਮਾਜ ਵਿਚ ਆਰਥਿਕ ਸਬੰਧ ਸਾਂਝੀਵਾਲਤਾ ਵਾਲੇ ਸਨ। ਇਸ ਸਮੇਂ ਦਾ ਦਰਸ਼ਨ ਜਾਦੂਈ ਸੀ ਅਤੇ ਸਾਹਿਤਕ ਵਿਧਾ ਦਾ ਮਾਧਿਅਮ ਪਰੀਕਥਾਵਾਂ ਸਨ। ਜਗੀਰਦਾਰੀ ਪ੍ਰਬੰਧ ਵਿਚ ਆਰਥਿਕ ਪ੍ਰਬੰਧ ਖੇਤੀ/ਦਸਤਕਾਰੀ ਅਧਾਰਿਤ ਦਰਸ਼ਨ ਧਰਮ ਅਤੇ ਸਾਹਿਤਕ ਵਿਧਾ ਮਹਾਂ-ਕਾਵਿ ਸੀ। ਸਰਮਾਏਦਾਰੀ ਪ੍ਰਬੰਧ ਵਿਚ ਆਰਥਿਕਤਾ ਪੂੰਜੀਵਾਦ, ਦਰਸ਼ਨ ਵਿਗਿਆਨਕ ਅਤੇ ਕੇਂਦਰੀ ਵਿਧਾ ਗਲਪ ਬਣ ਗਈ। ਸਾਹਿਤਕ ਵਿਧਾਵਾਂ ਦੇ ਕੇਂਦਰ ਵਿਚ ਮਰਦ/ਔਰਤ ਕਥਾ ਵੀ ਮੁੱਖ ਚਾਲਕ ਸ਼ਕਤੀ ਬਣ ਗਏ। ਇਸ ਚਾਲਕ ਸ਼ਕਤੀ 'ਚ ਪ੍ਰਮੁੱਖ ਚਾਲਕ 'ਧਿਰਾਂ' ਬਣ ਗਏ। ਇਹ ਧਿਰਾਂ ਸਮਾਜਿਕ ਜੀਵਨ ਦੀ ਵੀ ਚਾਲਕ ਸ਼ਕਤੀ ਬਣ ਗਈਆਂ।

ਸਮਾਜਿਕ ਜੀਵਨ ਦੀ ਗਤੀ ਕਾਰਨ ਮਨੁੱਖ ਵਿਚ ਕਬਜ਼ੇ ਦੀ ਭਾਵਨਾ ਦਾ ਇਤਿਹਾਸ ਕਾਲ ਬਾਰੇ ਤਾਂ ਵਿਚਾਰ ਅਤੇ ਬਹਿਸਾਂ ਚਲਦੇ ਹਨ ਪਰੰਤੂ ਇਸ ਲਈ ਕੋਈ ਸਮਾਂ ਨਿਸਚਿਤ (ਅੰਕੜਿਆਂ ਵਿਚ) ਕਰਨਾ ਮੁਸ਼ਕਲ ਹੈ। ਸਾਡੀ ਜਾਚੇ ਜਦੋਂ ਫਾਲਤੂ ਪੈਦਾਵਾਰ ਅਤੇ ਭੰਡਾਰਨ ਦਾ ਕੰਮ ਸ਼ੁਰੂ ਹੋਇਆ, ਤਾਕਤ ਦਾ ਇਕ ਕੇਂਦਰ ਉਭਰਨਾ ਸ਼ੁਰੂ ਹੋਇਆ ਅਤੇ ਕੰਮ ਵੰਡ ਦਾ

ਮੁੱਢ ਬੱਝਿਆ। ਇਸ ਨਾਲ ਕਬਜ਼ੇ ਦਾ ਵਰਤਾਰਾ ਸ਼ੁਰੂ ਹੋਇਆ। ਇਸ ਲਈ ਸੁਭਾਵਿਕ ਹੀ ਮਰਦ ਕੋਲ ਸਰੀਰਕ ਤਾਕਤ ਵੱਧ ਹੋਣ ਕਰਕੇ ਉਹ ਤਾਕਤ ਦੇ ਕੇਂਦਰ ਵਿਚ ਆ ਗਿਆ। ਇਸ ਲਈ ਉਸ ਨੇ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਸਾਰੀਆਂ ਸਮਾਜਿਕ ਸੰਸਥਾਵਾਂ ਉਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਜਗੀਰਦਾਰੀ ਪ੍ਰਬੰਧ ਤਕ ਇਹ ਜਕੜ ਸਾਂਸਕ੍ਰਿਤੀ ਵਿਚ ਬਦਲ ਗਈ। ਇਸ ਸਾਂਸਕ੍ਰਿਤੀ ਦਾ ਪ੍ਰਗਟਾਵਾ ਮਨੁੱਖ ਦੁਆਰਾ ਸਿਰਜਤ ਸਾਰੀਆਂ ਬਣਤਰਾਂ ਵਿਚ ਨਜ਼ਰ ਆਉਣ ਲੱਗ ਪਿਆ। ਕਬੀਲਾ ਯੁਗ ਵਿਚ ਭੂਮੀ, ਪਸ਼ੂ, ਔਰਤਾਂ ਅਤੇ ਮਰਦ ਗੁਲਾਮ ਹਥਿਆਉਣ ਦੀ ਪਰੰਪਰਾ ਜਗੀਰਦਾਰੀ ਪ੍ਰਬੰਧ ਵਿਚ ਬਾਹੂਬਲ ਉਤੇ ਅਧਾਰਿਤ ਸੀ। ਮੁੱਢਲੇ ਦੌਰ ਵਿਚ ਕਬੀਲੇ ਦੇ ਕਬੀਲੇ ਭੋਜਨ ਅਤੇ ਉਪਜਾਊ ਧਰਤੀ ਦੀ ਤਲਾਸ਼ ਵਿਚ ਨਿਕਲਦੇ ਸਨ। ਸਥਾਨਕ ਲੋਕਾਂ ਨੂੰ ਹਰਾ ਕੇ ਉਹਨਾਂ ਦੀ ਜ਼ਮੀਨ ਅਤੇ ਪਸ਼ੂ ਧਨ ਉਤੇ ਕਬਜ਼ਾ ਕਰਕੇ ਉਹਨਾਂ ਨੂੰ ਗੁਲਾਮ ਬਣਾਇਆ ਜਾਂਦਾ ਸੀ। ਜਗੀਰਦਾਰੀ ਪ੍ਰਬੰਧ ਵਿਚ ਰਾਜੇ, ਸੁਲਤਾਨ ਆਪਣੀ ਫੌਜ ਇਕੱਠੀ ਕਰਦੇ, ਧਨ ਅਤੇ ਧਰਤੀ ਦੀ ਤਲਾਸ਼ ਵਿਚ ਨਿਕਲ ਪੈਂਦੇ। ਇਹਨਾਂ ਹਮਲਿਆਂ ਦਾ ਸਭ ਤੋਂ ਵੱਧ ਸ਼ਿਕਾਰ ਔਰਤ ਹੁੰਦੀ। ਪੂੰਜੀਵਾਦੀ ਯੁੱਗ ਵਿਚ ਮੰਡੀਆਂ ਦੀ ਤਲਾਸ਼ ਵਿਚ ਸਾਮਰਾਜੀ ਦੇਸ਼ ਕਬਜ਼ਾ ਜਮਾਉਣ ਲਈ ਨਿਕਲੇ ਅਤੇ ਬਸਤੀਵਾਦੀ ਵਰਤਾਰਾ ਸ਼ੁਰੂ ਹੋ ਗਿਆ। ਸਮਕਾਲ ਵਿਚ ਨਵ-ਬਸਤੀਵਾਦ ਤਕ ਪਹੁੰਚ ਗਿਆ। ਇਸ ਨਵੇਂ ਦੌਰ ਵਿਚ ਇਹ ਵਰਤਾਰਾ ਨਵੇਂ ਦੌਰ ਵਿਚ ਪ੍ਰਵੇਸ਼ ਕਰ ਗਿਆ ਪਰੰਤੂ ਵਿਕਸਤ ਅਤੇ ਬਸਤੀਆਂ ਦੇ ਪਿਛੋਕੜ ਵਾਲੇ ਦੇਸ਼ਾਂ ਦੀਆਂ ਸਾਂਸਕ੍ਰਿਤੀਆਂ ਅਤੇ ਮਨੁੱਖੀ ਵਿਹਾਰ ਵਿਚ ਵੱਡੇ ਅੰਤਰ ਸਨ। ਸਾਹਿਤ ਅਤੇ ਕਲਾ ਦੇ ਖੇਤਰ ਵਿਚ ਨਾਰੀ ਬਿੰਬ ਨੇ ਲੰਮਾ ਸਫ਼ਰ ਤੈਅ ਕੀਤਾ ਹੈ। ਇਹ ਬਿੰਬ ਦਿਸਦਾ ਹੈ ਸਾਹਿਤ, ਕਲਾਵਾਂ ਅਤੇ ਸਭਿਆਚਾਰ ਬਣਤਰਾਂ ਰਾਹੀਂ; ਪਰੰਤੂ ਇਸ ਦੀਆਂ ਜੜ੍ਹਾਂ ਸਦੀਆਂ ਤਕ ਫੈਲੀਆਂ ਹੁੰਦੀਆਂ ਹਨ। ਕਈ ਵਾਰੀ ਉਹ ਮਨੁੱਖੀ ਪੀੜ੍ਹੀਆਂ ਦੇ ਜੀਨਜ਼ ਰਾਹੀਂ ਮਨੁੱਖੀ ਸੈਲਾਂ ਵਿਚੋਂ ਲੱਭੀਆਂ ਜਾ ਸਕਦੀਆਂ ਹਨ। ਅਸੀਂ ਪੰਜਾਬੀ ਸਾਹਿਤ ਵਿਚਲੇ ਨਾਰੀ ਬਿੰਬ ਨੂੰ ਭਾਰਤੀ ਪਰੰਪਰਾ ਵਿਚੋਂ ਲੱਭਣ ਦੀ ਕੋਸ਼ਿਸ਼ ਕਰਾਂਗੇ ਕਿਉਂਕਿ ਪੰਜਾਬ ਭਾਰਤੀ ਦਰਸ਼ਨ ਦਾ ਵੱਡਾ ਕੇਂਦਰ ਰਿਹਾ ਹੈ। ਇਕ ਪੜਾਅ ਉਤੇ ਪਹੁੰਚ ਕੇ ਧਾਰਮਿਕ ਜੜ ਚਿੰਤਨ ਅਧੀਨ ਇਸ ਦੀ ਵੱਖਰਤਾ ਦੀ ਪਛਾਣ ਕਰਦੇ ਕਰਦੇ, ਇਸ ਦਾ ਘੇਰਾ ਏਨਾ ਸੀਮਤ ਕਰ ਲਿਆ ਕਿ ਇਸ ਦੀ ਸਰਵ-ਵਿਆਪੀ ਸੋਚ ਨੂੰ ਸੁੰਗੇੜ ਲਿਆ। ਇਸ ਦਾ ਅਸਰ ਸਾਹਿਤ ਮੁਲੰਕਣ, ਸਿਰਜਣਕਾਰੀ ਅਤੇ ਪਾਤਰੀ ਬਿੰਬ ਉਤੇ ਵੀ ਪਿਆ। ਅਸੀਂ ਇਸ ਨੂੰ ਮਹਾਂ-ਕਾਵਿਕ, ਲੋਕ-ਸਾਹਿਤ ਅਤੇ ਚਿੰਤਨ ਪਰੰਪਰਾਵਾਂ ਵਿਚੋਂ ਲੱਭਣ ਦੀ ਕੋਸ਼ਿਸ਼ ਕਰਾਂਗੇ।

ਭਾਰਤੀ ਖੇਤਰ ਜਿਸ ਨੂੰ 'ਬ੍ਰਹਮ ਵਰਤ' ਆਖਿਆ ਜਾਂਦਾ ਸੀ, ਇਸ ਵਿਚ ਅਫਗਾਨਿਸਤਾਨ ਦੇ ਖੇਤਰ ਵੀ ਸ਼ਾਮਲ ਸਨ ਅਤੇ ਇਥੇ ਕੇਂਦਰੀ ਏਸ਼ੀਆ ਤੋਂ ਆ ਕੇ ਵਸਣ ਵਾਲੇ ਕਬੀਲਿਆਂ ਕਰਕੇ ਇਸ ਨੂੰ ਆਰੀਆ ਵਰਤ ਦੇ ਨਾਂ ਨਾਲ ਜਾਣਿਆ ਜਾਣ ਲੱਗ ਪਿਆ। ਆਰੀਅਨ ਕਬੀਲਿਆਂ ਦਾ ਦਾਖਲਾ ਲਗਭਗ ਪੰਜ ਹਜ਼ਾਰ ਸਾਲ ਪੂਰਬ ਈਸਾ ਤੋਂ ਮਿਥਿਆ ਜਾਂਦਾ ਹੈ। ਨਵੀਂ ਖੋਜ ਨੇ ਇਥੇ ਪਹਿਲਾਂ ਹੜੱਪੀ ਸਭਿਅਤਾ ਦੀ ਸਨਾਖ਼ਤ ਕੀਤੀ ਹੈ। ਇਹ ਇਕ ਵਿਕਸਤ ਸ਼ਹਿਰੀ ਸਭਿਅਤਾ ਸੀ। ਇਥੋਂ ਮਿਲੀਆਂ ਵਸਤਾਂ ਤੋਂ ਉਸ ਸਮੇਂ ਦੇ ਵਸਨੀਕਾਂ ਦੇ ਪਦਾਰਥਕ ਪੱਧਰ ਉਤੇ ਵਿਕਸਤ ਹੋਣ ਦੇ ਸਬੂਤ ਤਾਂ ਮਿਲਦੇ ਹਨ ਪਰੰਤੂ ਉਹਨਾਂ ਦੇ ਜੀਵਨ ਵਿਹਾਰ ਦੇ ਵੇਰਵਿਆਂ ਨਾਲ ਸਬੰਧਿਤ ਕੋਈ ਦਸਤਾਵੇਜ਼ ਨਹੀਂ ਮਿਲਿਆ।

ਇਹਨਾਂ ਲੋਕਾਂ ਨਾਲ ਸਬੰਧਿਤ ਵੇਰਵੇ ਆਰੀਅਨਾਂ ਦੀਆਂ ਲਿਖਤਾਂ ਵਿਚੋਂ ਵੀ ਮਿਲਦੇ ਹਨ। ਉਹਨਾਂ ਨੇ ਉਹਨਾਂ ਨੂੰ ਦੈਂਤ, ਰਾਖ਼ਸ਼, ਅਸਭਿਅਕ, ਜੰਗਲੀ ਲੋਕ ਕਹਿ ਕੇ ਸੰਬੰਧਿਤ ਕੀਤਾ ਹੈ। ਇਸ ਲਈ ਸਾਡੇ ਕੋਲ ਜੋ ਵਿਚਾਰ ਅਧਾਰਿਤ ਸੰਕਲਪ ਹਨ, ਉਹਨਾਂ ਦਾ ਮੁੱਢਲਾ ਦਸਤਾਵੇਜ਼ 'ਰਿਗਵੇਦ' ਨੂੰ ਬਣਾਇਆ ਜਾਂਦਾ ਹੈ। ਉਸ ਨੂੰ ਭਾਰਤੀਆਂ ਵਲੋਂ ਸੰਸਾਰ ਦੀ ਪਹਿਲੀ ਸੰਗਠਤ ਟੈਕਸਟ ਸਮਝਿਆ ਜਾਂਦਾ ਹੈ। ਪਰੰਤੂ ਹੁਣ ਈਰਾਨ ਦੀ ਟੈਕਸਟ 'ਅਵੇਸਤਾ' ਦਾ ਵੀ ਜ਼ਿਕਰ ਹੈ। ਇਹ ਰਿਗਵੇਦ ਦੀ ਸਮਕਾਲੀ ਟੈਕਸਟ ਹੈ। ਰਿਗਵੇਦ ਭਾਰਤੀ ਚਿੰਤਨ ਪਰੰਪਰਾ ਦਾ ਮੁਢਲਾ ਭਾਸ਼ਾਈ ਦਸਤਾਵੇਜ਼ ਹੈ। ਚਿੰਤਨ ਸਮਾਜ ਦੀ ਵਿਕਸਤ ਚੇਤਨਾ ਵਿਚੋਂ ਆਪਣਾ ਆਕਾਰ ਗ੍ਰਹਿਣ ਕਰਦਾ ਹੈ। ਇਹ ਚੇਤਨਾ ਪ੍ਰਕਿਰਤੀ ਪ੍ਰਤੀ ਅਨੁਭਵਮੁਖਤਾ ਉਤੇ ਅਧਾਰਿਤ ਹੁੰਦੀ ਹੈ। ਰਿਗਵੇਦ ਪਹਿਲੇ ਸੂਕਤ ਦੀਆਂ ਰੀਚਾਵਾਂ ਤੋਂ ਲੈ ਕੇ ਅੰਤਲੇ ਸੂਕਤ ਤਕ ਨਿਰੰਤਰ ਚਿੰਤਨ ਵਿਕਾਸ ਦੀ ਗਾਥਾ ਹੈ। ਇਸ ਵਿਚ ਨਾਰੀ ਦਾ ਸੰਬੋਧਨੀ ਰੂਪ ਚਿੰਤਨ ਭਾਵੀਵਾਲ ਵਜੋਂ ਉਭਰਦਾ ਹੈ। ਹੌਲੀ ਹੌਲੀ ਇਹ ਨਾਰੀ ਬਿੰਬ ਉਪਨਿਸ਼ਦਾਂ, ਪੁਰਾਣਾ 'ਚੋਂ ਹੁੰਦਾ ਹੋਇਆ ਮਹਾਂਕਾਵਿ ਦੀ ਟੈਕਸਟ ਦੇ ਬਰਾਬਰ ਲੋਕ-ਕਥਾਵਾਂ ਵਿਚ ਚਲਦਾ ਹੋਇਆ ਇਤਿਹਾਸਕ ਵਿਅਕਤੀਆਂ ਤਕ ਪਹੁੰਚਦਾ ਹੈ। ਸਮਕਾਲ ਵਿਚ ਇਹ ਕਿਸੇ ਨਾ ਕਿਸੇ ਅੰਸ਼ ਵਿਚ ਸਮਕਾਲੀ ਸਾਹਿਤ ਵਿਚ ਰੂਪਾਂਤਰਤ ਹੁੰਦਾ ਹੈ। ਅਰਥਾਤ ਸਮਕਾਲ ਵਿਚ ਪੇਸ਼ ਹੋ ਰਹੇ ਬਿੰਬ ਦੀਆਂ ਜੜ੍ਹਾਂ ਸਦੀਆਂ ਦੀ ਮਨੁੱਖ ਦੁਆਰਾ ਸਿਰਜਤ ਟੈਕਸਟ ਵਿਚੋਂ ਤਲਾਸ਼ੀਆਂ ਜਾ ਸਕਦੀਆਂ ਹਨ। ਇਹਨਾਂ ਦੀ ਪਛਾਣ ਸਮੂਹ ਚੇਤਨਾ ਤੋਂ ਲੈ ਕੇ ਵਿਅਕਤੀਆਂ ਤਕ ਫੈਲੀ ਹੋਈ ਹੈ। ਇਸ ਸਮੂਹਿਕਤਾ ਵਿਚ ਵੀ ਵਿਅਕਤੀ ਵਿਸ਼ੇਸ਼ ਪ੍ਰਮੁੱਖ ਭੂਮਿਕਾ ਵਿਚ ਹੁੰਦਾ ਹੈ। ਵੇਦਾਂ ਦੀਆਂ ਰਿਚਾਵਾਂ ਰਿਸ਼ੀ ਸਮੂਹ ਦੀ ਪਰੰਪਰਾ ਵਿਚੋਂ ਟੈਕਸਟ ਦਾ ਹਿੱਸਾ ਬਣੀਆਂ ਹਨ। ਇਹਨਾਂ ਚਿੰਤਨੀ ਦਸਤਾਵੇਜ਼ਾਂ ਦੇ ਸਮਾਨੰਤਰ ਹੀ ਲੋਕ ਕਥਾਵਾਂ ਚਲਦੀਆਂ ਹਨ। ਇਹ ਪਰੰਪਰਾ ਆਧੁਨਿਕ ਯੁਗ ਵਿਚ ਵਿਅਕਤੀਆਂ ਰਾਹੀਂ ਗਤੀਸ਼ੀਲ ਹੁੰਦੀ ਹੈ।

ਮਨੁੱਖੀ ਇਤਿਹਾਸ ਵਿਚ ਪਰਿਵਾਰ ਦੀ ਇਕਾਈ ਦੇ ਹੋਂਦ ਵਿਚ ਆਉਣ ਨਾਲ ਔਰਤ ਇਸ ਇਕਾਈ ਦੇ ਕੇਂਦਰ ਵਿਚ ਆ ਜਾਂਦੀ ਹੈ। ਇਸ ਇਕਾਈ ਦੀਆਂ ਮਰਿਆਦਾਵਾਂ ਸਥਾਪਿਤ ਕਰਨ ਵਿਚ ਮਰਦ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਨਾਰੀ ਦੀ ਭੂਮਿਕਾ ਮਰਦ ਤੈਅ ਕਰਦਾ ਹੈ। ਮਰਦ ਨਾਰੀ ਦੀ ਵੱਖੋ ਵੱਖਰੀ ਭੂਮਿਕਾ ਤੈਅ ਕਰਦਾ ਹੈ। ਹਰ ਭੂਮਿਕਾ ਦੀਆਂ ਮਰਿਆਦਾਵਾਂ ਤੈਅ ਹੁੰਦੀਆਂ ਹਨ। ਇਸ ਮਰਿਆਦਾਈ ਪ੍ਰਬੰਧ ਉਤੇ ਸਮਾਜਕ ਢਾਂਚਾ ਖੜ੍ਹਾ ਹੁੰਦਾ ਹੈ। ਜਦੋਂ ਇਹ ਮਰਿਆਦਾਵਾਂ ਸਮਾਜਿਕ ਗਤੀ ਵਿਚ ਰੁਕਾਵਟ ਬਣਦੀਆਂ ਹਨ ਤਾਂ ਮਰਿਆਦਾਵਾਂ ਅਤੇ ਵਿਅਕਤੀ ਦਾ ਟਕਰਾਅ ਹੁੰਦਾ ਹੈ। ਇਸ ਟਕਰਾਅ ਵਿਚੋਂ ਸੰਘਰਸ਼ ਅਤੇ ਸੰਘਰਸ਼ ਵਿਚੋਂ ਨਵੇਂ ਪ੍ਰਬੰਧ ਲਈ ਰਾਹ ਪੱਧਰਾ ਹੁੰਦਾ ਹੈ। ਇਸ ਤਰ੍ਹਾਂ ਇਹ ਸੰਘਰਸ਼ ਵਿਚੋਂ ਨਾਰੀ ਦਾ ਇਕ ਗਤੀਸ਼ੀਲ ਬਿੰਬ ਸਾਹਮਣੇ ਆਉਂਦਾ ਹੈ। ਇਹ ਬਿੰਬ ਭਾਰੂ ਰੂਪ ਵਿਚ ਮਹਾਂਕਾਵਿ ਵਿਚੋਂ ਹੁੰਦਾ ਹੋਇਆ ਉਪਨਿਸ਼ਦ, ਪੁਰਾਣ, ਧਾਰਮਿਕ ਗ੍ਰੰਥ, ਲੋਕ-ਕਥਾ ਰਾਹੀਂ ਆਧੁਨਿਕ ਸਾਹਿਤ ਤਕ ਪਹੁੰਚਦਾ ਹੈ। ਆਧੁਨਿਕ ਸਾਹਿਤ ਵਿਚ ਪ੍ਰਵੇਸ਼ ਕਰਦੇ ਸਮੇਂ ਚਿੰਤਨ ਵਿਚ ਤਰਕਵਾਦ ਦੀ ਆਪਣੀ ਭੂਮਿਕਾ ਹੁੰਦੀ ਹੈ। ਪਰੰਤੂ ਸਿਰਜਣਕਾਰੀ ਵਿਚ ਬਿੰਬ ਦੀ ਸਿਰਜਣਾ ਪਿੱਛੇ ਅਵਚੇਤਨ ਇਕ ਮੂਲ ਤੱਤ ਹੁੰਦਾ ਹੈ। ਭਾਰਤ ਅਤੇ ਉਸ ਦੀਆਂ ਖੇਤਰੀ ਭਾਸ਼ਾਵਾਂ ਵਿਚਲੇ ਮੂਲ ਬਿੰਬ ਦਾ ਸਰੂਪ ਕਿਸੇ ਨਾ ਕਿਸੇ ਰੂਪ ਵਿਚ ਮਹਾਂ-ਕਾਵਿਕ ਪਰੰਪਰਾ ਵਿਚ ਮੌਜੂਦ ਹੈ। ਭਾਰਤ ਦਾ ਪਹਿਲਾ

ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ 'ਭਾਰਤ ਇਕ ਖੋਜ' ਪੁਸਤਕ ਵਿਚ ਨੋਟ ਕਰਦਾ ਹੈ ਕਿ ਜਿਸ ਸਮੇਂ ਉਹ ਭਾਰਤ ਵਿਚ ਅੰਗਰੇਜ਼ ਸਾਮਰਾਜ ਅਧੀਨ ਹੋਣ ਵਾਲੀਆਂ ਚੋਣਾਂ ਦੇ ਸਬੰਧ ਵਿਚ ਘੁੰਮ ਰਿਹਾ ਸੀ ਤਾਂ ਸਾਧਾਰਣ ਕਿਸਾਨ ਅਤੇ ਆਮ ਅਨਪੜ੍ਹ ਆਦਮੀ 'ਰਮਾਇਣ' ਅਤੇ 'ਮਹਾਭਾਰਤ' ਵਿਚੋਂ ਹਵਾਲੇ ਦੇ ਕੇ ਆਪਣੀ ਗੱਲ ਸਿੱਧ ਕਰਦੇ ਸਨ। ਅਰਥਾਤ ਇਹ ਮਹਾਂਕਾਵਿ ਲੋਕ ਕਥਾਵਾਂ ਦਾ ਰੂਪ ਧਾਰ ਚੁੱਕੇ ਸਨ। ਇਹਨਾਂ ਦੇ ਕਾਲ ਅਤੇ ਅੱਗੜ ਪਿੱਛੜ ਰਚੇ ਜਾਣ ਉਤੇ ਬਹਿਸ ਛੱਡ ਕੇ ਇਸ ਤੱਥ ਵੱਲ ਆਉਂਦੇ ਹਾਂ ਕਿ ਮਹਾਂਭਾਰਤ ਵਿਚਲੀਆਂ ਘਟਨਾਵਾਂ ਦਾ ਖੇਤਰ ਉੱਤਰੀ ਭਾਰਤ ਦੇ ਆਸ-ਪਾਸ ਫੈਲਿਆ ਹੋਇਆ ਹੈ, ਜਦੋਂਕਿ ਰਮਾਇਣ ਵਿਚਲੀਆਂ ਘਟਨਾਵਾਂ ਧੁਰ ਉੱਤਰ ਤੋਂ ਲੈ ਕੇ ਦੱਖਣ ਤਕ ਫੈਲੀਆਂ ਹੋਈਆਂ ਹਨ। ਇਹ ਪਤਾ ਨਹੀਂ ਫੈਲਾਅ ਤੋਂ ਸੁੰਗੜਨ ਵਲ ਵਧੀਆਂ ਹਨ ਜਾਂ ਉਲਟ ਵਾਪਰਿਆ ਹੈ। ਇਹਨਾਂ ਦੋਹਾਂ ਵਿਚ ਨਾਰੀ ਪਾਤਰਾਂ ਦੇ ਬਿੰਬ ਵਾਸਤਵਿਕ ਜੀਵਨ ਤੋਂ ਲੈ ਕੇ ਸਾਹਿਤਕ ਬਿੰਬ ਤਕ ਫੈਲੇ ਹੋਏ ਹਨ। ਇਹ ਨਾਰੀ ਪਾਤਰ ਆਦਰਸ਼ ਤੋਂ ਵਾਸਤਵਿਕਤਾ ਤਕ ਫੈਲਦੇ ਹਨ। 'ਰਮਾਇਣ' ਦੀਆਂ ਭਾਰਤ ਅਤੇ ਭਾਰਤ ਤੋਂ ਬਾਹਰ ਸੌ ਦੇ ਲਗਭਗ ਟੈਕਸਟਾਂ ਪ੍ਰਚੱਲਿਤ ਹਨ। ਇਸ ਦਾ ਖੇਤਰ ਚੰਦਰ ਗੁਪਤ ਮੋਰੀਆ ਦੇ ਸਮੇਂ ਜਿਥੇ ਭਾਰਤ ਦੀਆਂ ਵਪਾਰਕ ਬਸਤੀਆਂ ਸਨ, ਉਥੋਂ ਤਕ ਫੈਲਿਆ ਹੋਇਆ ਹੈ। ਇਸ ਤਰ੍ਹਾਂ ਇਸ ਟੈਕਸਟ ਦੇ ਮੁੱਖ ਪਾਤਰਾਂ ਦੇ ਵੀ ਕਈ ਰੂਪ ਪ੍ਰਚੱਲਿਤ ਹਨ। ਇਥੋਂ ਤਕ ਜਾਤਕ ਕਥਾਵਾਂ ਵਿਚ ਸਾਕਾਦਾਰੀ ਪ੍ਰਬੰਧ ਦੇ ਕਈ ਨਵੇਂ ਰੂਪ ਸਾਹਮਣੇ ਆਉਂਦੇ ਹਨ। ਭਗਵਾਨ ਬਾਲਮੀਕ ਅਤੇ ਤੁਲਸੀ ਦਾਸ ਦੀ ਰਮਾਇਣ ਵਿਚ ਆਦਰਸ਼ ਅਤੇ ਯਥਾਰਥ ਦਾ ਅੰਤਰ ਸਮਝਿਆ ਜਾ ਸਕਦਾ ਹੈ। ਇਸ ਟੈਕਸਟ ਵਿਚ ਸੀਤਾ ਦਾ ਬਿੰਬ ਭਾਰਤੀ ਨਾਰੀ ਲਈ ਆਦਰਸ਼ ਦੀ ਮੂਲ ਚੂਲ ਹੈ। ਇਸ ਟੈਕਸਟ ਦਾ ਹਰ ਪਾਤਰ ਆਦਰਸ਼ ਹੈ। ਇਸ ਵਿਚ ਸੀਤਾ ਦੇ ਬਿੰਬ ਦੀਆਂ ਜੜ੍ਹਾਂ ਇੰਨੀਆਂ ਗਹਿਰੀਆਂ ਹਨ ਕਿ ਉਹ 'ਧਰਤੀ ਪੁੱਤਰੀ' ਦੇ ਤੌਰ 'ਤੇ ਉਸ ਦਾ ਬਿੰਬ ਸਥਾਪਿਤ ਹੈ। ਆਧੁਨਿਕ ਯੁੱਗ ਵਿਚ ਉਸ ਬਿੰਬ ਦੀਆਂ ਕਈ ਪਰਤਾਂ-ਸਾਹਿਤ ਵਿਚੋਂ ਉਭਰਦੀਆਂ ਹਨ। ਪਰ ਜਦੋਂ ਨਾਰੀ ਦੇ ਆਦਰਸ਼ ਦੀ ਗੱਲ ਤੁਰਦੀ ਹੈ ਤਾਂ ਭਾਰੂ ਬਿੰਬ ਉਹੀ ਸਾਹਮਣੇ ਆਉਂਦਾ ਹੈ। ਵਰਤਮਾਨ ਯੁੱਗ ਵਿਚ ਜਦੋਂ ਨਾਰੀ ਆਪਣੀ ਹੋਂਦ ਸਬੰਧੀ ਸਵਾਲ ਖੜੇ ਕਰਦੀ ਹੈ ਤਾਂ 'ਅਗਨੀ ਪ੍ਰੀਖਿਆ' ਦਾ ਦ੍ਰਿਸ਼ਟਾਂਤ ਬਿੰਬ ਬਣ ਕੇ ਫੈਲਦਾ ਹੈ। ਇਸੇ ਤਰ੍ਹਾਂ ਮਰਦ ਦੇ ਫੈਸਲੇ ਦਾ ਤਰਕਹੀਣ ਬਿੰਬ ਮਹਾਂਕਾਵਿ ਦੇ ਹਵਾਲੇ ਨਾਲ 'ਅਹਿਲਿਆ' ਦੀ ਮੁਕਤੀ ਨਾਲ ਜੁੜਿਆ ਹੋਇਆ ਹੈ। ਇਸ ਕਥਾ ਦੇ ਹਵਾਲੇ ਪੌਰਾਣਿਕ ਕਥਾਵਾਂ ਵਿਚੋਂ ਆਪਣਾ ਆਕਾਰ ਗ੍ਰਹਿਣ ਕਰਦੇ ਹਨ। ਅਹਿਲਿਆ ਗੌਤਮ ਰਿਸ਼ੀ ਦੀ ਅਤਿ ਸੁੰਦਰ ਪਤਨੀ ਸੀ। ਇੰਦਰ ਉਸ ਨਾਲ ਆਪਣੀ ਤ੍ਰਿਪਤੀ ਲਈ ਗੌਤਮ ਰਿਸ਼ੀ ਦਾ ਰੂਪ ਧਾਰਨ ਕਰਕੇ ਸਰੀਰਕ ਸਬੰਧ ਸਥਾਪਿਤ ਕਰਦਾ ਹੈ। ਇਸ ਕਿਰਿਆ ਦੌਰਾਨ ਗੌਤਮ ਰਿਸ਼ੀ ਉਪਰੋਂ ਆ ਜਾਂਦਾ ਹੈ। ਉਹ ਇਸ ਅਣ-ਮਰਿਆਦਤ ਸਬੰਧ ਕਰਕੇ ਅਹਿਲਿਆ ਨੂੰ ਪੱਥਰ ਬਣਾ ਦਿੰਦਾ ਹੈ ਅਤੇ ਇੰਦਰ ਨੂੰ ਕੋਹੜੀ ਹੋਣ ਦਾ ਸਰਾਪ ਦਿੰਦਾ ਹੈ। ਅਹਿਲਿਆ ਦੀ ਮੁਕਤੀ ਰਾਮ ਦੇ ਛੂਹਣ ਨਾਲ ਹੁੰਦੀ ਹੈ। ਇਸ ਵਿਚ ਅਹਿਲਿਆ ਦਾ ਕੋਈ ਤਰਕ ਨਹੀਂ ਸੁਣਿਆ ਜਾਂਦਾ। ਇਸ ਸਾਜ਼ਿਸ਼ ਵਿਚ ਚੰਦਰਮਾ ਦੀ ਸ਼ਾਮਲ ਹੁੰਦਾ ਹੈ। ਇਸ ਮਿਥਕ ਬਿਰਤਾਂਤ ਦੀਆਂ ਪਰਤਾਂ ਸਦੀਆਂ ਤੋਂ ਭਾਰਤੀ ਮਹਾਂਦੀਪ ਵਿਚ ਔਰਤ ਦੇ ਬਿੰਬ ਦੀ ਸਿਰਜਨਕਾਰੀ ਵਿਚੋਂ ਮਿਲਦੀਆਂ ਹਨ। 'ਅਗਨੀ ਪ੍ਰੀਖਿਆ' ਅਤੇ ਔਰਤ ਦਾ ਸਾਜ਼ਿਸ਼ ਅਧੀਨ ਹੋਇਆ ਬਹੁ-ਪਰਤੀ ਸੋਸ਼ਣ ਔਰਤ

ਦੀ ਬਿੰਬਕਾਰੀ ਦੀ ਭਾਰੂ ਰੁੜੀ ਹੈ। ਇਸੇ ਮਹਾਂ-ਕਾਵਿ ਵਿਚ 'ਸਰੂਪਨਖਾਂ' ਦੀ ਸਥਿਤੀ ਦਾ ਬਿੰਬ ਇਹਨਾਂ ਤੋਂ ਹਟਵਾਂ ਆਰੀਅਨ ਦ੍ਰਿਸ਼ਟੀ ਤੋਂ ਪੇਸ਼ ਹੋਇਆ ਬਿੰਬ ਹੈ। ਉਹ ਲਕਸ਼ਮਣ ਪ੍ਰਤੀ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਦੀ ਹੈ, ਜਿਸ ਨੂੰ ਇਸ ਦੀ ਸਜ਼ਾ ਦਿੱਤੀ ਜਾਂਦੀ ਹੈ। ਮਰਦਾਂ ਦੀ ਆਪਣੀ ਹਉਮੈ ਦਾ ਸ਼ਿਕਾਰ ਔਰਤ ਹੁੰਦੀ ਹੈ। ਦੱਖਣ ਦੀ ਬਿੰਬ ਸਿਰਜਣਕਾਰੀ ਇਸ ਬਿੰਬ ਦੀ ਤਲਾਸ਼ ਕਰਨੀ ਖੋਜ ਦਾ ਬਾਇਸ ਹੈ। ਇਸ ਤਰ੍ਹਾਂ ਰਮਾਇਣ ਮਹਾਂਕਾਵਿ ਦੀਆਂ ਸਾਰੀਆਂ ਬਿੰਬ ਮਰਿਆਦਾਵਾਂ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਸੇ ਪਰਤ ਵਿਚ ਸੁਗਰੀਵ ਦੀ ਪਤਨੀ ਤਾਰਾ ਦਾ ਬਿੰਬ, ਸੱਤਾ ਪ੍ਰਾਪਤੀ ਨਾਲ ਜੁੜਿਆ ਔਰਤ ਦਾ ਬਿੰਬ ਉਭਰਦਾ ਹੈ। ਉਸ ਦੀ ਖੂਬਸੂਰਤੀ ਪਹਿਲਾਂ ਬਾਲੀ ਦੀ ਸ਼ਕਤੀ ਦਾ ਸ਼ਿਕਾਰ ਹੁੰਦੀ ਹੈ। ਫਿਰ ਸੁਗਰੀਵ ਉਸ ਨੂੰ ਪ੍ਰਾਪਤ ਕਰਨ ਲਈ ਆਪਣੇ ਭਰਾ ਦੀ ਹੱਤਿਆ ਕਰਦਾ ਹੈ। ਨਾਰੀ ਦੇ ਸ਼ੋਸ਼ਣ ਦਾ ਇਹ ਬਿੰਬ ਸਮਕਾਲੀ ਸਾਹਿਤ ਦੀ ਸਿਰਜਣਕਾਰੀ ਤਕ ਗਤੀਸ਼ੀਲ ਹੈ।

ਨਾਰੀ ਬਿੰਬ ਦਾ ਸਭ ਤੋਂ ਵਿਵਿਧ ਰੂਪ ਮਹਾਂਭਾਰਤ ਮਹਾਂ-ਕਾਵਿ ਵਿਚੋਂ ਉਭਰਦਾ ਹੈ। ਭਾਰਤ ਦੇ ਇਤਿਹਾਸ ਦਾ ਇਹ ਮਹੱਤਵਪੂਰਨ ਦੌਰ ਸੀ ਜਿਹੜਾ ਸਾਹਿਤ ਵਿਚ ਨਾਰੀ ਦੇ ਬਿੰਬ ਦੀ ਸਿਰਜਣਕਾਰੀ ਵਿਚ ਕਬੀਲਾ ਸਮਾਜ ਤੋਂ ਲੈ ਕੇ ਸਟੇਟ ਦੀ ਸਿਰਜਣਾ ਦੇ ਇਕ ਪੂਰੇ ਪੜਾਅ ਨੂੰ ਬਿੰਬਤ ਕਰਦਾ ਹੈ। ਇਹ ਪੂਰੇ ਇਕ ਯੁਗ ਦੇ ਮੁੱਲਾਂ ਦੀ ਗਾਥਾ ਹੈ। ਰਮਾਇਣ ਜਿਸ ਨੂੰ ਭਾਰਤੀ ਕਾਲ ਵਿਚ ਤ੍ਰੇਤਾ ਕਾਲ ਅਰਥਾਤ ਇਕ ਯੁੱਗ ਦੇ ਮੁੱਲਾਂ ਦਾ ਪ੍ਰਮਾਣਿਕ ਦਸਤਾਵੇਜ਼ ਸਮਝਿਆ ਜਾਂਦਾ ਹੈ ਅਤੇ ਫਿਰ ਅਗਲਾ ਯੁੱਗ ਜਿਸ ਨੂੰ ਭਾਰਤੀ ਮਿਥਹਾਸ ਦੀ ਕਾਲ ਵੰਡ ਅਨੁਸਾਰ ਅਗਲਾ ਯੁੱਗ ਅਰਥਾਤ 'ਦੁਆਪਰ' ਯੁਗ ਦੇ ਦਸਤਾਵੇਜ਼ੀ ਜੀਵਨ ਮੁੱਲਾਂ ਦੇ ਪ੍ਰਮਾਣ ਦੇ ਤੌਰ ਤੇ ਮਹਾਂਭਾਰਤ 'ਮਹਾਂ-ਕਾਵਿ' ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਸ ਦੇ 'ਇਕ ਕਾਂਡ ਨੂੰ ਸੰਪੂਰਨ ਪੁਰਾਣ, ਭਗਵਤ ਪੁਰਾਣ, ਭਾਰਤੀ ਦਰਸ਼ਨ ਦੀ ਮੂਲ ਚੂਲ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਇਸ ਮਹਾਂ-ਕਾਵਿ ਵਿਚਲੀਆਂ ਨਾਰੀਆਂ ਦਾ ਕੋਲਾਜ਼ ਭਾਰਤੀ ਨਾਰੀ ਬਿੰਬ ਅਤੇ ਬਿਰਤਾਂਤ ਦਾ ਮੂਲ ਸਰੋਤ ਹੈ। ਮਹਾਂਭਾਰਤ ਇਕ ਅਜਿਹੀ ਟੈਕਸਟ ਹੈ, ਜਿਸ ਵਿਚਲੀ ਜੀਵਨ ਜਾਚ ਦਾ ਬਹੁਤਾ ਪ੍ਰਭਾਵ ਉੱਤਰੀ ਭਾਰਤ ਵਿਚ ਰਿਹਾ ਪਰੰਤੂ ਉਸ ਦਾ ਦਾਰਸ਼ਨਿਕ ਆਧਾਰ ਸਮੁੱਚੇ ਭਾਰਤ ਵਿਚ ਫੈਲਿਆ। ਇਹ ਦੌਰ ਮਰਿਆਦਾਵਾਂ ਦੇ ਟੁੱਟਣ ਦਾ ਦੌਰ ਸੀ। ਇਸ ਮਹਾਂ-ਕਾਵਿ ਦੀਆਂ ਨਾਰੀ ਪਾਤਰ ਇਕ ਗਤੀਸ਼ੀਲ ਬਿੰਬ ਦੀ ਸਿਰਜਣਕਾਰੀ ਦਾ ਆਧਾਰ ਰਹੀਆਂ ਹਨ। ਇਹ ਬਿੰਬ ਸੰਤਾਨ ਅੱਗੇ ਤੋਰਨ ਦੇ ਬਾਇਸ ਤੋਂ ਲੈ ਕੇ ਨਾਰੀ ਦੇ ਨਿੱਜੀ ਜਾਇਦਾਦ ਹੋਣ ਤਕ ਫੈਲਿਆ ਹੋਇਆ ਹੈ। ਭਾਰਤੀ ਸਮਾਜਿਕ ਪਰੰਪਰਾ ਵਿਚ ਇਹ ਦੌਰ ਆਰੀਆ ਦੀ ਸਥਾਪਤੀ ਤੋਂ ਲੈ ਕੇ ਇਥੋਂ ਦੇ ਆਦਿ ਕਬੀਲਿਆਂ ਨਾਲ ਮੇਲ-ਮਿਲਾਪ ਤਕ ਫੈਲਿਆ ਹੋਇਆ ਹੈ। ਉਹ ਸਮੁੱਚੀ ਟੈਕਸਟ ਭਾਰਤੀ ਸਮਾਜ ਦੀ ਵਿਭਿੰਨਤਾ ਨੂੰ ਪੇਸ਼ ਕਰਦੀ ਹੈ। ਇਸ ਵਿਚ ਇਕ ਪਰਤ ਮਰਦ ਦੇ ਅੰਸ਼ ਦੀ ਥਾਂ ਉਸ ਦੀ ਪਰੰਪਰਾ ਨੂੰ ਅੱਗੇ ਤੋਰਨ ਦੀ ਪਹਿਲ ਸੀ। ਜਿਸ ਰਾਜਾ ਜਾਂ ਕਬੀਲੇ ਦੇ ਸਰਦਾਰ ਦਾ ਮਰਦ ਮੁਖੀ ਮਰ ਜਾਂਦਾ ਜਾਂ ਔਲਾਦ ਪੈਦਾ ਕਰਨ ਤੋਂ ਅਸਮਰੱਥ ਹੁੰਦਾ ਸੀ, ਉਸ ਦੀ ਪਤਨੀ ਨੂੰ ਪਤੀ ਤੋਂ ਬਾਹਰਲੇ ਮਰਦ ਤੋਂ ਔਲਾਦ ਪੈਦਾ ਕਰਨ ਦੀ ਖੁੱਲ੍ਹ ਸੀ। ਕੁਰੂ ਵੰਸ਼ ਇਸੇ ਵਿਧੀ ਰਾਹੀਂ ਅੱਗੇ ਤੁਰਦਾ ਹੈ। ਜਦੋਂ ਪਰਿਵਾਰ ਵਿਚ ਪਰਿਵਾਰਕ ਪੀੜ੍ਹੀ ਵਿਚੋਂ ਮਰਦ ਦੀ ਅਣਹੋਂਦ ਹੁੰਦੀ ਹੈ ਤਾਂ ਔਰਤਾਂ ਗਰਭ ਧਾਰਨ ਲਈ ਪਰਾਏ ਮਰਦਾਂ ਖ਼ਾਸ ਕਰ ਰਿਸ਼ੀਆਂ ਉਤੇ ਨਿਰਭਰ ਕਰਦੀਆਂ ਹਨ। ਧਰਿਤਰਾਸ਼ਟਰ, ਪਾਂਡਵ ਅਤੇ ਮਹਾਂਮੰਤਰੀ ਬਿਦਰ

ਦਾ ਜਨਮ ਇਸੇ ਮੇਲ 'ਚੋਂ ਹੁੰਦਾ ਹੈ। ਅੱਗੇ ਚਲ ਕੇ ਪਾਂਡੂ ਪਤਨੀ ਕੁੰਤੀ ਅਤੇ ਮਾਧੁਰੀ ਇਸੇ ਵਿਧੀ ਵਿਚੋਂ ਪੰਜ ਪੁੱਤਰਾਂ ਦੀਆਂ ਮਾਵਾਂ ਬਣਦੀਆਂ ਹਨ ਕਿਉਂਕਿ ਪਾਂਡੂ ਔਲਾਦ ਪੈਦਾ ਕਰਨ ਦੇ ਸਮਰੱਥ ਨਹੀਂ ਸੀ। ਉਸ ਸਮਾਜ ਵਿਚ ਇਹ ਸ਼ਾਸਤਰਾਂ ਅਨੁਸਾਰ ਪ੍ਰਵਾਨਤ ਸੀ। ਇਸ ਦਾ ਇਕ ਵੱਖਰਾ ਰੂਪ ਦਰੋਪਦੀ ਦੇ ਪਾਤਰ ਦੇ ਰੂਪ ਵਿਚ ਹੈ। ਦਰੋਪਤੀ ਪੰਜ ਪਾਡਵਾਂ ਦੀ ਸਾਂਝੀ ਪਤਨੀ ਸੀ। ਇਹ ਰਾਜ-ਭਾਗ ਦੇ ਹਿੱਸੇ ਵਜੋਂ ਸੀ। ਉਂਝ ਪੰਜੇ ਭਰਾਵਾਂ ਦੀਆਂ ਆਪਣੀਆਂ ਪਤਨੀਆਂ ਹਨ। ਅਰਜਨ ਨੇ ਤਾਂ ਕਈ ਕਬੀਲਿਆਂ ਵਿਚ ਵਿਆਹ ਕੀਤੇ ਹੋਏ ਸਨ ਅਤੇ ਭੀਮ ਵੀ ਇਕ ਅਣਆਰੀਅਨ ਕਬੀਲੇ ਦੀ ਔਰਤ ਹਡੰਬਾ ਨਾਲ ਵਿਆਹਿਆ ਹੋਇਆ ਸੀ। ਇਹ ਬਹੁ-ਪਤੀਵਾਦ ਦੀ ਪਰੰਪਰਾ, ਵਿਹਾਰਕ ਰੂਪ ਵਿਚ ਭਾਰਤੀ ਕਿਸਾਨੀ ਅਤੇ ਖੇਤ-ਮਜ਼ਦੂਰਾਂ ਵਿਚ ਅਣਐਲਾਨੇ ਰੂਪ ਵਿਚ ਪ੍ਰਚੱਲਿਤ ਹੈ। ਦਰੋਪਦੀ ਦਾ ਇਕ ਹੋਰ ਰੂਪ ਨਿਰੋਲ ਜਾਇਦਾਦ ਦੇ ਰੂਪ ਵਿਚ ਭਾਰਤੀ ਸਮਾਜ ਅਤੇ ਸਾਹਿਤ ਦੀ ਸਿਰਜਣਕਾਰੀ ਵਿਚ ਪ੍ਰਚੱਲਿਤ ਹੈ। ਪਾਂਡਵ ਦਰੋਪਦੀ ਨੂੰ ਜੂਏ ਵਿਚ ਦਾਅ ਉਤੇ ਲਾ ਦਿੰਦੇ ਹਨ। ਇਸ ਦਾ ਅਰਥ ਰਾਜਾ ਜਾਂ ਕਬੀਲੇ ਦੇ ਆਗੂ ਦਾ ਪਤਨੀ ਨੂੰ ਜਾਇਦਾਦ ਦੇ ਰੂਪ ਵਿਚ ਵੇਚ ਦੇਣ, ਗਹਿਣੇ ਧਰ ਦੇਣ ਦਾ ਅਧਿਕਾਰ ਸੀ। ਇਹ ਬਿੰਬਕਾਰੀ ਮਿਥਿਹਾਸ ਤੋਂ ਲੈ ਕੇ ਆਧੁਨਿਕ ਸਾਹਿਤ ਤਕ ਫੈਲੀ ਹੋਈ ਹੈ। ਕੁੰਤੀ ਅਤੇ ਦਰੋਪਦੀ ਦੇ ਬਿੰਬ ਦੀਆਂ ਕਈ ਪਰਤਾਂ ਸਾਡੇ ਸਾਹਿਤ ਅਤੇ ਕਲਾ ਦਾ ਮੂਲ ਸਰੋਤ ਬਣੀਆਂ ਹੋਈਆਂ ਹਨ। ਮਹਾਂਭਾਰਤ ਦਾ ਸਭ ਤੋਂ ਸ਼ਕਤੀਸ਼ਾਲੀ ਪਾਤਰ ਕ੍ਰਿਸ਼ਨ ਹੈ। ਮਹਾਂਭਾਰਤ ਦੇ ਕਥਾਕਾਰੀ ਬਿਰਤਾਂਤ ਅਨੁਸਾਰ ਕ੍ਰਿਸ਼ਨ ਭਾਰਤ ਦੇ ਮੂਲ ਨਿਵਾਸੀਆਂ ਦਾ ਪ੍ਰਤਿਨਿਧ ਪਾਤਰ ਹੈ, ਜਿਹੜਾ ਆਰੀਅਨ ਕੁਰੂ ਪਰਿਵਾਰ ਨਾਲ ਸਾਕਾਦਾਰੀ ਵਿਚ ਬੱਝਾ ਹੋਇਆ ਸੀ। ਕੁੰਤੀ ਉਸ ਦੀ ਭੂਆ ਹੈ ਅਤੇ ਸੁਭੱਦਰਾ (ਅਰਜਨ ਦੀ ਪਤਨੀ) ਉਸ ਦੀ ਭੈਣ ਹੈ। ਉਂਝ ਵੀ ਉਹ ਭਾਰਤੀ ਕਬੀਲਿਆਂ ਦੀ ਏਕਤਾ ਦਾ ਸੂਤਰ ਹੈ। ਉਸ ਦਾ ਬਿੰਬ ਲੰਮੇ ਅੰਤਰਾਲ ਉਤੇ ਫੈਲਿਆ ਹੋਇਆ ਅਤੇ ਟੋਟਿਆਂ ਵਿਚ ਹੈ। ਰਿਗ ਵੇਦ ਸਮੇਂ ਉਹ ਕਾਲੀਆ ਰਾਖ਼ਸ ਹੈ, ਜਿਹੜਾ ਪਾਣੀ ਰੋਕੀ ਬੈਠਾ ਹੈ ਅਤੇ ਇੰਦਰ ਉਸ ਤੋਂ ਜਲਧਾਰਾ ਨੂੰ ਮੁਕਤ ਕਰਾਉਂਦਾ ਹੈ। ਮਹਾਂਭਾਰਤ ਦੇ ਕਾਂਡ ਵਿਚ ਉਹ ਪਾਂਡੂਆਂ ਵਲੋਂ ਯੁਧਨੀਤਕ ਅਤੇ ਗੀਤਾ ਦਾ ਸੰਦੇਸ਼ ਵਾਹਕ ਅਤੇ ਲੇਖਕ ਹੈ। ਇਹੀ ਟੈਕਸਟ ਭਾਰਤ ਦੇ ਦਰਸ਼ਨ ਦਾ ਮੂਲ ਹੈ। ਜੈ ਦੇਵ ਉਸ ਦਾ ਗੀਤ 'ਗੋਬਿੰਦ' ਵਿਚ ਪ੍ਰੇਮੀ ਵਾਲਾ ਬਿੰਬ ਉਸਾਰਦਾ ਹੈ ਜਿਹੜਾ ਭਾਰਤ ਦੀਆਂ ਕਲਾ ਕਿਰਤਾਂ, ਗੀਤਕਾਰੀ ਅਤੇ ਇਥੋਂ ਤਕ ਰੋਮਾਂਟਿਕ ਕਾਵਿ ਦਾ ਕੇਂਦਰ ਬਣ ਜਾਂਦਾ ਹੈ। ਇਸੇ ਟੈਕਸਟ ਵਿਚ ਰਾਧਾ ਦਾ ਬਿੰਬ ਸਾਹਮਣੇ ਆਉਂਦਾ ਹੈ। ਇਹ ਮਹਾਂਕਾਵਿ ਦੀ ਸੰਪੂਰਨ ਟੈਕਸਟ ਉਦੋਂ ਬਣਦੀ ਹੈ ਜਦੋਂ ਰਸਖਾਨ ਅਤੇ ਸੂਰਦਾਸ ਕ੍ਰਿਸ਼ਨ ਦਾ ਬਚਪਨ ਚਿਤਰ ਦਿੰਦੇ ਹਨ। ਇਸ ਦੇ ਕੇਂਦਰ ਵਿਚ ਰਾਧਾ ਪ੍ਰਮੁੱਖ ਪਾਤਰ ਹੈ ਜਿਹੜੀ ਅਧਿਆਤਮਕ ਦਰਜਾ ਪ੍ਰਾਪਤ ਕਰਕੇ ਕ੍ਰਿਸ਼ਨ ਨਾਲ ਜੁੜ ਕੇ ਪ੍ਰੀਤ ਕਥਾਵਾਂ ਦਾ ਕੇਂਦਰੀ ਬਿੰਬ ਬਣ ਗਈ। ਜਿਸ ਦੀਆਂ ਪਰਤਾਂ ਦੇ ਪਾਸਾਰ ਭਾਰਤੀ ਪ੍ਰੇਮ ਕਥਾਵਾਂ ਵਿਚ ਸਮਾ ਗਏ। ਇਥੋਂ ਤਕ ਭਾਰਤੀ ਭਗਤੀ ਕਾਲ ਵਿਚ 'ਮੀਰਾ' ਦਾ ਬਿੰਬ ਇਸ ਦੇ ਨਵੇਂ ਪਾਸਾਰ ਦਾ ਪ੍ਰਤੀਕ ਬਣ ਗਿਆ। ਰਾਧਾ ਦਾ ਪਾਤਰ ਦੁਨਿਆਵੀ ਪਿਆਰ ਤੋਂ ਲੈ ਕੇ ਅਧਿਆਤਮਕਤਾ ਦਾ ਸਫ਼ਰ ਤੈਅ ਕਰਦਾ ਹੈ, ਜਿਹੜਾ ਅੱਗੇ ਚਲ ਕੇ ਗੰਗਾ, ਜਮਨਾ ਸਾਂਸਕ੍ਰਿਤੀ ਤੋਂ ਦਜ਼ਲਾ ਫਰਾਤ ਤਹਿਜ਼ੀਬ ਤਕ ਫੈਲ ਗਿਆ, ਜਿਸ ਦਾ ਪ੍ਰਗਟਾਵਾ ਮੱਧਕਾਲੀ ਕਿੱਸਿਆਂ ਦੀਆਂ ਪ੍ਰੀਤ ਕਥਾਵਾਂ ਵਿੱਚ ਮਿਲਦਾ ਹੈ ਜਿਹੜਾ ਆਧੁਨਿਕ ਸਿਰਜਣਕਾਰੀ ਤਕ ਬਾਦਸਤੂਰ ਜਾਰੀ ਹੈ। ਮਹਾਂਭਾਰਤ

ਮਹਾਂ-ਕਾਵਿ ਦਾ ਵੱਖਰੀ ਸ਼ੇਡ ਵਾਲਾ ਪਾਤਰ ਗੰਧਾਰੀ ਹੈ। ਇਹ ਇਲਾਕਾ ਵਰਤਮਾਨ ਵਿਚ ਅਫ਼ਗਾਨਿਸਤਾਨ ਵਿਚ ਹੈ, ਪਰੰਤੂ ਪਹਿਲਾਂ ਵੀ ਇਹ ਖੇਤਰ ਆਰੀਅਨਾ ਕਰਕੇ ਜਾਣਿਆ ਜਾਂਦਾ ਸੀ। ਇਹ ਭਾਰਤੀ ਮਹਾਂਦੀਪ ਦੀ ਇਕ ਸਭਿਆਚਾਰਕ ਇਕਾਈ ਸੀ। ਉਹ ਧ੍ਰਿਤਰਾਸ਼ਟਰ ਦੀ ਰਾਣੀ ਬਣਦੀ ਹੈ। ਇਸ ਟੈਕਸਟ ਅਨੁਸਾਰ ਉਸ ਨੂੰ ਜਦੋਂ ਪਤਾ ਲਗਦਾ ਹੈ ਕਿ ਉਸ ਦਾ ਪਤੀ ਜਨਮ ਤੋਂ ਅੰਨ੍ਹਾ ਹੈ ਤਾਂ ਉਹ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹ ਲੈਂਦੀ ਹੈ। ਪੂਰੀ ਕਥਾ ਵਿਚ ਉਹ ਮਹਾਂਭਾਰਤ ਦੇ ਯੁੱਧ ਵਿਚ ਭੀਮ ਅਤੇ ਦੁਰਯੋਧਨ ਦੇ ਯੁੱਧ ਸਮੇਂ ਉਸ ਦੇ ਸਰੀਰ ਨੂੰ ਬੱਜਰ ਬਣਾਉਣ ਲਈ ਪੱਟੀ ਲਾਹੁੰਦੀ ਹੈ। ਇਹ ਭਗਤੀ ਵਿਚ ਰੰਗੀ ਔਰਤ ਦੇ ਵਿਦਰੋਹ ਦਾ ਪ੍ਰਤੀਕ ਹੈ ਜਿਸ ਸਮਾਜ ਨੇ ਉਸ ਨੂੰ ਰਾਜਾ ਹੋਣ ਕਰਕੇ ਧ੍ਰਿਤਰਾਸ਼ਟਰ ਨਾਲ ਨਰੜ ਦਿੱਤਾ। ਉਹ ਉਸ ਸਮਾਜ ਅਤੇ ਪਤੀ ਨੂੰ ਦੇਖਣ ਤੋਂ ਹੀ ਇਨਕਾਰ ਕਰ ਦਿੰਦੀ ਹੈ। ਇਸ ਵਿਦਰੋਹ ਦੀਆਂ ਸੁਰਾਂ ਸਮਕਾਲੀ ਸਾਹਿਤ ਸਿਰਜਣਕਾਰੀ ਤਕ ਫੈਲੀਆਂ ਹੋਈਆਂ ਹਨ।, ਜਿਸ ਵਿਚ ਦੇਹ ਦਾ ਸਮਰਪਣ ਹੈ ਪਰੰਤੂ ਭਾਵਨਾਵਾਂ ਦੀ ਸਾਂਝ ਨਹੀਂ। ਇਹ ਬਿੰਬ ਕਿੱਸਿਆਂ ਵਿਚੋਂ ਵੀ ਉਭਰਦਾ ਹੈ ਅਤੇ ਪਵਿੱਤਰ ਪਿਆਰ ਨੂੰ ਦੇਹ ਸਪਰਸ਼ ਤੋਂ ਮੁਕਤ ਕਰ ਲੈਂਦਾ ਹੈ।

ਮਹਾਂ-ਕਾਵਿ ਤੋਂ ਬਿਨਾਂ ਉਪਨਿਸ਼ਦਾਂ ਦੇ ਦਰਸ਼ਨ ਨੂੰ ਸੰਚਾਰਤ ਕਰਨ ਵਾਲੀਆਂ ਕਹਾਣੀਆਂ ਵਿਚ ਔਰਤ ਦਾ ਬਿੰਬ ਸਾਡੀਆਂ ਕਥਾਵਾਂ ਵਿਚ ਫੈਲਿਆ ਹੋਇਆ ਜਿਹੜਾ ਅੱਗੇ ਚਲ ਕੇ ਪੁਰਾਣਾ ਵਿਚ ਦੇਵਤਿਆਂ ਦੀਆਂ ਪਤਨੀਆਂ ਦੇ ਰੂਪ ਰਾਹੀਂ ਸੰਚਾਰਿਤ ਹੁੰਦਾ ਹੈ। ਜਿਸ ਵਿਚ ਸਭ ਤੋਂ ਵੱਧ ਕਥਾਵਾਂ ਪਾਰਵਤੀ ਨਾਲ ਜੁੜੀਆਂ ਹੋਈਆਂ ਹਨ। ਭਾਰਤੀ ਮਿਥਿਹਾਸ ਅਧਾਰਿਤ ਪੂਜਾ ਪੱਧਤੀ ਵਿਚ ਸਭ ਤੋਂ ਵੱਧ ਜ਼ਿਕਰ ਸ਼ਿਵ ਨਾਲ ਮਿਲ ਕੇ ਪਾਰਵਤੀ ਦਾ ਆਉਂਦਾ ਹੈ। ਭਾਰਤੀ ਦੇਵਤਿਆਂ ਦੀ ਪਰੰਪਰਾ ਵਿਚ ਦੇਵਤਿਆਂ ਅਤੇ ਉਹਨਾਂ ਦੀਆਂ ਪਤਨੀਆਂ ਦਾ ਜ਼ਿਕਰ ਜ਼ਿਆਦਾ ਹੈ। ਜਿਹੜੀਆਂ ਸ਼ਕਤੀਆਂ ਦਾ ਮਾਨਵੀਕਰਨ 'ਰਿਗ ਵੇਦ' ਵਿਚ ਹੋਇਆ ਉਹ ਪੁਰਾਣਾਂ ਤਕ ਪਹੁੰਚਦੇ ਪਹੁੰਚਦੇ ਦੇਵੀ/ਦੇਵਤਿਆਂ ਵਿਚ ਪਰਿਵਰਤਤ ਹੋ ਗਏ। ਇਹ ਬਿੰਬਕਾਰੀ ਭਾਰਤੀ ਸਮਾਜ ਵਿਚ ਪੂਜਾ ਪੱਧਰੀ ਦਾ ਹਿੱਸਾ ਬਣ ਗਈ ਅਤੇ ਵੱਖ ਵੱਖ ਦੇਵੀਆਂ ਦੇ ਰੂਪ ਵਿਚ ਪ੍ਰਚੱਲਿਤ ਹੋ ਗਈਆਂ। ਇਸ ਦਾ ਅਸਰ ਅਜੇ ਤਕ ਨੋਟ ਕੀਤਾ ਜਾ ਸਕਦਾ ਹੈ। ਇਸ ਸਮੇਂ ਤਕ ਨਾਰੀ ਦਾ ਬਿੰਬ ਸਾਡੇ ਸਾਹਿਤ ਵਿਚ ਸ਼ਰਧਾ ਅਤੇ ਵਾਸਤਵਿਕਤਾ ਦੇ ਆਸ-ਪਾਸ ਫੈਲਿਆ ਹੋਇਆ ਸੀ। ਇਸ ਤੋਂ ਬਾਅਦ ਸਿਮਰਤੀਆਂ ਵਿਚ ਔਰਤ ਦੀ ਮਾੜੀ ਸਥਿਤੀ ਨੂੰ ਧਾਰਮਿਕਤਾ ਨਾਲ ਜੋੜ ਕੇ ਔਰਤ ਦੇ ਸ਼ੋਸ਼ਨ ਲਈ ਰਾਹ ਪੱਧਰਾ ਹੀ ਨਹੀਂ ਕੀਤਾ, ਸਗੋਂ ਉਸ ਨੂੰ ਸਮਾਜਿਕ ਜੀਵਨ ਜਾਚ ਦਾ ਹਿੱਸਾ ਬਣਾ ਦਿੱਤਾ ਗਿਆ।

ਇਹ ਸਮਾਂ ਭਾਰਤੀ ਔਰਤ ਲਈ ਮੁਸ਼ਕਲ ਦੌਰ ਸੀ। ਬੁੱਧ ਧਰਮ ਦੇ ਉਥਾਨ ਸਮੇਂ ਹਿੰਦੂ ਧਰਮ ਰਖਿਆਤਮਕ ਮਾਨਸਿਕਤਾ ਅਧੀਨ ਹਮਲਾਵਰ ਰੁੱਖ ਧਾਰਨ ਕਰ ਗਿਆ। ਇਹ ਸਮਾਂ ਗਣਾਂ ਦੇ ਖ਼ਾਤਮੇ ਅਤੇ ਸਾਮਰਾਜ ਦੇ ਬਣਨ ਦਾ ਦੌਰ ਸੀ। ਸਿਮਰਤੀਆਂ ਦਾ ਇਹੀ ਦੌਰ ਸੀ। ਹਿੰਦੂ ਧਰਮ ਵਿਚ ਜਾਤੀਵਾਦ ਜੋਰਾਂ ਉਤੇ ਸੀ। ਔਰਤ ਦੀ ਸਥਿਤੀ ਆਪਣੇ ਨਿਘਾਰ ਵਲ ਸੀ। ਭਾਰਤ ਵਿਚ ਨਾਰੀ, ਪਸ਼ੂ ਅਤੇ ਸ਼ੂਦਰ ਨੂੰ ਇਕ ਸਮਾਨ ਸਮਝਿਆ ਜਾਂਦਾ ਸੀ। ਨਾਥ ਜੋਗੀ ਔਰਤ ਨੂੰ ਭੰਡਦੇ ਫਿਰ ਰਹੇ ਸਨ। ਉਸ ਨੂੰ ਮੁਕਤੀ ਦੇ ਮਾਰਗ ਦਾ ਸਭ ਤੋਂ ਵੱਡਾ ਰੋੜਾ ਸਮਝਿਆ ਜਾ ਰਿਹਾ ਸੀ। ਇਸਲਾਮ ਭਾਰਤ ਵਿਚ ਬਹੁਤ ਪਹਿਲਾਂ ਸੱਤਵੀਂ ਸਦੀ ਵਿਚ ਆ ਗਿਆ ਸੀ। 629 ਈਸਵੀ ਵਿਚ ਪਹਿਲੀ ਮਸਜਿਦ ਬਣ ਗਈ ਸੀ। ਪਹਿਲਾਂ ਇਹ ਦਾਖ਼ਲਾ ਸਮੁੰਦਰ ਦੇ

ਰਸਤੇ ਹੋਇਆ। ਮਲਿਕ-ਬਿਨ-ਦੀਨਾਰ ਪਹਿਲਾ ਵਿਅਕਤੀ ਸੀ। ਉਸ ਤੋਂ ਬਾਅਦ ਜ਼ਮੀਨ ਦੇ ਰਸਤੇ ਹਮਲੇ ਸ਼ੁਰੂ ਹੋਏ ਅਤੇ ਸਦੀਆਂ ਦੇ ਹਮਲਿਆਂ ਤੋਂ ਬਾਅਦ ਸ਼ਕਤੀਸ਼ਾਲੀ ਮੁਗਲ ਸਾਮਰਾਜ ਹੋਂਦ ਵਿਚ ਆਇਆ। ਇਸ ਸਮੇਂ ਨਾਰੀ ਦੀ ਸਥਿਤੀ ਨਿਘਰ ਗਈ। ਉਹ ਪਰਦੇ ਵਿਚ ਕੱਜ ਦਿੱਤੀ ਗਈ। ਸਿੰਥੀਅਨ ਵਲੋਂ ਆਈ ਸਤੀ ਪ੍ਰਥਾ ਚਲ ਪਈ। ਇਹ ਸਿਲਸਿਲਾ ਰਾਜ ਪਰਿਵਾਰਾਂ ਤੋਂ ਲੈ ਕੇ ਆਮ ਜਨਤਾ ਤਕ ਫੈਲ ਗਿਆ। ਇਹ ਇਕ ਵਰਗ ਵਿਚ ਸਮਾਜਿਕ ਰੀਤੀ ਬਣ ਗਈ। ਨਾਰੀ ਸਾਹਿਤ ਸਿਰਜਣਕਾਰੀ ਸਿਰਫ਼ ਕਿੱਸਿਆਂ ਵਿਚਲੀ ਨਾਰੀ ਪੂਰੀ ਤਰ੍ਹਾਂ ਨਾਇਕ ਨੂੰ ਸਮਰਪਿਤ ਪ੍ਰੇਮਿਕਾ ਦੇ ਰੂਪ ਵਿਚ ਜਾਂ ਫਿਰ ਆਤਮਾ ਪ੍ਰਮਾਤਮਾ ਦੇ ਮੇਲ ਦਾ ਚਿਹਨ ਬਣ ਕੇ ਰਹਿ ਗਈ। ਨਾਰੀ ਬਿੰਬ ਸਾਹਿਤ ਵਿਚ ਚਿੰਤਨ ਦੇ ਰਾਹੀਂ ਗਤੀਸ਼ੀਲ ਹੋਣ ਲੱਗ ਪਿਆ। ਇਸ ਸਮੇਂ ਭਗਤੀ ਲਹਿਰ ਵਿਚ ਕਿਤੇ ਕਿਤੇ ਉਹਨੂੰ ਵਡਿਆਇਆ ਤਾਂ ਗਿਆ, ਪਰੰਤੂ ਉਹ ਭਗਤੀ ਦੇ ਬਿੰਬ ਤੋਂ ਭਾਰੂ ਰੂਪ ਵਿਚ ਛੁਟਕਾਰਾ ਨਹੀਂ ਪਾ ਸਕੀ।

ਬਸਤੀਵਾਦ ਦੇ ਦੌਰ ਵਿਚ ਬਸਤੀਕਾਰ ਸਨਅਤੀ ਦੌਰ 'ਚੋਂ ਪੈਦਾ ਹੋਈ ਵਿਅਕਤੀ ਅਧਾਰਿਤ ਚੇਤਨਾ ਨਾਲ ਜੁੜੇ ਜ਼ਰੂਰ ਹੋਏ ਸਨ ਪਰੰਤੂ ਔਰਤ ਨੂੰ ਉਹਨਾਂ ਦੇ ਸਮਾਜ ਵਿਚ ਬਰਾਬਰ ਦਾ ਦਰਜਾ ਪ੍ਰਾਪਤ ਕਰਨ ਲਈ ਚੰਗਾ ਸੰਘਰਸ਼ ਕਰਨਾ ਪਿਆ। ਇਸ ਚੇਤਨਾ ਨੇ ਭਾਰਤ ਵਿਚ ਜਦੋਂ ਅਜ਼ਾਦੀ ਦੇ ਸੰਘਰਸ਼ ਲਈ ਰਾਹ ਪੱਧਰਾ ਕੀਤਾ ਤਾਂ ਇਸ ਸਮੇਂ ਦੌਰਾਨ ਚੱਲੇ ਸੰਘਰਸ਼ ਵਿਚੋਂ ਕੁਝ ਨਾਰੀਆਂ ਸੰਘਰਸ਼ ਦੇ ਰੂਪ ਵਿਚ ਸਾਹਮਣੇ ਆਈਆਂ ਅਤੇ ਸੰਘਰਸ਼ ਦੇ ਬਿੰਬ ਦਾ ਵਾਹਨ ਬਣ ਗਈਆਂ। ਇਹਨਾਂ ਵਿਚ ਕੌਮੀ ਅਜ਼ਾਦੀ ਦੇ ਅੰਦੋਲਨ ਸਮੇਂ ਨਾਰੀ ਦੇ ਉਥਾਨ ਲਈ ਵਿਦਿਆ ਪ੍ਰਾਪਤੀ ਦਾ ਪ੍ਰਤੀਕ ਸਾਵਿਤਰੀ ਬਾਈ ਫੂਲੇ ਬਣੀ। ਉਸ ਨੇ ਸਿਰਫ਼ ਦਲਿਤਾਂ ਵਿਚ ਹੀ ਨਹੀਂ, ਸਗੋਂ ਭਾਰਤੀ ਨਾਰੀ ਅੰਦਰ ਵਿਦਿਆ ਦੀ ਚਾਹਤ ਦਾ ਸੁਪਨਾ ਜਗਾਇਆ। ਇਸੇ ਤਰ੍ਹਾਂ ਪਹਿਲੀ ਅਜ਼ਾਦੀ ਦੀ ਲੜਾਈ ਸਮੇਂ ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦਾ ਬਿੰਬ ਇਕ ਜੁਝਾਰੂ ਔਰਤ ਦੇ ਰੂਪ ਵਿਚ ਉਭਰਿਆ। ਇਹ ਬਿੰਬ ਸਾਹਿਤ ਸਿਰਜਣਕਾਰੀ ਵਿਚ ਇਕ ਦੌਰ ਵਿਚ ਕੇਂਦਰ ਵਿਚ ਆ ਗਿਆ।

ਦੇਸ਼ ਦੀ ਅਜ਼ਾਦੀ ਤੋਂ ਬਾਅਦ ਸਮਕਾਲੀ ਸਾਹਿਤ ਵਿਚ ਨਾਰੀ ਦਾ ਬਿੰਬ ਉਪਰੋਕਤ ਪਰੰਪਰਾ ਵਿਚੋਂ ਹੀ ਆਪਣਾ ਅਕਾਰ ਗ੍ਰਹਿਣ ਕਰਦਾ ਰਿਹਾ। ਇਸ ਦੀ ਪਛਾਣ ਦਾ ਵੱਡਾ ਸੰਕਟ ਪੰਜਾਬੀ ਚਿੰਤਨ ਵਿਚ ਬਣਿਆ ਰਿਹਾ। ਪੰਜਾਬੀ ਸਾਹਿਤ ਨੂੰ ਮੁਲੰਕਿਤ ਕਰਨ ਦੀਆਂ ਪੱਛਮੀ ਧਾਰਨਾਵਾਂ ਨੂੰ ਮੁਲੰਕਣ ਦਾ ਅਧਾਰ ਬਣਾਇਆ। ਇਹਨਾਂ ਵਿਧੀਆਂ ਨੂੰ ਵਰਤਣਾ ਕੋਈ ਮਾੜੀ ਗੱਲ ਨਹੀਂ, ਪਰੰਤੂ ਇਸ ਨੂੰ ਪਰੰਪਰਾ ਤੋਂ ਪੂਰਨ ਰੂਪ ਵਿਚ ਕੱਟ ਦਿੱਤਾ। ਇਸ ਬਿੰਬ ਦੀ ਸਿਰਜਣਕਾਰੀ ਨੂੰ ਭਾਰਤੀ ਪਰੰਪਰਾ ਵਿਚੋਂ ਹੀ ਸਮਝਣਾ ਪਏਗਾ। (ਚਲਦਾ)

(ਨਾਰੀ ਬਿੰਬ ਦੀ ਸਿਰਜਣਕਾਰੀ ਨੂੰ ਪੰਜਾਬੀ ਸਾਹਿਤ ਵਿਚੋਂ ਪਛਾਨਣ ਦਾ ਯਤਨ ਅੰਕ 87 ਵਿਚ ਕੀਤਾ ਜਾਏਗਾ ਕਿਉਂਕਿ ਅੰਕ 86 ਚੌਥੀ ਪੀੜ੍ਹੀ ਦੀ ਕਹਾਣੀ ਗੋਸ਼ਟੀ ਵਿਸ਼ੇਸ਼ ਅੰਕ ਹੋਏਗਾ। - **ਸੰਪਾਦਕ**)

**ਰਜਨੀਸ਼ ਬਹਾਦਰ ਸਿੰਘ**

ਸ਼ਬਦ-ਚਿੱਤਰ

# ਬਿਨਾਂ ਯੱਕਿਆਂ ਦੇ ਬਾਜ਼ੀ ਜਿੱਤਣ ਵਾਲਾ ਸਾਗਰ ਸਰਹੱਦੀ

**- ਅਜੇ ਤਨਵੀਰ**

ਕੁਝ ਲੋਕ ਆਪਣੇ ਪੈਰਾਂ ਤੇ ਤੁਰਦੇ ਹਨ। ਪਰ ਕੁਝ ਲੋਕ ਆਪਣੇ ਸਿਰ ਤੇ ਤੁਰਦੇ ਹਨ। ਆਪਣੇ ਸਿਰ ਤੇ ਤੁਰਨ ਵਾਲੇ ਮੰਜ਼ਿਲ ਵੱਲ ਨਹੀਂ ਵੇਖਦੇ, ਸਗੋਂ ਮੰਜ਼ਿਲ ਉਨ੍ਹਾਂ ਵੱਲ ਵੇਖਦੀ ਹੈ। ਜਿਨ੍ਹਾਂ ਅੰਦਰ ਕੁਝ ਕਰਨ ਦਾ ਜਜਬਾ ਹੋਵੇ ਉਨ੍ਹਾਂ ਦੇ ਠੋਸ ਇਰਾਦੇ ਕਦੇ ਵੀ ਪਾਰੇ ਵਾਂਗ ਨਹੀਂ ਡੋਲਦੇ। ਹੁਨਰਮੰਦ ਲੋਕਾਂ ਦੀ ਅੱਖ ਨੂੰ ਤਾਂ ਸੁੱਤੀ ਹੋਈ ਝੀਲ ਵਿੱਚ ਵੀ ਦੋ ਚੰਦ ਦਿਸਦੇ ਹਨ। ਇਹ ਹੁਨਰ ਹਰ ਕਿਸੇ ਦੇ ਹਿੱਸੇ ਵਿੱਚ ਨਹੀਂ ਆਉਂਦਾ। ਪਰ ਇਹ ਹੁਨਰ ਸਰਹੱਦੀ ਸਾਹਿਬ ਦੇ ਹਿੱਸੇ ਜਰੂਰ ਆਇਆ ਸੀ।

ਸਰਦੂਲ ਸਿਕੰਦਰ ਦਾ ਗੀਤ 'ਸੁਰਮਾ' ਜਦ ਵੀ ਸੁਣਨਾ ਤਾਂ ਇਕ ਲਾਈਨ ਗੀਤ ਵਿੱਚ ਆਉਣੀ, 'ਸਰਹੱਦੀ ਨੇ ਫਿਲਮ ਬਣਾਈ ਨਾਂ ਹੈ ਵਗਦੇ ਪਾਣੀ।' ਮਨ ਹੀ ਮਨ ਵਿੱਚ ਸੋਚਣਾ ਕਿ ਇਹ ਗੀਤ ਤਾਂ ਫਕੀਰ ਮੌਲੀਵਾਲੇ ਦਾ ਲਿਖਿਆ ਹੋਇਆ ਹੈ, ਫਿਰ ਇਸ ਵਿਚ ਸਰਹੱਦੀ ਦਾ ਨਾਂ ਕਿਉਂ ਆਉਂਦਾ ਹੈ। ਖੁਦ ਨੂੰ ਸਵਾਲ ਕਰਕੇ ਖੁਦ ਹੀ ਜਵਾਬ ਦੇਣਾ ਕਿ ਸ਼ਾਇਦ ਅੱਧਾ ਗੀਤ ਸਰਹੱਦੀ ਨੇ ਲਿਖਿਆ ਹੋਵੇ। ਪਰ ਚੈਨ ਕਿੱਥੇ ਆਉਂਦੀ ਘੋਖੀ ਨਜਰ ਨੂੰ ? ਹੌਲੀ ਹੌਲੀ ਉਲਝੀ ਹੋਈ ਤਾਣੀ ਦਾ ਸਿਰਾ ਲੱਭਣ ਲੱਗਾ। ਪਤਾ ਲੱਗਾ ਇਹ 'ਸਾਗਰ ਸਰਹੱਦੀ' ਹੈ। ਫਿਲਮ ਇੰਡਸਟਰੀ ਵਿੱਚ ਇਸ ਦਾ ਬਹੁਤ ਵੱਡਾ ਨਾਂ ਹੈ। ਇਹ ਹਿੰਦੀ ਫਿਲਮਾਂ ਦੇ ਨਾਲ ਨਾਲ ਪੰਜਾਬੀ ਫਿਲਮ 'ਚ ਵੀ ਕੰਮ ਕਰ ਰਿਹਾ ਹੈ। ਆਪਣੀ ਪੰਜਾਬੀ ਮਾਂ ਬੋਲੀ ਨਾਲ ਇਸ ਦਾ ਗੂੜ੍ਹਾ ਰਿਸ਼ਤਾ ਹੀ ਨਹੀਂ, ਅੰਤਾਂ ਦਾ ਮੋਹ ਵੀ ਹੈ। ਪਰ ਜਦੋਂ ਮੁਕੱਦਰਾਂ ਨੂੰ ਗ੍ਰਹਿਣ ਲੱਗ ਜਾਵੇ ਫਿਰ ਸ਼ਕੰਜਵੀ ਵੀ ਜ਼ਹਿਰ ਬਣ ਜਾਂਦੀ ਹੈ। ਪੰਜਾਬੀ ਸਿਨੇਮੇ ਦੀ ਇਹ ਬਦਕਿਸਮਤੀ ਰਹੀ ਹੈ ਕਿ ਜਦੋਂ ਵੀ ਪਤੰਗ ਸਿਖਰ 'ਤੇ ਗਈ ਤਾਂ ਡੋਰ ਟੁੱਟ ਗਈ। ਇਸ ਤਰ੍ਹਾਂ 'ਵਗਦੇ ਪਾਣੀ' ਫਿਲਮ ਪਰਦੇ ਦਾ ਸ਼ਿੰਗਾਰ ਨਾ ਬਣ ਸਕੀ, ਸਿਰਫ ਬੁੱਲ੍ਹਾਂ ਤੇ ਚਰਚਾ ਦਾ ਵਿਸ਼ਾ ਹੀ ਬਣੀ ਰਹੀ। ਕਈ ਵਾਰੀ ਸਫਲਤਾ ਤੁਹਾਡੇ ਕੋਲ ਦੀ ਗੁਜਰ ਜਾਂਦੀ ਹੈ। ਅਸੀਂ ਧਿਆਨ ਵਿੱਚ ਹੁੰਦੇ ਹੋਏ ਵੀ ਬੇਧਿਆਨੇ ਹੁੰਦੇ ਹਾਂ।

ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਸਰਹੱਦੀ ਸਾਹਿਬ ਨੇ ਨਾਟਕਕਾਰ ਗੁਰਸ਼ਰਨ ਸਿੰਘ ਹੁਰਾਂ ਨਾਲ ਮਿਲ ਕੇ ਪੰਜਾਬੀ ਫਿਲਮ ਬਣਾਉਣ ਦਾ ਖਾਬ ਲਿਆ ਸੀ ਪਰ ਉਸ ਖਾਬ ਨੂੰ ਬੂਰ ਨਾ ਪਿਆ। ਇਸ ਫ਼ਿਲਮ ਦਾ ਹੀਰੋ ਉਹ ਰੰਗ-ਮੰਚ ਦੇ ਅਦਾਕਾਰ ਸੁਖਦੇਵ ਪ੍ਰੀਤ ਨੂੰ ਲੈਣਾ ਚਾਹੁੰਦੇ ਸਨ ਪਰ ਸੁਖਦੇਵ ਪ੍ਰੀਤ ਦਾ ਇਨਸਾਨੀਅਤ ਦੇ ਦੁਸਮਣਾਂ ਨੇ ਕਤਲ ਕਰ ਦਿੱਤਾ ਸੀ। ਸਰਹੱਦੀ ਸਾਹਿਬ ਕਹਿੰਦੇ ਸਨ ਕਿ ਅਜੇ ਤਾਂ ਸੰਤਾਲੀ ਦੀ ਵੰਡ ਦੇ ਜਖਮ ਨਾਸੂਰ ਬਣ ਕੇ ਰਿਸ ਰਹੇ ਸਨ ਅਤੇ ਉੱਤੋਂ ਚੁਰਾਸੀ ਦੇ ਜਖਮਾਂ ਨੇ ਸਾਰਾ ਸਰੀਰ ਹੀ ਨਾਸੂਰ ਬਣਾ ਦਿੱਤਾ। ਸੰਤਾਲੀ ਦੀ ਵੰਡ ਅਤੇ ਚੁਰਾਸੀ ਦੇ ਦੁਖਾਂਤ ਨੇ ਸਰਹੱਦੀ ਸਾਹਿਬ ਨੂੰ ਅੰਦਰੋਂ ਪੂਰੀ ਤਰਾਂ ਛਲਨੀ ਕਰ ਦਿੱਤਾ ਸੀ। ਉਹ ਆਪਣੇ ਅੰਦਰ ਦੇ ਦਰਦ ਨੂੰ ਬਾਹਰ ਕੱਢਣਾ ਚਾਹੁੰਦੇ ਸਨ। ਉਹ ਚੁਰਾਸੀ ਦੇ ਦੁਖਾਂਤ ਤੇ ਵੀ ਫਿਲਮ ਦਾ ਨਿਰਮਾਣ ਕਰਨਾ ਚਾਹੁੰਦੇ ਸਨ ਪਰ ਕੋਈ ਵੀ ਪੈਸਾ ਲਾਉਣ ਨੂੰ ਤਿਆਰ ਨਹੀਂ ਸੀ ਜਦ ਕਿ ਅਮੀਰ ਤੋਂ ਅਮੀਰ ਵਿਅਕਤੀ ਵੀ ਇਸ ਦਰਦ ਨੂੰ ਆਪਣਾ ਦਰਦ

ਸਮਝਦੇ ਸਨ ਪਰ ਸਿਰਫ ਤੇ ਸਿਰਫ ਉਤਲੇ ਮਨੋਂ ਹੀ। ਬਾਕੀ ਸਰਹੱਦੀ ਸਾਹਿਬ ਨੂੰ ਇਹ ਵੀ ਪਤਾ ਸੀ ਕਿ ਇਹ ਜੋ ਸਾਡੀ ਸੈਂਸਰ ਬੋਰਡ ਹੈ, ਇਹ ਕਿੰਨੀ ਕੁ ਇਮਾਨਦਾਰੀ ਨਾਲ ਕੰਮ ਕਰਦੀ ਹੈ। ਇਸ ਕੁਲਹਿਣੇ ਵਕਤ ਨੇ ਇਕ ਵਾਰ ਫਿਰ ਪੰਜਾਬੀ ਸਿਨੇਮੇ ਨੂੰ ਬਦਕਿਸਮਤੀ ਦੇ ਹਨੇਰੇ ਵੱਲ ਧੱਕ ਦਿੱਤਾ, ਜਿੱਥੋਂ ਸਰਘੀ ਵੇਲਾ ਦਿਸਣ ਦੀ ਕੋਈ ਆਸ ਨਹੀਂ ਸੀ।

ਸਾਗਰ ਸਰਹੱਦੀ ਹੁਰਾਂ ਦਾ ਅਸਲ ਨਾਂ ਗੰਗਾ ਸਾਗਰ ਤਲਵਾਰ ਸੀ। ਉਨ੍ਹਾਂ ਦਾ ਜਨਮ 11 ਮਈ, 1933 ਨੂੰ ਜ਼ਿਲ੍ਹਾ ਪਿਸ਼ਾਵਰ ਦੇ ਪਿੰਡ ਬਾਫਾ ਵਿੱਚ (ਹੁਣ ਪਾਕਿਸਤਾਨ ਵਿੱਚ) ਪਿਤਾ ਥਾਨ ਸਿੰਘ ਤਲਵਾਰ ਤੇ ਮਾਤਾ ਪ੍ਰੇਮ ਦੇਵੀ ਦੇ ਘਰ ਹੋਇਆ। ਸਾਰਾ ਪਿੰਡ ਆਪਸੀ ਮੋਹ ਪਿਆਰ ਵਿੱਚ ਘੁੱਗ ਵਸਦਾ ਸੀ। ਇਸ ਇਲਾਕੇ ਦੀ ਇਹ ਵੀ ਖਾਸੀਅਤ ਸੀ ਕਿ ਇਹ ਪਿੰਡ ਹਰੀਆਂ ਭਰੀਆਂ ਪਹਾੜੀਆਂ ਦੀ ਗੋਦ ਵਿੱਚ ਵਸਿਆ ਸੀ। ਸਰਹੱਦੀ ਸਾਹਿਬ ਦਰਿਆ ਦੇ ਕੰਢੇ ਮਿੱਤਰਾਂ ਨਾਲ ਖੂਬ ਮਸਤੀ ਕਰਦੇ। ਸ਼ੁਰੂ ਦੀ ਪੜ੍ਹਾਈ ਪਿੰਡ ਹੀ ਕੀਤੀ। ਪਿੰਡ ਵਿੱਚ ਇਨ੍ਹਾਂ ਦਾ ਚੰਗਾ ਕਾਰੋਬਾਰ ਸੀ। ਭਾਰਤ ਦੀ ਅਜ਼ਾਦੀ ਦੇ ਖਾਬ ਵੇਖਣ ਵਾਲਿਆਂ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਦੇਸ ਦੋ ਟੁਕੜਿਆਂ ਵਿੱਚ ਵੰਡਿਆ ਜਾਵੇਗਾ। ਪਰ ਸਮੇਂ ਦੀ ਮਾਰ ਜਦੋਂ ਪੈਂਦੀ ਹੈ ਤਾਂ ਵੱਡੇ ਵੱਡੇ ਤਖਤਾਂ ਨੂੰ ਹਿਲਾ ਕੇ ਰੱਖ ਦਿੰਦੀ ਹੈ। ਦੇਸ਼ ਦੀ ਅਜ਼ਾਦੀ ਦਾ ਦੇਸ਼ ਵਾਸੀਆਂ ਅੰਦਰ ਬੜਾ ਜੋਸ਼ ਸੀ। ਉਤਸਾਹ ਉਮੰਗ ਨਾਲ ਹਰ ਕਿਸੇ ਦੀ ਰੀਝ ਅੰਗੜਾਈ ਲੈ ਰਹੀ ਸੀ। ਪਰ ਦੁਸਮਣਾਂ ਨੇ ਭਾਰਤ ਦੀ ਹਿੱਕ ਉੱਪਰ ਐਸੀ ਲੀਕ ਵਾਹ ਦਿੱਤੀ ਸੀ ਕਿ ਧਰਤੀ ਇਨਸਾਨੀ ਲਹੂ ਨਾਲ ਲੱਥ-ਪੱਥ ਕਰ ਦਿੱਤੀ। ਭਰਾ ਭੈਣ ਦਾ ਦੁਸ਼ਮਣ, ਪੁੱਤ ਮਾਂ ਦਾ ਦੁਸ਼ਮਣ, ਪਿਉ ਧੀ ਦਾ ਦੁਸ਼ਮਣ। ਇਸ ਅਣਮਨੁੱਖੀ ਵਰਤਾਰੇ ਨੇ ਸਰਹੱਦੀ ਸਾਹਿਬ ਦੀ ਰੂਹ ਵਲੂੰਧਰ ਕੇ ਰੱਖ ਦਿੱਤੀ। ਉਨ੍ਹਾਂ ਦੀ ਆਤਮਾ ਕੁਰਲਾ ਉੱਠੀ। ਸਾਗਰ ਸਰਹੱਦੀ ਹੁਰਾਂ ਦਾ ਸਾਰਾ ਪਰਿਵਾਰ ਰਫਿਊਜੀ ਕੈਂਪਾਂ ਵਿੱਚ ਥਾਂ ਥਾਂ ਧੱਕੇ ਖਾਂਦਾ ਰਿਹਾ। ਕਦੇ ਕਿਤੇ, ਕਦੇ ਕਿਤੇ। ਮੰਜ਼ਿਲ ਦੀ ਗੱਲ ਤਾਂ ਦੂਰ, ਸਿਰ ਢਕਣ ਦਾ ਵੀ ਕੋਈ ਹੀਲਾ ਵਸੀਲਾ ਨਹੀਂ ਸੀ। ਉਹ ਆਖਦੇ ਹਨ ਕਿ ਆਖਰ ਵਿੱਚ ਉਨ੍ਹਾਂ ਦਾ ਸਾਰਾ ਪਰਿਵਾਰ ਦਿੱਲੀ ਪਹੁੰਚ ਗਿਆ। ਉਹ ਦਿੱਲੀ ਦੇ ਕਿੰਗਸਵੇ ਇਲਾਕੇ ਵਿੱਚ ਆ ਕੇ ਵੱਸ ਗਏ। ਸਮੇਂ ਦੀ ਡੋਰ ਕਦੇ ਵੀ ਕਿਸੇ ਦੇ ਹੱਥ ਨਹੀਂ ਆਉਂਦੀ। ਹੱਥ ਚੋਂ ਖਿਸਕਦੀ ਖਿਸਕਦੀ ਖਿਸਕ ਹੀ ਜਾਂਦੀ ਹੈ। ਉਨ੍ਹਾਂ ਦੇ ਮਨ ਵਿੱਚ ਇਕ ਗੱਲ ਵਾਰ ਵਾਰ ਖੌਰੂ ਪਾਉਂਦੀ ਕਿ ਇਹ ਲੋਕ ਕੌਣ ਹਨ ਜਿਨ੍ਹਾਂ ਨੂੰ ਸਾਡੇ ਹੱਸਦੇ ਵਸਦੇ ਘਰ ਉਜਾੜਨ ਦਾ ਅਧਿਕਾਰ ਹੈ? ਆਦਮੀ ਹੀ ਆਦਮੀ ਨੂੰ ਰਫਿਊਜੀ ਕਿਉਂ ਬਣਾ ਰਿਹਾ ਹੈ? ਇਸ ਦੁਖਾਂਤ ਨੇ ਉਨ੍ਹਾਂ ਦਾ ਸੁਭਾਅ ਬਹੁਤ ਚਿੜਚਿੜਾ ਬਣਾ ਦਿੱਤਾ ਸੀ।

ਜਦੋਂ ਉਹ ਦਿੱਲੀ ਰਹਿੰਦੇ ਸਨ, ਦੀਵਾਲੀ ਦਾ ਤਿਉਹਾਰ ਆਇਆ। ਇਸ ਤਿਉਹਾਰ ਨੂੰ ਹਰ ਧਰਮ ਦੇ ਲੋਕ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਉਸ ਦਿਨ ਸਭ ਲੋਕ ਆਪਣੇ ਘਰਾਂ ਚ ਦੀਪ ਮਾਲ੍ਹਾ ਕਰ ਰਹੇ ਸਨ। ਪਰ ਸਰਹੱਦੀ ਸਾਹਿਬ ਆਪਣੇ ਘਰ ਦੀ ਕੰਧ ਉੱਤੇ ਇਹ ਸੇਅਰ ਲਿਖ ਰਹੇ ਸਨ:

ਕੈਦੇ-ਹਯਾਤੋ-ਬੰਦੇ-ਗਮ ਅਸਲ ਮੇਂ ਦੋਨੋਂ ਏਕ ਹੈਂ

ਇਹ ਲਾਈਨ ਗਾਲਿਬ ਦੇ ਇਕ ਸ਼ੇਅਰ ਦੀ ਪਹਿਲੀ ਲਾਈਨ ਹੈ ਅਤੇ ਇਸ ਸੇਅਰ ਦੀ ਦੂਜੀ ਲਾਈਨ ਹੈ: ਮੌਤ ਸੇ ਪਹਿਲੇ ਆਦਮੀ ਗਮ ਸੇ ਨਿਜਾਤ ਪਾਯੇ ਕਯੋਂ?

ਸਰਹੱਦੀ ਸਾਹਿਬ ਨੂੰ ਇਹ ਸੇਅਰ ਲਿਖਦੇ ਸਮੇਂ ਉਨ੍ਹਾਂ ਦੇ ਭਰਾ ਨੇ ਵੇਖ ਲਿਆ। ਇਨ੍ਹਾਂ ਦਾ ਭਰਾ ਇਨ੍ਹਾਂ ਤੋਂ ਤਕਰੀਬਨ ਪੰਦਰਾਂ ਸਾਲ ਵੱਡਾ ਸੀ। ਉਸ ਨੇ ਕਿਹਾ, "ਅੱਜ ਖੁਸ਼ੀ ਕਾ ਦਿਨ

ਹੈ।ਆਪ ਕਿਆ ਲਿਖ ਰਹੇ ਹੋ ? ਆਪ ਕਾ ਦਿਮਾਗ ਠੀਕ ਹੈ ਜਾਂ ਫਿਰ ... ?" ਸਰਹੱਦੀ ਸਾਹਿਬ ਕਹਿਣ ਲੱਗੇ, "ਪਤਾ ਨਈਂ ਯੇਹ ਮੈਂ ਕਿਉਂ ਲਿਖ ਰਹਾ ਹੂੰ।"

ਸਰਹੱਦੀ ਸਾਹਿਬ ਨੇ ਕਈ ਫਿਲਮ ਦੀਆਂ ਕਹਾਣੀਆਂ ਲਿਖੀਆਂ। ਉਨ੍ਹਾਂ ਫਿਲਮਾਂ ਨੇ ਦਰਸ਼ਕਾਂ ਦੇ ਦਿਲਾਂ 'ਤੇ ਰੱਜ ਕੇ ਰਾਜ ਕੀਤਾ। ਉਨ੍ਹਾਂ ਦੀ ਕਲਮ ਪੱਥਰ ਤੇ ਫੁੱਲ ਲਿਖ ਦੇਵੇ ਤਾਂ ਪੱਥਰ ਵੀ ਮਹਿਕਣ ਲੱਗ ਪੈਂਦਾ ਸੀ। ਉਨ੍ਹਾਂ ਦੀਆਂ ਗੱਲਾਂ ਵਿੱਚ ਬਾਤਾਂ ਅਤੇ ਬਾਤਾਂ ਵਿੱਚ ਕਹਾਣੀਆਂ ਸਨ। ਇਨ੍ਹਾਂ ਕਹਾਣੀਆਂ ਵਿੱਚ ਲੁਕਿਆ ਅਵਾਮ ਦਾ ਦਰਦ ਅਤੇ ਹਰ ਔਰਤ ਦੀ ਪੀੜ ਸੀ ਜਿਸ ਦਾ ਜ਼ਿਕਰ ਹਰ ਫਿਲਮ ਵਿੱਚ ਕਿਤੇ ਨਾ ਕਿਤੇ ਜ਼ਰੂਰ ਨਜ਼ਰ ਆਉਂਦਾ ਸੀ।

ਇਹ ਠੀਕ ਹੈ ਕਿ ਉਨ੍ਹਾਂ ਨੇ ਆਪਣੇ ਨਾਂ ਨਾਲ ਸਰਹੱਦੀ ਤਖੱਲਸ ਸਰਹੱਦ ਨਾਲ ਲੱਗਦੇ ਪਿੰਡ ਕਰਕੇ ਜਾਂ ਇਲਾਕੇ ਕਰਕੇ ਲਾਇਆ ਪਰ ਜਦੋਂ ਉਹ ਦਸਵੀਂ ਕਲਾਸ ਵਿੱਚ ਪੜ੍ਹਦੇ ਸਨ ਉਸ ਵਕਤ ਤੋਂ ਹੀ ਉਨ੍ਹਾਂ 'ਤੇ ਫਿਲਮਕਾਰ ਜੀਆ ਸਰਹੱਦੀ ਦਾ ਬਹੁਤ ਹੀ ਪ੍ਰਭਾਵ ਸੀ। ਜੀਆ ਸਰਹੱਦੀ ਹੁਰਾਂ ਦੀ ਹਰ ਫਿਲਮ ਦਾ ਕਰੈਕਟਰ ਉਨ੍ਹਾਂ ਦੇ ਅੰਦਰ ਘਰ ਕਰ ਜਾਂਦਾ ਸੀ। ਸਰਹੱਦੀ ਤਖੱਲਸ ਦਾ ਉਨ੍ਹਾਂ ਨਾਲ ਜੁੜਨਾ ਸਭ ਤੋਂ ਵੱਡਾ ਕਾਰਨ ਇਹ ਵੀ ਸੀ। ਜੀਆ ਸਰਹੱਦੀ ਹੁਰਾਂ ਦੀ ਉਹ ਹਰ ਫਿਲਮ ਵੇਖਦੇ ਸਨ।

ਉਹ ਆਖਦੇ, "ਮੈਂ ਸ਼ਰਾਬ ਬਹੁਤ ਪੀਂਦਾ ਸੀ। ਕਈ ਵਾਰ ਐਨੀ ਪੀ ਲੈਂਦਾ ਸੀ ਕਿ ਕਦੇ ਰਸਤੇ 'ਚ ਡਿਗ ਪੈਣਾ, ਕਦੇ ਨਾਲੇ 'ਚ ਡਿਗ ਪੈਣਾ। ਇਕ ਦਿਨ ਸ਼ਰਾਬ ਪੀਂਦੇ ਸਮੇਂ ਮੈਨੂੰ ਕੁਝ ਲਾਈਨਾਂ ਯਾਦ ਆਈਆਂ। ਜਦੋਂ ਮੈਂ ਲਿਖਣ ਲੱਗਾ ਉਹ ਸਭ ਕੁਝ ਭੁੱਲ ਗਿਆ। ਫਿਰ ਮਹਿਸੂਸ ਕੀਤਾ ਕਿ ਇਸ ਤਰਾਂ ਗੱਡੀ ਨਹੀਂ ਚੱਲਣੀ। ਅਗਰ ਗੱਡੀ ਚੱਲ ਵੀ ਪਈ ਤਾਂ ਮੰਜ਼ਿਲ ਤੇ ਨਹੀਂ ਜਾਵੇਗੀ। ਮੇਰੇ ਵਾਂਗ ਰਸਤੇ 'ਚ ਹੀ ਮੀਲ ਪੱਥਰ ਵਾਂਗ ਖੜ੍ਹੀ ਰਹੇਗੀ। ਉਸ ਦਿਨ ਤੋਂ ਬਾਅਦ ਮੈਂ ਨਾ ਸ਼ਰਾਬ ਪੀਤੀ, ਨਾ ਮੀਟ ਖਾਧਾ। ਹੁਣ ਤਾਂ ਮੈਂ ਕੱਟੇ ਹੋਏ ਬੱਕਰੇ ਨੂੰ ਵੇਖ ਕੇ ਰੋ ਪੈਂਦਾ ਹਾਂ। ਇਕ ਬਹੁਤ ਹੀ ਵੱਡੇ ਚਿੰਤਕ ਨੇ ਕਿਹਾ ਹੈ ਕਿ 'ਗਮ ਨੂੰ ਦੂਰ ਕਰਨ ਲਈ ਸ਼ਰਾਬ ਨਹੀਂ ਚੰਗੇ ਕੰਮ ਕਰੋ।' ਇਕ ਹੋਰ ਸਾਈਕੋਲੋਜਿਸਟ ਯੁੰਗ ਨੇ ਆਖਿਆ ਹੈ ਕਿ ਹਰ ਆਦਮੀ ਦੇ ਅੰਦਰ ਤਿੰਨ ਹਜ਼ਾਰ ਸਭਿਅਤਾ ਹੁੰਦੀਆਂ ਹਨ। ਇਹ ਤੁਸੀਂ ਚੁਣਨਾ ਹੁੰਦਾ ਹੈ ਕਿ ਤੁਸੀਂ ਕੀ ਕਰਨਾ ਹੈ। ਤੁਸੀਂ ਕਿਸੇ ਵੀ ਕੰਮ ਨੂੰ ਸ਼ਿੱਦਤ ਨਾਲ ਕਰੋ, ਮਿਹਨਤ ਅਤੇ ਲਗਨ ਨਾਲ ਕਰੋ। ਇਕ ਦਿਨ ਜ਼ਰੂਰ ਕਾਮਯਾਬ ਹੋਵੋਗੇ।"

1976 ਵਿੱਚ ਸਰਹੱਦੀ ਨੂੰ ਯਸ ਚੋਪੜਾ ਦੀ ਸੁਪਰਹਿੱਟ ਫਿਲਮ 'ਕਭੀ ਕਭੀ' ਲਿਖਣ ਦਾ ਸੁਭਾਗ ਪ੍ਰਾਪਤ ਹੋਇਆ। ਅਸਲ ਵਿੱਚ ਇਸ ਫਿਲਮ ਦੀ ਕਹਾਣੀ ਲਿਖਣ ਦਾ ਮੁੱਢ ਉਨ੍ਹਾਂ ਦੇ ਨਾਟਕ 'ਮਿਰਜ਼ਾ ਸਾਹਿਬਾਂ' ਅਤੇ 'ਮਸੀਹਾ' ਨੇ ਬੰਨ੍ਹਿਆ ਸੀ। ਇਸ ਫਿਲਮ ਵਿੱਚ ਅਹਿਮ ਰੋਲ ਸਰਹੱਦੀ ਸਾਹਿਬ ਦੇ ਭਤੀਜੇ ਰਮੇਸ ਤਲਵਾਰ ਦਾ ਸੀ। ਉਹ ਯਸ ਚੋਪੜਾ ਨਾਲ ਬਤੌਰ ਅਸਿਸਟੈਂਟ ਕੰਮ ਕਰ ਰਿਹਾ ਸੀ ਇਹ ਨਾਟਕ ਬੰਬਈ ਵਿੱਚ ਜਦੋਂ ਯਸ ਚੋਪੜਾ ਹੁਰਾਂ ਦੇਖਿਆ ਬੱਸ ਦੇਖਦੇ ਹੀ ਰਹਿ ਗਏ। ਉਨ੍ਹਾਂ ਨੇ ਰਮੇਸ਼ ਤਲਵਾਰ ਨੂੰ ਕਿਹਾ, "ਤੁਸੀਂ ਆਪਣੇ ਚਾਚਾ ਜੀ ਨਾਲ ਮੇਰੀ ਮੁਲਾਕਾਤ ਕਰਾਓ।" ਫਿਰ ਚੱਲ ਸੋ ਚੱਲ। ਯਸ਼ ਜੀ ਨੇ ਸਰਹੱਦੀ ਸਾਹਿਬ ਨੂੰ 'ਕਭੀ ਕਭੀ' ਫਿਲਮ ਲਿਖਣ ਦਾ ਸੱਦਾ ਦਿੱਤਾ। ਤਦੇ ਤਾਂ ਕਿਹਾ ਜਾਂਦਾ ਹੈ ਕਿ ਸੋਨੇ ਦੀ ਪਰਖ ਕਰਨ ਲਈ ਜੌਹਰੀ ਦੀ ਨਹੀਂ ਸਗੋਂ ਸਮਝ ਦੀ ਲੋੜ ਹੁੰਦੀ ਹੈ।

ਸਰਹੱਦੀ ਸਾਹਿਬ ਨੂੰ ਜੰਮੂ ਦੇ ਜ਼ਿਆਦਾ ਲੋਕ ਉਨ੍ਹਾਂ ਦੇ ਨਾਟਕ 'ਭੂਖੇ ਭਜਨ ਨਾ ਹੋਏ ਗੁਪਾਲਾ' ਕਰਕੇ ਵੀ ਜਾਣਦੇ ਸਨ। ਇਹ ਨਾਟਕ ਕਲਾ ਭਵਨ ਵਿੱਚ ਖੇਡਿਆ ਗਿਆ ਸੀ।

ਇਸ ਨਾਟਕ ਨੂੰ ਬਹੁਤ ਹੀ ਸੀਨੀਅਰ ਨਿਰਦੇਸ਼ਕ ਕਵੀ ਰਤਨ ਨੇ ਡਾਇਰੈਕਟ ਕੀਤਾ ਸੀ। ਅੱਜ ਵੀ ਲੋਕ ਇਸ ਨਾਟਕ ਦੇ ਦੀਵਾਨੇ ਹਨ।

ਸਰਹੱਦੀ ਸਾਹਿਬ ਨੇ ਬਹੁਤ ਨਾਟਕ ਪਲੇਅ ਕੀਤੇ। ਉਹ ਹਮੇਸ਼ਾਂ ਹੀ ਹਰ ਨਾਟਕ ਵਿੱਚ ਕਿਸੇ ਨਾ ਕਿਸੇ ਨਵੇਂ ਮੁੰਡੇ ਨੂੰ ਕੰਮ ਕਰਨ ਦਾ ਮੌਕਾ ਦਿੰਦੇ। ਉਨ੍ਹਾਂ ਨੇ ਆਪਣੇ ਨਾਟਕ 'ਮੇਰੇ ਦੇਸ ਕਾ ਗਾਓਂ' ਵਿੱਚ ਰਾਜੇਸ ਖੰਨੇ ਨੂੰ ਕੰਮ ਕਰਨ ਦਾ ਮੌਕਾ ਦਿੱਤਾ। ਉਨ੍ਹਾਂ ਦਾ ਇਹ ਨਾਟਕ ਬਹੁਤ ਸਫਲ ਹੋਇਆ। ਇਸ ਨਾਟਕ ਨੇ ਸੱਤ ਐਵਾਰਡ ਜਿੱਤੇ। ਰਾਜੇਸ਼ ਖੰਨੇ ਦੇ ਘਰ ਅੱਗੇ ਡਾਇਰੈਕਟਰਾਂ ਦੀ ਲਾਈਨ ਲੱਗ ਗਈ ਸੀ।

ਸਰਹੱਦੀ ਸਾਹਿਬ ਹਰ ਕੰਮ ਇਮਾਨਦਾਰੀ ਨਾਲ ਕਰਦੇ ਸਨ। ਉਨ੍ਹਾਂ ਨੇ ਨਾਟਕ ਲਿਖੇ ਵੀ ਅਤੇ ਨਿਰਦੇਸਤ ਵੀ ਕੀਤੇ। ਉਨ੍ਹਾਂ ਦੇ ਪ੍ਰਸਿੱਧ ਨਾਟਕ ਮੇਰੇ ਦੇਸ ਕੇ ਗਾਓਂ, ਖ਼ਿਆਲ ਕੀ ਦਸਤਕ, ਮਸੀਹਾ, ਮੈਂ ਆਸਾ ਹੋਤਾ ਹੂੰ, ਮਿਰਜ਼ਾ ਸਾਹਿਬਾਂ, ਭਗਤ ਸਿੰਘ ਕੀ ਵਾਪਸੀ, ਭੂਖੇ ਭਜਨ ਨਾ ਹੋਏ ਗੋਪਾਲਾ, ਅਸਫਾਕ ਉੱਲਾ, ਅਤੇ ਰਾਜ ਦਰਬਾਰ ਦੇਸ ਭਰ ਵਿੱਚ ਖੇਡੇ ਗਏ।

ਜਦੋਂ 'ਕਭੀ ਕਭੀ' ਫਿਲਮ ਹਿੱਟ ਹੋਈ ਤਾਂ ਹਰ ਪਾਸੇ ਸਰਹੱਦੀ ਸਰਹੱਦੀ ਹੋਣ ਲੱਗੀ। ਹਰ ਵੱਡੇ ਹੀਰੋ ਅਤੇ ਵੱਡੇ ਨਿਰਦੇਸ਼ਕ ਦੀ ਮੰਗ ਸਰਹੱਦੀ ਸਾਹਿਬ ਹੀ ਸਨ। ਇਕ ਦਿਨ ਦਲੀਪ ਕੁਮਾਰ ਹੁਰਾਂ ਦਾ ਫੋਨ ਆਇਆ ਅਤੇ ਉਨ੍ਹਾਂ ਨੇ ਕਿਹਾ, "ਸਰਹੱਦੀ ਸਾਹਿਬ ਆਪ ਹਮਾਰੇ ਸਾਥ ਕਾਮ ਕਰੋਗੇ? ਆਪ ਹਮਾਰੇ ਲੀਏ ਕੋਈ ਅੱਛੀ ਰੁਮਾਂਟਿਕ ਫਿਲਮ ਲਿਖੋ।" ਸਰਹੱਦੀ ਸਾਹਿਬ ਚੁੱਪ-ਚਾਪ ਸਭ ਕੁਝ ਸੁਣ ਰਹੇ ਸਨ। ਦਲੀਪ ਕੁਮਾਰ ਹੁਰਾਂ ਕਿਹਾ, "ਆਪ ਬੋਲਤੇ ਕਿਉਂ ਨਹੀਂ?" ਸਰਹੱਦੀ ਸਾਹਿਬ ਨੇ ਕਿਹਾ, "ਹਮ ਬੋਲੇ ਤੋ ਤੁਮ ਨੇ ਕਹਿਨਾ ਹਮ ਜ਼ਿਆਦਾ ਬੋਲਤੇ ਹੈਂ। ਦਲੀਪ ਕੁਮਾਰ ਸਾਹਿਬ ਹਮ ਰਫਿਊਜੀ ਲੋਕ ਹੈਂ। ਹਰ ਵਾਰ ਰੁਮਾਂਟਿਕ ਫਿਲਮ ਨਹੀਂ ਲਿਖ ਸਕਤੇ। ਹਮਾਰੇ ਅੰਦਰ ਉਨ ਲੋਗੋਂ ਕਾ ਦਰਦ ਹੈ, ਜੋ ਅਬ ਵੀ ਦਰ ਦਰ ਭਟਕਤੇ ਫਿਰ ਰਹੇ ਹੈਂ। ਆਪ ਲੋਗ ਉਨ ਲੋਗੋਂ ਕਾ ਦਰਦ ਨਹੀਂ ਸਮਝ ਸਕਤੇ। ਇਸ ਲੀਏ ਮੈਂ ਆਪ ਕੇ ਸਾਥ ਕਾਮ ਨਹੀਂ ਕਰ ਸਕਤਾ।"

'ਕਭੀ ਕਭੀ' ਫਿਲਮ ਦੇ ਡਾਇਲਾਗ ਸਭ ਦੀ ਜੁਬਾਨ ਤੇ ਅੱਜ ਮੁਹਾਰਨੀ ਬਣੇ ਹੋਏ ਹਨ। ਅਮਿਤਾਭ ਬਚਨ ਰਾਖੀ ਨੂੰ ਕਹਿੰਦਾ ਹੈ, "ਆਪ ਨੇ ਆਪਨੀ ਆਖੇਂ ਵੇਖੀ ਹੈਂ?" ਤੋ ਵੋਹ ਬੋਲੀ, "ਹਮਾਰੀ ਆਖੋਂ ਮੇਂ ਐਸੀ ਕਿਆ ਖਾਸ ਬਾਤ ਹੈ?" ਅਮਿਤਾਭ ਕਹਿਨੇ ਲਗੇ, "ਆਪ ਜਿਸ ਕੋ ਵੀ ਵੇਖ ਲੇਤੀ ਹੋ ਰਿਸ਼ਤਾ ਕਾਇਮ ਹੋ ਜਾਤਾ ਹੈ।"

ਇਕ ਥਾਂ ਸਰਹੱਦੀ ਸਾਹਿਬ ਜ਼ਿਕਰ ਕਰਦੇ ਹਨ ਕਿ 'ਕਭੀ ਕਭੀ' ਫਿਲਮ ਤੋਂ ਬਾਅਦ ਯਸ ਜੀ ਸਲਮਾਂ ਆਗਾ ਨੂੰ ਲੈ ਕੇ ਇਕ ਫਿਲਮ ਬਣਾ ਰਹੇ ਸਨ। ਉਨ੍ਹਾਂ ਨੇ ਕਿਹਾ, "ਸਰਹੱਦੀ ਸਾਹਿਬ, ਆਪ ਅਬ ਇਸ ਕੀ ਆਖੋਂ ਪਰ ਕੁਝ ਲਿਖੋ।" ਸਰਹੱਦੀ ਸਾਹਿਬ ਨੇ ਲਿਖਾ 'ਇਸ ਕੀ ਆਖੋਂ ਮੇਂ ਹਮੇਂ ਆਸਮਾਨ ਨਜਰ ਆਤਾ ਹੈ।' ਸਲਮਾ ਆਗਾ ਦੀਆਂ ਅੱਖਾਂ ਨੀਲੀਆਂ ਸਨ। ਇਸ ਵਾਕਿਆ ਤੋਂ ਬਾਅਦ ਸਰਹੱਦੀ ਸਾਹਿਬ ਸੋਚਣ ਲੱਗੇ, "ਅਗਰ ਹੁਣ ਯਸ ਜੀ ਨੇ ਕਿਸੇ ਤੀਜੀ ਲੜਕੀ ਦੀਆਂ ਅੱਖਾਂ ਵਾਰੇ ਲਿਖਣ ਨੂੰ ਕਿਹਾ ਤਾਂ ਮੈਂ ਕਿਆ ਲਿਖੂੰਗਾ? ਮੈਂ ਇਕ ਰਫਿਊਜੀ ਆਦਮੀ ਹਾਂ। ਮੇਰੇ ਅੰਦਰ ਅਵਾਮ ਦਾ ਦਰਦ ਹੈ। ਇਸ ਲਈ ਮੈਂ ਹਰ ਵਾਰ ਔਰਤ ਦੇ ਹੁਸਨ ਅਤੇ ਅੱਖਾਂ ਦੀਆਂ ਬਾਤਾਂ ਨਹੀਂ ਪਾ ਸਕਦਾ।"

ਮੈਂ ਸਰਹੱਦੀ ਸਾਹਿਬ ਨੂੰ ਮਿਲਿਆ ਨਹੀਂ ਪਰ ਲਗਦਾ ਹੈ ਕਿ ਸਰਹੱਦੀ ਸਾਹਿਬ ਦੀਆਂ ਅੱਖਾਂ ਵੀ ਨੀਲੀਆਂ ਹੀ ਸਨ। ਉਹ ਜਦੋਂ ਵੀ ਕਿਤੇ ਆਪਣੀ ਮੁਹੱਬਤ ਦਾ ਜ਼ਿਕਰ ਕਰਦੇ ਤਾਂ

ਆਖਦੇ, "ਮੇਰੀ ਜ਼ਿੰਦਗੀ ਵਿੱਚ ਘੱਟੋ ਘੱਟ ਵੀਹ ਕੁੜੀਆਂ ਆਈਆਂ। ਮੈਂ ਇਨ੍ਹਾਂ ਵੀਹ ਕੁੜੀਆਂ ਵਿੱਚੋਂ ਮੁਹੱਬਤ ਕਿਸੇ ਨੂੰ ਵੀ ਨਹੀਂ ਕਰ ਸਕਿਆ। ਉਹ ਮੇਰੇ ਵੱਡੇ ਨਾਂ ਅਤੇ ਤਨ ਤੱਕ ਹੀ ਸੀਮਤ ਰਹੀਆਂ। ਮੈਂ ਵੀ ਉਨ੍ਹਾਂ ਦੇ ਤਨ ਤੋਂ ਅੱਗੇ ਮਨ ਤੱਕ ਨਹੀਂ ਜਾ ਸਕਿਆ, ਪਤਾ ਨਹੀਂ ਕਿਉਂ। ਮੇਰੇ ਅਤੇ ਮੁਹੱਬਤ ਵਿੱਚ ਹਮੇਸਾ ਫਾਸਲਾ ਹੀ ਬਣਿਆ ਰਿਹਾ।"

ਆਖਰ ਵਿੱਚ ਇਕ ਹੋਰ ਕੁੜੀ ਉਨ੍ਹਾਂ ਦੀ ਜ਼ਿੰਦਗੀ ਵਿੱਚ ਆਈ। ਸਰਹੱਦੀ ਸਾਹਿਬ ਸੋਚਣ ਲੱਗੇ, "ਲਗਦਾ ਮੁਹੱਬਤ ਨੇ ਦਿਲ ਦੇ ਦਰ ਤੇ ਦਸਤਕ ਦਿੱਤੀ ਹੈ।" ਪਰ ਧੁੰਦ ਦੇ ਬੱਦਲ ਕਦੇ ਵੀ ਵਰ੍ਹਦੇ ਨਹੀਂ। ਲੰਮੇ ਸਫਰ ਤੋਂ ਬਾਅਦ ਇਕ ਦਿਨ ਉਹ ਕੁੜੀ ਕਹਿਣ ਲੱਗੀ, "ਮੈਂ ਹੁਣ ਜ਼ਿੰਦਗੀ ਵਿੱਚ ਸੈੱਟ ਹੋਣਾ ਚਾਹੁੰਦੀ ਹਾਂ।"

ਸਰਹੱਦੀ ਸਾਹਿਬ ਨੇ ਕਿਹਾ, "ਆਪ ਕੋ ਜਰੂਰ ਸੈੱਟ ਹੋਨਾ ਚਾਹੀਏ, ਹਮ ਆਪ ਕੀ ਕਿਆ ਮਦਦ ਕਰ ਸਕਤੇ ਹੈਂ ?"

ਉਹ ਕੁੜੀ ਬੋਲੀ, "ਆਪ ਹਮਾਰੀ ਸਾਦੀ ਮੇਂ ਜਰੂਰ ਆਨਾ।"

ਇਹ ਸੁਣ ਕੇ ਸਰਹੱਦੀ ਸਾਹਿਬ ਹੱਸ ਪਏ ਅਤੇ ਆਖਣ ਲੱਗੇ, "ਜਰੂਰ ਆਵਾਂਗਾ।"

ਉਸ ਰਾਤ ਤੋਂ ਬਾਅਦ ਜਾਣ ਸਮੇਂ ਉਹ ਕੁੜੀ ਆਖਣ ਲੱਗੀ, "ਆਪ ਮੇਰੇ ਬਿਨਾਂ ਕਿਆ ਕਰੋਗੇ ?"

ਸਰਹੱਦੀ ਸਾਹਿਬ ਕਹਿਣ ਲੱਗੇ, "ਮੈਂ ਆਪ ਕੀ ਯਾਦ ਮੇਂ ਰੋਇਆ ਕਰਾਂਗਾ।"

ਬੱਸ ਉਹ ਹੀ ਹੋਇਆ ਜੋ ਪਹਿਲਾਂ ਹੋਇਆ ਸੀ। ਪੱਕੀ ਹੋਈ ਫਸਲ ਨੂੰ ਫਿਰ ਗੜਿਆਂ ਦੀ ਬਾਰਸ ਨੇ ਤਬਾਹ ਕਰ ਦਿੱਤਾ ਸੀ। ਅੱਠ ਦਸ ਸਾਲ ਦੇ ਸਫਰ ਤੋਂ ਬਾਅਦ ਉਹ ਕੁੜੀ ਵੀ ਅਲਵਿਦਾ ਆਖ ਗਈ ਸੀ।

ਸਰਹੱਦੀ ਸਾਹਿਬ ਨੇ ਵਿਆਹ ਨਹੀਂ ਸੀ ਕਰਾਇਆ। ਸਾਰੀ ਜ਼ਿੰਦਗੀ ਇਕੱਲਿਆਂ ਹੀ ਬਿਤਾਈ ਸੀ। ਉਨ੍ਹਾਂ ਦਾ ਆਪਣਾ ਕੋਈ ਘਰ ਨਹੀਂ ਸੀ। ਉਹ ਤਕਰੀਬਨ ਸਾਰੀ ਉਮਰ ਆਪਣੇ ਭਤੀਜੇ ਰਮੇਸ ਤਲਵਾਰ ਦੇ ਨਾਲ ਹੀ ਰਹੇ। ਰਮੇਸ ਤਲਵਾਰ ਭਾਵੇਂ ਯਸ ਚੋਪੜਾ ਜੀ ਦੇ ਸਹਾਇਕ ਡਾਇਰੈਕਟਰ ਸਨ ਪਰ ਉਨ੍ਹਾਂ ਨੇ ਡਾਇਰੈਕਸਨ ਦੇ ਸਾਰੇ ਗੁਣ ਆਪਣੇ ਚਾਚੇ ਸਰਹੱਦੀ ਸਾਹਿਬ ਕੋਲੋਂ ਹੀ ਸਿੱਖੇ ਸਨ। ਰਮੇਸ ਤਲਵਾਰ ਦੇ ਛੋਟੇ ਭਰਾ ਵਿਜੇ ਤਲਵਾਰ ਨੇ ਵੀ ਡਇਰੈਕਸ਼ਨ ਵਿੱਚ ਵਧੀਆ ਨਾਮ ਕਮਾਇਆ ਹੈ।

ਸਾਗਰ ਸਰਹੱਦੀ ਸਾਹਿਬ ਦੀਆਂ ਕਈ ਆਮ ਗੱਲਾਂ ਯਾਦਾਂ ਬਣ ਕੇ ਰਹਿ ਗਈਆਂ ਹਨ। ਇਕ ਵਾਰੀ ਮੀਨਾ ਕੁਮਾਰੀ ਨੇ ਉਨ੍ਹਾਂ ਦੀ ਕਿਸੇ ਲਿਖਤ ਉੱਤੇ ਟਿੱਪਣੀ ਕਰ ਦਿੱਤੀ। ਸਰਹੱਦੀ ਸਾਹਿਬ ਨੇ ਮੀਨਾ ਕੁਮਾਰੀ ਨੂੰ ਕਿਹਾ, "ਜਦ ਮੈਂ ਤੁਹਾਡੀ ਐਕਟਿੰਗ ਵਿੱਚ ਦਖਲ ਨਹੀਂ ਦਿੰਦਾ, ਤੁਸੀਂ ਮੇਰੀ ਲਿਖਤ ਵਿੱਚ ਲੱਤ ਕਿਉਂ ਅੜਾਉਂਦੇ ਹੋ। ਤੁਹਾਨੂੰ ਤਾਂ ਅਜੇ ਅਲਫ-ਬੇ ਦਾ ਵੀ ਨਹੀਂ ਪਤਾ।"

ਜਦੋਂ ਉਹ 'ਸਿਲਸਿਲਾ' ਫਿਲਮ ਦੇ ਸੈੱਟ ਤੇ ਕੁਝ ਵੀ ਪੜ੍ਹਦੇ ਲਿਖਦੇ ਸਨ ਤਾਂ ਅਮਿਤਾਭ ਬਚਨ ਉਨ੍ਹਾਂ ਦੇ ਕੋਲ ਹੀ ਬੈਠਾ ਰਹਿੰਦਾ ਸੀ। ਉਨ੍ਹਾਂ ਨੇ ਅਮਿਤਾਭ ਬਚਨ ਨੂੰ ਕਹਿਣਾ, "ਕਿਉਂ ਮੇਰੇ ਸਿਰਹਾਣੇ ਬੈਠੇ ਹੋ ? ਆਪਣੇ ਸ਼ਾਟ ਦੀ ਤਿਆਰੀ ਕਰੋ।" ਅਮਿਤਾਭ ਬਚਨ ਨੇ ਕਹਿਣਾ, "ਜੇ ਸਿਰਹਾਣੇ ਨਹੀਂ, ਆਪ ਦੇ ਪੈਰਾਂ ਵੱਲ ਬੈਠ ਜਾਂਦਾ ਹਾਂ।" ਉਹ ਹਮੇਸ਼ਾਂ ਉਨ੍ਹਾਂ ਦੇ ਪੈਰਾਂ ਵਿੱਚ ਬੈਠਾ ਸਰਹੱਦੀ ਸਾਹਿਬ ਦੀਆਂ ਲੱਤਾਂ ਘੁੱਟਣ ਲੱਗ ਜਾਂਦਾ। ਇਕ ਵਾਰ ਸਰਹੱਦੀ ਸਾਹਿਬ ਨੇ ਹੱਸਦੇ ਹੋਏ ਅਮਿਤਾਭ ਬਚਨ ਨੂੰ ਕਿਹਾ, "ਰੇਖਾ ਆਪ ਕੀ ਤਰਫ ਨਜਰੇਂ ਟਿਕਾ ਕਰ

ਵੇਖ ਰਹੀ ਹੈ। ਜਾਓ ਉਸ ਸੇ ਬਾਤ ਕਰੋ ਔਰ ਪੂਛੋ ਕਿਆ ਚਾਹਤੀ ਹੈ।” ਅਮਿਤਾਭ ਜੀ ਮੁਸਕਰਾਏ ਔਰ ਕਹਿਨੇ ਲੱਗੇ, “ਦੂਸਰੀ ਤਰਫ ਜੈਅ ਭਾਦੁਰੀ ਵੀ ਵੇਖ ਰਹੀ ਹੈ।” ਸਰਹੱਦੀ ਸਾਹਿਬ ਹੱਸਣ ਲੱਗ ਪਏ। ਵੱਡੇ ਵੱਡੇ ਹੀਰੋ ਉਨ੍ਹਾਂ ਦਾ ਐਨਾ ਸਤਿਕਾਰ ਕਰਦੇ ਸਨ। ‘ਸਿਲਸਿਲਾ’ ਫਿਲਮ ਦੀ ਸ਼ੂਟਿੰਗ ਸਮੇਂ ਇਕ ਸੀਨ ਯਸ਼ ਜੀ ਵਾਰ ਵਾਰ ਕਰ ਰਹੇ ਸਨ ਪਰ ਫਿਰ ਵੀ ਓ ਕੇ ਨਹੀਂ ਹੋ ਰਿਹਾ ਸੀ। ਸਰਹੱਦੀ ਸਾਹਿਬ ਯਸ਼ ਜੀ ਨੂੰ ਕਹਿਨੇ ਲਗੇ, “ਅਗਰ ਆਪ ਠੀਕ ਨਹੀਂ ਕਰ ਸਕਤੇ ਤੋ ਘਰ ਬੈਠ ਜਾਓ। ਕੋਈ ਔਰ ਧੰਦਾ ਕਰੋ। ਕਿਉਂ ਸਮਾਂ ਬਰਬਾਦ ਕਰਤੇ ਹੋ।” ਕਿਸੇ ਵੀ ਵੱਡੇ ਨਿਰਮਾਤਾ ਜਾਂ ਨਿਰਦੇਸਕ ਦਾ ਹੌਸਲਾ ਨਾ ਪੈਂਦਾ ਉਨ੍ਹਾਂ ਦੀ ਕਹੀ ਗੱਲ ਨੂੰ ਟਾਲ ਦੇਣ ਦਾ।

‘ਸਿਲਸਿਲਾ’ ਫਿਲਮ ਦੀ ਇਕ ਹੋਰ ਦਿਲਚਸਪ ਘਟਨਾ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ। ਇਸ ਫਿਲਮ ਵਿੱਚ ਸਭ ਤੋਂ ਪਹਿਲਾਂ ਪ੍ਰਵੀਨ ਬਾਬੀ ਅਤੇ ਸਮਤਾ ਪਾਟਿਲ ਨੂੰ ਲਿਆ ਗਿਆ ਸੀ। ਯਸ਼ ਚੋਪੜਾ ਜੀ ਦੋ ਤਿੰਨ ਮਹੀਨੇ ਦੀ ਸ਼ੂਟਿੰਗ ਸ੍ਰੀਨਗਰ ਵਿੱਚ ਕਰ ਚੁੱਕੇ ਸਨ ਪਰ ਪਤਾ ਨਹੀਂ ਕਿਉਂ ਯਸ਼ ਜੀ ਦਾ ਸ਼ੂਟਿੰਗ ਤੇ ਕੰਮ ਕਰਦੇ ਸਮੇਂ ਮਨ ਨਹੀਂ ਜੰਮਦਾ ਸੀ। ਕੁਝ ਭਰਿਆ ਹੋਇਆ ਵੀ ਖਾਲੀ ਖਾਲੀ ਲੱਗ ਰਿਹਾ ਸੀ। ਉਨ੍ਹਾਂ ਨੇ ਇਹ ਗੱਲ ਸਰਹੱਦੀ ਹੁਰਾਂ ਤੇ ਅਮਿਤਾਭ ਹੁਰਾਂ ਨਾਲ ਸਾਂਝੀ ਕੀਤੀ। ਕੁਝ ਦਿਨ ਸੋਚ ਵਿਚਾਰ ਕਰਨ ਮਗਰੋਂ ਸਰਹੱਦੀ ਸਾਹਿਬ ਕਹਿਣ ਲੱਗੇ ਕਿ ਫਿਲਮ ਦੀਆਂ ਦੋਵੇਂ ਐਕਟਰੈੱਸ ਬਦਲ ਦਿਓ। ਸਭ ਹੈਰਾਨ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ।

ਯਸ਼ ਜੀ ਬੋਲੇ, “ਯੇਹ ਕਿਆ ਕਹਿ ਰਹੇ ਹੋ ?”

ਸਰਹੱਦੀ ਸਾਹਿਬ ਬੋਲੇ, “ਮੈਂ ਠੀਕ ਕਹਿ ਰਹਾਂ ਹੂੰ।”

“ਫਿਰ ਫਿਲਮ ਮੇਂ ਕਿਸ ਕੋ ਲੇਨਾ ਹੈ ?”

ਸਰਹੱਦੀ ਸਾਹਿਬ ਨੇ ਕਿਹਾ, “ਰੇਖਾ ਔਰ ਜੈਅ ਭਾਦੁਰੀ ਕੋ।”

ਅਮਿਤਾਭ ਬੋਲੇ, “ਯੇਹ ਕਭੀ ਨਹੀਂ ਹੋ ਸਕਤਾ।”

ਸਰਹੱਦੀ ਸਾਹਿਬ ਬੋਲੇ, “ਯੇਹ ਹੋਗਾ ਔਰ ਹੋ ਕਰ ਹੀ ਰਹੇਗਾ।”

ਆਖਰ ਓਹੀ ਹੋਇਆ ਜੋ ਸਰਹੱਦੀ ਸਾਹਿਬ ਨੇ ਕਿਹਾ ਸੀ। ਚਿੜੀ ਦੀ ਅੱਖ ਅਰਜਨ ਨੂੰ ਹੀ ਨਹੀਂ ਦਿਸਦੀ ਸੀ, ਸਰਹੱਦੀ ਹੁਰਾਂ ਨੂੰ ਵੀ ਦਿਸਦੀ ਸੀ। ‘ਸਿਲਸਿਲਾ’ ਫਿਲਮ ਨੇ ਐਸੀ ਧੂਮ ਮਚਾਈ ਕਿ ਸਭ ਕੁਝ ਦਰਸ਼ਕ ਜਾਣਦੇ ਹਨ।

ਜਦੋਂ ਉਨ੍ਹਾਂ ਦੀ ਫਿਲਮ ਇੰਡਸਟਰੀ ਵਿਚ ਪੂਰੀ ਧੁੰਮ ਪੈ ਚੁੱਕੀ ਸੀ ਤਾਂ ਵੀ ਸਰਹੱਦੀ ਸਾਹਿਬ ਨੇ ਸਾਦਾ ਜ਼ਿੰਦਗੀ ਨੂੰ ਹੀ ਪਹਿਲ ਦਿੱਤੀ ਸੀ। ਉਹ ਜਦੋਂ ਵੀ ਸਫਰ ਕਰਦੇ ਤਾਂ ਟਰੇਨ ਵਿੱਚ ਹੀ ਕਰਦੇ ਸੀ। ਕਈ ਵਾਰ ਉਨ੍ਹਾਂ ਦੇ ਮਿੱਤਰਾਂ ਦੋਸਤਾਂ ਨੇ ਕਹਿਣਾ, “ਐਨੀ ਸੁਹਰਤ ਮਿਲਣ ’ਤੇ ਵੀ ਸਰਹੱਦੀ ਸਾਹਿਬ ਤੁਸੀਂ ਟਰੇਨ ਵਿੱਚ ਹੀ ਸਫਰ ਕਿਉਂ ਕਰਦੇ ਹੋ ?” ਤਾਂ ਉਨ੍ਹਾਂ ਕਹਿਣਾ, “ਜਿਨ੍ਹਾਂ ਲੋਕਾਂ ਤੇ ਲਿਖ ਲਿਖ ਕੇ ਐਨਾ ਰੁਪਇਆ ਕਮਾਉਂਦੇ ਹੋ ਫਿਰ ਉਨ੍ਹਾਂ ਵਿੱਚ ਵਿਚਰਨ ਤੋਂ ਕਿਉਂ ਡਰਦੇ ਹੋ। ਇਹ ਲੋਕ ਤੁਹਾਡੀ ਸਫਲਤਾ ਦਾ ਜਰੀਆ ਹੈ। ਅਗਰ ਅਵਾਮ ਤੁਹਾਡੇ ਨਾਲ ਹੈ, ਤੁਹਾਡੀ ਪਛਾਣ ਹੈ। ਬੇ-ਪਛਾਣ ਲੋਕਾਂ ਦੀ ਭੀੜ ਤਾਂ ਬਥੇਰੀ ਤੁਰੀ ਫਿਰਦੀ ਹੈ। ਮੈਂ ਭੀੜ ਦਾ ਹਿੱਸਾ ਨਹੀਂ, ਇਨ੍ਹਾਂ ਲੋਕਾਂ ਦਾ ਹਿੱਸਾ ਹਾਂ।”

‘ਨੂਰੀ’ ਫਿਲਮ ਦੀ ਕਹਾਣੀ ਉਨ੍ਹਾਂ ਦੇ ਪਿੰਡ ਦੀ ਅਸਲੀ ਕਹਾਣੀ ਸੀ। ਬਚਪਨ ਤੋਂ ਹੀ ਇਹ ਕਹਾਣੀ ਉਨ੍ਹਾਂ ਦੇ ਨਾਲ ਟਰੈਵਲ ਕਰ ਰਹੀ ਸੀ। ਜਦੋਂ ਉਨ੍ਹਾਂ ਇਸ ਪਿੰਡ ਦੀ ਕਹਾਣੀ ਨੂੰ

ਅਸਲੀ ਕਹਾਣੀ ਦਾ ਰੂਪ ਦਿੱਤਾ ਤਾਂ ਇਸ ਦਾ ਨਾਮ 'ਰਾਕਾ' ਰੱਖਿਆ ਸੀ। ਉਨ੍ਹਾਂ ਦੀ ਇਹ ਕਹਾਣੀ ਉਰਦੂ ਦੇ ਕਈ ਮਸਹੂਰ ਪੇਪਰਾਂ ਵਿੱਚ ਛਪੀ ਸੀ। ਅਖੀਰ ਇਹ 'ਰਾਕਾ' ਹੀ ਫਿਰ 'ਨੂਰੀ' ਵਿੱਚ ਤਬਦੀਲ ਹੋਈ। ਫਿਰ ਇਸ ਅਸਲੀ ਕਹਾਣੀ ਤੇ ਅਧਾਰਿਤ ਹੀ 'ਨੂਰੀ' ਫਿਲਮ ਦਾ ਨਿਰਮਾਣ ਹੋਇਆ ਸੀ। ਸਰਹੱਦੀ ਸਾਹਿਬ ਨੇ ਆਪਣੇ ਪਿੰਡ ਵਰਗੀ ਲੋਕੇਸਨ ਲੱਭ ਕੇ ਉਸ ਨੂੰ ਆਪਣੇ ਪਿੰਡ ਬਾਫਾ ਦਾ ਰੂਪ ਦਿੱਤਾ ਗਿਆ। 'ਨੂਰੀ' ਦਾ ਸੰਗੀਤ ਖਯਾਮ ਹੁਰਾਂ ਤਿਆਰ ਕੀਤਾ ਸੀ। ਅੱਜ ਵੀ ਹਰ ਦਰਸ਼ਕ ਗਾਉਂਦਾ ਹੈ ਨੂਰੀ, ਨੂਰੀ, ਨੂਰੀ। ਜਦ 'ਨੂਰੀ' ਫਿਲਮ ਬਣ ਰਹੀ ਸੀ ਤਾਂ ਸਰਹੱਦੀ ਸਾਹਿਬ ਇਕ ਹੋਰ ਵਾਕਿਆ ਦਾ ਵੀ ਜ਼ਿਕਰ ਕਰਦੇ ਹਨ। ਉਹ ਕਹਿੰਦੇ ਹਨ, "ਜੰਮੂ ਕਸ਼ਮੀਰ ਦੇ ਜਿਸ ਪਿੰਡ ਵਿੱਚ ਸ਼ੂਟਿੰਗ ਚੱਲ ਰਹੀ ਸੀ, ਉਸ ਤੋਂ ਥੋੜ੍ਹੀ ਦੂਰ ਇਕ ਸਰਦਾਰ ਜੀ ਦਾ ਢਾਬਾ ਸੀ। ਮੈਂ ਰੋਜ਼ਾਨਾ ਇਸ ਢਾਬੇ ਤੇ ਖਾਣਾ ਖਾਣ ਜਾਣਾ। ਉਸ ਨੇ ਰੋਜ਼ ਹੀ ਮਸਰ-ਮੂੰਗੀ ਦੀ ਦਾਲ ਅਤੇ ਦੋ ਫੁਲਕੇ ਮੇਰੇ ਅੱਗੇ ਰੱਖ ਦੇਣੇ। ਮੈਂ ਕੁਝ ਨਾ ਕਹਿਣਾ। ਖਾਣਾ ਖਾ ਕੇ ਆਪਣੇ ਸੈੱਟ ਤੇ ਆ ਜਾਣਾ। ਇਕ ਦਿਨ ਮੈਂ ਕਿਹਾ, "ਸਰਦਾਰ ਸਾਹਿਬ, ਕੱਲ੍ਹ ਨੂੰ ਮੇਰੇ ਸਾਥ ਬਹੁਤ ਵੱਡਾ ਆਦਮੀ ਆ ਰਿਹਾ ਹੈ। ਖਾਣਾ ਕੁਝ ਸਪੈਸ਼ਲ ਬਣਾ ਲੈਣਾ।" ਸਰਦਾਰ ਸਾਹਿਬ ਅੰਦਰ ਉਤਸੁਕਤਾ ਪੈਦਾ ਹੋਈ। ਉਹ ਸਰਹੱਦੀ ਸਾਹਿਬ ਨੂੰ ਪੁੱਛਣ ਲੱਗਾ, "ਐਸਾ ਕੌਣ ਸਾਬ ਆ ਰਿਹਾ ਹੈ ?" ਸਰਹੱਦੀ ਸਾਹਿਬ ਨੇ ਕਿਹਾ, "ਯਸ਼ ਚੋਪੜਾ ਜੀ ਆ ਰਹੇ ਹਨ।" ਸਰਦਾਰ ਜੀ ਝੱਟ ਬੋਲੇ, "ਕਭੀ ਕਭੀ ਫਿਲਮ ਵਾਲੇ ?" "ਹਾਂ, ਕਭੀ ਕਭੀ ਫਿਲਮ ਵਾਲੇ।" ਪਰ ਸਰਹੱਦੀ ਸਾਹਿਬ ਨੇ ਆਪਣੇ ਬਾਰੇ ਕੁਝ ਵੀ ਨਾ ਦੱਸਿਆ। ਸਰਦਾਰ ਜੀ ਅੰਦਰੋ ਅੰਦਰ ਖੁਸੀ ਮਹਿਸੂਸ ਕਰ ਰਹੇ ਸਨ। ਯਸ ਜੀ ਮੇਰੇ ਛੋਟੇ ਜਿਹੇ ਢਾਬੇ ਤੇ ਆ ਰਹੇ ਹਨ।

ਦੂਸਰੇ ਦਿਨ ਸਰਹੱਦੀ ਸਾਹਿਬ ਯਸ ਜੀ ਨੂੰ ਨਾਲ ਲੈ ਕੇ ਉਸ ਢਾਬੇ ਤੇ ਖਾਣਾ ਖਾਣ ਗਏ। ਜਦ ਸਰਦਾਰ ਜੀ ਨੇ ਖਾਣਾ ਤਿਆਰ ਕਰਕੇ ਟੇਬਲ ਤੇ ਰੱਖਿਆ ਤਾਂ ਦਾਲ ਫਿਰ ਮਸਰ-ਮੂੰਗੀ ਦੀ। ਸਰਹੱਦੀ ਜੀ ਸਰਦਾਰ ਜੀ ਨੂੰ ਕਹਿਣ ਲੱਗੇ, "ਮੈਂ ਤੁਹਾਨੂੰ ਕੁਝ ਸਪੈਸ਼ਲ ਬਣਾਉਣ ਨੂੰ ਕਿਹਾ ਸੀ।" ਸਰਦਾਰ ਜੀ ਬੋਲੇ, "ਸਪੈਸ਼ਲ ਹੀ ਹੈ। ਅੱਜ ਮੈਂ ਦਾਲ ਨੂੰ ਤੜਕਾ ਲਗਾ ਦਿੱਤਾ ਹੈ।" ਸਰਹੱਦੀ ਸਾਹਿਬ ਅਤੇ ਯਸ਼ ਜੀ ਖਿੜਖਿੜਾ ਕੇ ਹੱਸ ਪਏ। ਸਰਹੱਦੀ ਜੀ ਨੇ ਕਿਹਾ, "ਸਰਦਾਰ ਜੀ ਤੁਸੀਂ ਯਸ਼ ਜੀ ਨੂੰ ਮਿਲ ਸਕਦੇ ਹੋ। ਕੋਈ ਗੱਲ ਵੀ ਕਰ ਸਕਦੇ ਹੋ।" ਸਰਦਾਰ ਜੀ ਨੇ ਕਿਹਾ, "ਤੁਹਾਡੀ ਫਿਲਮ 'ਕਭੀ ਕਭੀ' ਮੈਂ ਕਈ ਵਾਰ ਵੇਖੀ। ਮੈਂ ਆਪਣੀ ਪਤਨੀ ਨੂੰ ਵੀ ਵਿਖਾਈ ਹੈ।" ਯਸ਼ ਜੀ ਨੇ ਕਿਹਾ, "ਵੋਹ ਫਿਲਮ ਮੇਰੀ ਨਹੀਂ ਇਸ ਆਦਮੀ ਕੀ ਹੈ।" ਸਰਦਾਰ ਜੀ ਵੇਖਦੇ ਹੀ ਰਹਿ ਗਏ। ਫਿਰ ਯਸ਼ ਜੀ ਨੇ ਕਿਹਾ, "ਇਹ ਸਾਗਰ ਸਰਹੱਦੀ ਹੈ। ਇਸ ਨੇ 'ਕਭੀ ਕਭੀ' ਫਿਲਮ ਦੀ ਕਹਾਣੀ ਅਤੇ ਡਾਇਲਾਗ ਲਿਖੇ ਹਨ। ਤਕਰੀਬਨ ਸਾਰਾ ਕੰਮ ਇਸ ਨੇ ਹੀ ਕੀਤਾ ਹੈ।" ਸਰਦਾਰ ਜੀ ਹੈਰਾਨ ਹੋ ਗਏ। ਐਨੇ ਦਿਨ ਤੋਂ ਇਹ ਆਦਮੀ ਉਸ ਦੇ ਢਾਬੇ ਤੇ ਆ ਰਿਹਾ ਸੀ ਪਰ ਦੱਸਿਆ ਕੁਝ ਨਹੀਂ ਸੀ। ਬੱਸ ਫਿਰ ਕੀ, ਸਰਦਾਰ ਜੀ ਅੰਦਰ ਪੰਜਾਬੀ ਜਾਗ ਪਿਆ। ਉਸ ਨੇ ਸਰਹੱਦੀ ਸਾਹਿਬ ਨੂੰ ਘੁੱਟ ਕੇ ਜੱਫੀ ਪਾ ਲਈ। ਖੁਸ਼ੀ ਵਿੱਚ ਖੀਵਾ ਹੋਇਆ ਕਹਿਣ ਲੱਗਾ, "ਸਾਬ ਬਹਾਦਰ, ਅੱਜ ਮੈਂ ਤੁਹਾਨੂੰ ਸਪੈਸ਼ਲ ਚਾਹ ਬਣਾ ਕੇ ਪਿਆਵਾਂਗਾ। ਦੁੱਧ ਰੋਕ ਕੇ ਅਤੇ ਪੱਤੀ ਜਰਾ ਠੋਕ ਕੇ ਪਾਵਾਂਗਾ। ਮੇਰੀ ਬਣੀ ਚਾਹ ਨੂੰ ਤੁਸੀਂ ਹਮੇਸਾ ਯਾਦ ਰੱਖੋਗੇ।" ਸਰਹੱਦੀ ਜੀ ਹਮੇਸਾ ਇਸ ਪਿਆਰੀ ਘਟਨਾ ਦਾ ਆਪਣੇ ਮਿੱਤਰਾਂ ਕੋਲ ਜ਼ਿਕਰ ਕਰਦੇ ਸੀ।

ਕਲਾ ਨੂੰ ਮਨੋਰੰਜਨ ਨਹੀਂ ਕਿਹਾ ਜਾ ਸਕਦਾ। ਕਲਾ ਤਾਂ ਅਨੰਦ ਹੈ। ਅਨੰਦ ਹੀ ਸਾਨੂੰ

ਵਿਸਮਾਦ ਵਿੱਚ ਲੈ ਕੇ ਜਾਂਦਾ ਹੈ। ਕਲਾ ਸਾਨੂੰ ਸਿਖਰਲੇ ਚਸ਼ਮਿਆ ਦੇ ਡੂੰਘੇ ਪਾਣੀਆਂ ਵਿੱਚ ਉੱਤਰਨ ਦਾ ਸੁਨੇਹਾ ਦੇ ਕੇ ਅਨੰਦ ਦੀ ਪੱਧਰ ਨੂੰ ਉੱਚਾ ਚੁੱਕ ਦਿੰਦੀ ਹੈ। ਅਸੀਂ ਕਈ ਵਾਰ ਕੁਝ ਕੰਮ ਮਨੋਰੰਜਨ ਲਈ ਨਹੀਂ, ਅਨੰਦ ਲਈ ਕਰਦੇ ਹਾਂ, ਸਕੂਨ ਲਈ ਕਰਦੇ ਹਾਂ, ਜਿਸ ਵਿੱਚੋਂ ਮੁਨਾਫਾ ਨਹੀਂ ਅਨੰਦ ਭਾਲਦੇ ਹਾਂ।

1982 ਵਿੱਚ ਬਣੀ ਆਰਟ ਫਿਲਮ 'ਬਾਜ਼ਾਰ' ਦਾ ਬਾਲੀਵੁੱਡ ਵਿੱਚ ਆਪਣਾ ਮੁਕਾਮ ਹੈ। ਸਰਹੱਦੀ ਸਾਹਿਬ 'ਬਾਜਾਰ' ਫਿਲਮ ਦੇ ਨਿਰਮਾਤਾ, ਨਿਰਦੇਸਕ, ਅਤੇ ਰਾਈਟਰ ਖੁਦ ਹੀ ਸਨ। ਇਸ ਫਿਲਮ ਵਿੱਚ ਨਸੀਰੂਦੀਨ ਸ਼ਾਹ, ਸਮਿਤਾ ਪਾਟਿਲ, ਫਾਰੂਕ ਸੇਖ, ਤੇ ਸੁਪ੍ਰਿਆ ਪਾਠਕ ਨੇ ਕੰਮ ਕੀਤਾ ਸੀ। ਇਸ ਫਿਲਮ ਦਾ ਸੰਗੀਤ ਖਯਾਮ ਨੇ ਤਿਆਰ ਕੀਤਾ ਸੀ। 'ਬਾਜ਼ਾਰ' ਫਿਲਮ ਦੇ ਗੀਤ ਅੱਜ ਵੀ ਲੋਕਾਂ ਦੀ ਜ਼ੁਬਾਨ ਉੱਤੇ ਹਨ। ਜਿਵੇਂ ਦਿਖਾਈ ਦੀਏ ਯੂੰ, ਫਿਰ ਛਿੜੀ ਰਾਤ, ਦੇਖ ਲੋ ਆਜ ਹਮ ਕੋ ਜੀ ਭਰ ਕੇ, ਆਦਿ। ਇਸ ਫਿਲਮ ਨੇ ਨਵੇਂ ਦਿਸਹੱਦਿਆਂ ਨੂੰ ਸਿਰਜਿਆ। ਸਰਹੱਦੀ ਸਾਹਿਬ ਜ਼ਿਕਰ ਕਰਦੇ ਹਨ, "ਇਹ ਫਿਲਮ ਤਿੰਨ ਵਾਰੀ ਦੂਰਦਰਸ਼ਨ ਤੇ ਦਿਖਾਈ ਗਈ। ਹਰ ਵਾਰੀ ਹੀ ਮੈਨੂੰ ਢਾਈ ਢਾਈ ਲੱਖ ਰੁਪਇਆ ਮਿਲਿਆ, ਜਿਸ ਵਿਚੋਂ ਜਦੋਂ ਮੈਂ 11 ਹਜ਼ਾਰ ਸੁਪ੍ਰਿਆ ਨੂੰ ਦਿੱਤੇ, ਉਹ ਲਵੇ ਨਾ। ਉਸ ਨੇ ਕਿਹਾ, 'ਤੁਸੀਂ ਮੈਨੂੰ ਬਰੇਕ ਦਿੱਤੀ। ਮੈਂ ਰੁਪਏ ਨਹੀਂ ਲੈਣੇ।' ਪਰ ਮੈਂ ਫਿਰ ਵੀ ਦਿੱਤੇ। ਚਾਲੀ ਹਜ਼ਾਰ ਰੁਪਏ ਸਮਤਾ ਪਾਟਿਲ ਨੂੰ ਦਿੱਤੇ। ਉਸ ਨੇ ਕਿਹਾ, 'ਮੈਂ ਕੰਮ ਪੈਸੇ ਲਈ ਨਹੀਂ ਸਰਹੱਦੀ ਸਾਹਿਬ ਜੀ ਤੁਹਾਡੇ ਲਈ ਕੀਤਾ ਹੈ।' ਬਾਕੀ ਸਾਰੀ ਟੀਮ ਨੂੰ ਮੈਂ ਜੋ ਦਿੱਤਾ, ਉਨ੍ਹਾਂ ਨੇ ਹੱਸ ਕੇ ਕਬੂਲ ਕਰ ਲਿਆ।" ਅੱਜ ਵੀ ਜਦੋਂ ਆਰਟ ਫਿਲਮਾਂ ਦੀ ਗੱਲ ਹੁੰਦੀ ਹੈ ਤਾਂ ਇਸ ਫਿਲਮ ਦਾ ਜ਼ਿਕਰ ਹੁੰਦਾ ਹੈ। ਜਦੋਂ 'ਬਾਜ਼ਾਰ' ਫਿਲਮ ਬਣ ਰਹੀ ਸੀ ਤਾਂ ਯਸ ਚੋਪੜਾ ਨੇ ਸਰਹੱਦੀ ਸਾਹਿਬ ਨੂੰ ਫੋਨ ਕੀਤਾ, "ਸਰਹੱਦੀ ਸਾਹਿਬ ਆਪ ਇਸ ਫਿਲਮ ਕੋ ਹਮਾਰੇ ਬੈਨਰ ਕੇ ਨੀਚੇ ਬਨਾ ਲੇਤੇ ਤੋ ਅੱਛਾ ਲਗਤਾ।" ਸਰਹੱਦੀ ਸਾਹਿਬ ਬੋਲੇ, "ਯਸ ਸਾਹਿਬ ਮੈਂ ਇਸ ਫਲਿਮ ਕੋ ਰੁਮਾਂਸ ਸੇ ਦੂਰ ਰਖਨਾ ਚਾਹਤਾ ਹੂੰ।" ਯਸ ਚੋਪੜਾ ਜੀ ਹੱਸ ਪਏ। ਪਰ ਯਸ ਜੀ ਦੀ ਦਰਿਆ ਦਿਲੀ ਵੇਖੋ। ਉਨ੍ਹਾਂ ਨੇ ਸਰਹੱਦੀ ਸਾਹਿਬ ਦੀ ਇਸ ਫਿਲਮ ਲਈ ਹਰ ਤਰਾਂ ਦੀ ਦਿਲ ਖੋਲ੍ਹ ਕੇ ਮਦਦ ਕੀਤੀ। ਅੱਜ ਵੀ ਇਸ ਫਿਲਮ ਦਾ ਹਰ ਥਾਂ ਹਵਾਲਾ ਦਿੱਤਾ ਜਾਂਦਾ ਹੈ। ਸਰਹੱਦੀ ਸਾਹਿਬ ਦਾ ਨਾਂ ਵੀ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਔਰਤ ਦਾ ਦਰਦ ਇਸ ਫਿਲਮ ਦੇ ਹਰ ਸੀਨ ਵਿੱਚੋਂ ਡੁੱਲ੍ਹ ਡੁੱਲ੍ਹ ਪੈਂਦਾ ਹੈ। ਇਹ ਫਿਲਮ ਸਰਹੱਦੀ ਸਾਹਿਬ ਦੀ ਆਪਣੀ ਪ੍ਰੋਡਕਸਨ ਸੀ।

ਸਰਹੱਦੀ ਸਾਹਿਬ ਨੇ ਨਸੀਰੂਦੀਨ ਸਾਹ, ਸਮਿਤਾ ਪਾਟਿਲ, ਦੀਪਤੀ ਨਵਲ, ਅਤੇ ਮਾਰਕ ਜੁਬੇਰ ਦੀ ਭੂਮਿਕਾ ਵਾਲੀ 'ਤੇਰੇ ਸਹਿਰ ਮੇਂ" ਨਾਂ ਦੀ ਫਿਲਮ ਬਣਾਉਣ ਦੀ ਯੋਜਨਾ ਬਣਾਈ ਸੀ ਪਰ ਫਿਲਮ ਬਣ ਨਹੀਂ ਸੀ ਸਕੀ। ਉਨ੍ਹਾਂ 'ਬਾਜ਼ਾਰ' ਦਾ ਦੂਜਾ ਭਾਗ ਬਣਾਉਣ ਬਾਰੇ ਵੀ ਸੋਚਿਆ ਸੀ ਪਰ ਉਨ੍ਹਾਂ ਦਾ ਸੁਪਨਾ ਸਾਕਾਰ ਨਹੀਂ ਸੀ ਹੋਇਆ। ਅਰਮਾਨਾਂ ਦੇ ਬੰਬਲ ਵੱਟਣੇ ਚਾਹੇ, ਪਰ ਵੱਟ ਨਾ ਹੋਏ। ਸਰਹੱਦੀ ਸਾਹਿਬ ਨੂੰ ਸਾਹਿਤ ਪੜ੍ਹਨ ਦਾ ਬਹੁਤ ਸ਼ੌਕ ਸੀ। ਉਹ ਆਪਣੀ ਇੰਟਰਵਿਊ ਵਿੱਚ ਜ਼ਿਕਰ ਕਰਦੇ ਹਨ ਕਿ ਉਨ੍ਹਾਂ ਨੇ ਮੁੰਬਈ ਦੇ ਖਾਲਸਾ ਕਾਲਜ ਵਿੱਚ ਪੜ੍ਹਾਈ ਕੀਤੀ। ਜਦੋਂ ਉਹ ਫਸਟ ਯੀਅਰ ਵਿੱਚ ਪੜ੍ਹਦੇ ਸਨ ਤਾਂ ਗੁਲਜ਼ਾਰ ਸਾਹਿਬ ਸੈਕੰਡ ਯੀਅਰ ਵਿੱਚ ਪੜ੍ਹਦੇ ਸੀ। ਜਦੋਂ ਵੀ ਗੁਲਜ਼ਾਰ ਸਾਹਿਬ ਨਾਲ ਤੇ ਬਾਕੀ ਮਿੱਤਰਾਂ ਨਾਲ ਮਿਲਣਾ ਤਾਂ ਗੁਲਜ਼ਾਰ ਸਾਹਿਬ ਨੇ ਹਮੇਸਾ ਵੱਡੇ ਲੇਖਕਾਂ ਦਾ ਜ਼ਿਕਰ ਕਰਕੇ ਗੱਲ ਕਰਨੀ। ਕਦੇ ਗਾਲਿਬ ਅਤੇ ਕਦੇ ਮੀਰ। ਹੋਰ ਵੀ ਬਹੁਤ। ਸਰਹੱਦੀ ਸਾਹਿਬ ਕਹਿੰਦੇ ਸਨ,

"ਇਹਨਾਂ ਗੱਲਾਂ ਦਾ ਮੇਰੇ ਤੇ ਬਹੁਤ ਅਸਰ ਹੋਇਆ। ਫਿਰ ਮੈਂ ਵੀ ਆਪਣੇ ਅੰਦਰ ਸੁੱਤੇ ਠੋਸ ਇਰਾਦੇ ਨੂੰ ਜਗਾਇਆ। ਮੈਂ ਰੋਜ਼ਾਨਾ ਅੱਠ-ਦੱਸ ਘੰਟੇ ਪੜ੍ਹਨਾ ਸ਼ੁਰੂ ਕਰ ਦਿੱਤਾ। ਜਿਸ ਵੀ ਵੱਡੇ ਲੇਖਕ ਦੀ ਕਿਤਾਬ ਮਿਲਦੀ ਮੈਂ ਪੜ੍ਹ ਕੇ ਹੀ ਸਾਹ ਲੈਂਦਾ। ਜਾਨ ਪਾਲ ਸਾਰਤਰ ਅਤੇ ਉਨ੍ਹਾਂ ਦੀ ਪਤਨੀ ਸਿਮੋਨ ਦਾ ਬੋਵੂਅਰ ਨੂੰ ਰੱਜ ਕੇ ਪੜ੍ਹਿਆ।"

ਕਾਲਜ ਦੇ ਦਿਨਾਂ ਨੂੰ ਯਾਦ ਕਰਕੇ ਉਹ ਹਮੇਸ਼ਾ ਆਖਦੇ ਸਨ। "ਮੈਨੂੰ ਹਮੇਸ਼ਾ ਹੀ ਸੱਯਦ ਜ਼ਾਹੀਰ ਹੁਰਾਂ ਨੇ ਬਹੁਤ ਸਪੋਰਟ ਕੀਤਾ। ਉਸ ਇਨਸਾਨ ਨੇ ਮੇਰੇ ਅੰਦਰ ਦੇ ਸਾਗਰ ਨੂੰ ਵੇਖ ਲਿਆ ਸੀ। ਉਹ ਜਦ ਵੀ ਮਿਲਦੇ ਉਨ੍ਹਾਂ ਕਹਿਣਾ ਸਾਗਰ ਕਿਆ ਲਿਖ ਰਹੇ ਹੋ ? ਕਿਆ ਪੜ੍ਹ ਰਹੇ ਹੋ ? ਔਰ ਕਿਆ ਕਰ ਰਹੇ ਹੋ ? ਮੈਨੂੰ ਘੁੱਟ ਕੇ ਜੱਫੀ ਪਾ ਲੈਣੀ। ਉਨ੍ਹਾਂ ਦਾ ਮੋਹ ਅਜੇ ਵੀ ਮੇਰੇ ਰੋਮ ਰੋਮ ਵਿੱਚ ਵਸਿਆ ਹੈ। ਉਹ ਹਰ ਕਦਮ ਤੇ ਮੈਨੂੰ ਯਾਦ ਆਉਂਦੇ ਹਨ।"

ਸਰਹੱਦੀ ਸਾਹਿਬ ਨੇ ਮੁੰਬਈ ਵਿੱਚ ਸਭ ਤੋਂ ਪਹਿਲਾਂ ਜੋ ਫਿਲਮ ਵੇਖੀ, ਉਹ ਫਿਲਮ 'ਜੋਗਨ' ਸੀ।

ਇਕ ਵਾਰ ਉਨ੍ਹਾਂ ਦਾ ਦੋਸਤ ਉਨ੍ਹਾਂ ਨੂੰ ਮਿਲਣ ਆਇਆ। ਸਰਹੱਦੀ ਸਾਹਿਬ ਘਰ ਦੀ ਲਾਇਬ੍ਰੇਰੀ 'ਚ ਲੱਗੇ ਬੈੱਡ ਤੇ ਬੈਠੇ ਕੁਝ ਪੜ੍ਹ ਰਹੇ ਸਨ। ਉਨ੍ਹਾਂ ਦਾ ਦੋਸਤ ਆਲੇ ਦੁਆਲੇ ਦਾ ਮਾਹੌਲ ਵੇਖ ਕੇ ਹੈਰਾਨ ਰਹਿ ਗਿਆ। ਕੁਝ ਚਿਰ ਰੁਕ ਕੇ ਪੁੱਛਣ ਲੱਗਾ, "ਸਰਹੱਦੀ ਸਾਹਿਬ, ਬੈੱਡ ਤੇ ਚਾਕੂ ਅਤੇ ਕੈਂਚੀ ਕਿਉਂ ਰੱਖੇ ਹਨ ? ਇਨ੍ਹਾਂ ਦਾ ਸਾਹਿਤ ਨਾਲ ਕੀ ਲੈਣਾ ਦੇਣਾ ਹੈ ?" ਸਰਹੱਦੀ ਸਾਹਿਬ ਹੱਸ ਕੇ ਕਹਿਣ ਲੱਗੇ, "ਤੇਰੇ ਮਾਰਨ ਨੂੰ।" ਦੋਸਤ ਖਿੜ-ਖਿੜਾ ਕੇ ਹੱਸ ਪਿਆ। ਸਰਹੱਦੀ ਸਾਹਿਬ ਨੇ ਕਿਹਾ, "ਇਹ ਮੈਂ ਇਸ ਲਈ ਰੱਖੇ ਹਨ ਕਿ ਮੇਰੇ ਘਰ ਹਰ ਅਖਬਾਰ ਅਤੇ ਮੈਗਜ਼ੀਨ ਆਉਂਦਾ ਹੈ। ਉਨ੍ਹਾਂ ਵਿੱਚ ਲਿਖਿਆ ਜੋ ਮੈਨੂੰ ਚੰਗਾ ਲੱਗੇ ਮੈਂ ਉਸ ਦੀ ਕਟਿੰਗ ਕੱਟ ਕੇ ਰੱਖ ਲੈਂਦਾ ਹਾਂ। ਸਾਡੇ ਨਾਲੋਂ ਵੀ ਚੰਗਾ ਲਿਖਣ ਵਾਲੇ ਬਹੁਤ ਹਨ। ਕਈ ਵਾਰੀ ਸਾਡੇ ਨਾਲੋਂ ਵੀ ਕਈਆਂ ਨੇ ਚੰਗੀਆਂ ਗੱਲਾਂ ਲਿਖੀਆਂ ਹੁੰਦੀਆਂ ਹਨ। ਦੁਨੀਆ ਪਰੇ ਤੋਂ ਪਰੇ ਹੈ। ਹਰ ਛੋਟੇ ਵੱਡੇ ਤੋਂ ਕੁਝ ਨਾ ਕੁਝ ਅਸੀਂ ਸਿੱਖਦੇ ਹਾਂ। ਚੰਗਾ ਪੜ੍ਹ ਕੇ ਖੁਸ਼ੀ ਹੁੰਦੀ ਹੈ। ਇਹ ਸਾਹਿਤ ਹੀ ਜੀਵਨ ਹੈ। ਗਿਆਨ ਹਰ ਆਦਮੀ ਦਾ ਤੀਜਾ ਨੇਤਰ ਹੈ।" ਉਨ੍ਹਾਂ ਦਾ ਦੋਸਤ ਸਾਰੀ ਵਿਥਿਆ ਸੁਣ ਕੇ ਹੈਰਾਨ ਰਹਿ ਗਿਆ। ਐਡੇ ਵੱਡੇ ਲੇਖਕ ਵਿੱਚ ਐਨੀ ਨਿਮਰਤਾ!

ਸਾਗਰ ਸਰਹੱਦੀ ਇੱਕ ਭਾਰਤੀ ਨਿੱਕੀ ਕਹਾਣੀ ਲੇਖਕ, ਨਾਟਕਕਾਰ, ਨਿਰਦੇਸ਼ਕ ਅਤੇ ਫਿਲਮ ਨਿਰਮਾਤਾ ਸੀ। ਉਸ ਦਾ ਜਨਮ ਬਾਫਾ (ਉਸ ਸਮੇਂ ਬ੍ਰਿਟਿਸ ਭਾਰਤ ਅਤੇ ਹੁਣ ਪਾਕਿਸਤਾਨ ਵਿਚ) ਵਿੱਚ ਹੋਇਆ ਸੀ। ਉਸ ਨੇ ਉਰਦੂ ਵਿੱਚ ਨਿੱਕੀਆਂ ਕਹਾਣੀਆਂ ਲਿਖਣ ਤੋਂ ਸ਼ੁਰੂ ਕੀਤਾ ਅਤੇ ਫਿਰ ਉਰਦੂ ਨਾਟਕਕਾਰ ਵਜੋਂ ਲਿਖਣਾ ਜਾਰੀ ਰੱਖਿਆ। ਉਸ ਦੀਆਂ ਲਿਖੀਆਂ ਕੁਝ ਫਿਲਮਾਂ ਇਹ ਹਨ:

ਕਭੀ ਕਭੀ (1976), ਨੂਰੀ (1979), ਸਿਲਸਿਲਾ (1981), ਚਾਂਦਨੀ (1989)
ਫਾਸਲੇ , ਰੰਗ , ਜ਼ਿੰਦਗੀ (1976), ਦ ਅਦਰ ਮੈਨ , ਕਰਮਯੋਗੀ
ਕਹੋ ਨਾ ਪਿਆਰ ਹੈ, ਕਾਰੋਬਾਰ , ਬਾਜ਼ਾਰ, ਚੌਸਰ

ਟੀਸੀ ਵਾਲੇ ਬੇਰ ਨੂੰ ਐਵੇਂ ਨਹੀਂ ਲੁੱਗ ਕਿਹਾ ਜਾਂਦਾ, ਕੁਝ ਤਾਂ ਖ਼ਾਸੀਅਤ ਹੁੰਦੀ ਹੈ। ਪਰ ਸਾਗਰ ਸਰਹੱਦੀ ਵਿੱਚ ਖ਼ਾਸੀਅਤ ਨੱਕੋ ਨੱਕ ਭਰੀ ਹੋਈ ਸੀ। ਕਦੇ ਵੀ ਉਨ੍ਹਾਂ ਨੇ ਖ਼ੁਦ ਨੂੰ ਛਲਕਣ ਨਹੀਂ ਸੀ ਦਿੱਤਾ, ਕਦੇ ਡੁੱਲ੍ਹਣ ਨਹੀਂ ਸੀ ਦਿੱਤਾ।

✶✶✶

# ਸਾਹਿਤਕ ਖੇਤਰ ਅਤੇ  ਲੋਕ-ਰੂੜ੍ਹੀਆਂ( Folk Motif)

ਡਾ. ਸੁਨੀਤਾ ਰਾਣੀ

ਭਾਰਤ ਦੇ ਅੰਤਰਗਤ 'ਫੋਕਲੋਰ' (Folk lore) ਦਾ ਇੱਕ ਅਨੁਸ਼ਾਸਨ ਦੇ ਪੱਧਰ ਉੱਤੇ ਆਰੰਭ ਹੋਣ ਮਗਰੋਂ ਭਾਰਤੀ ਭਾਸ਼ਾਵਾਂ ਦੇ ਅੰਤਰਗਤ ਇਸ ਦੇ ਸਮਅਰਥੀ ਅਰਥ ਲੱਭਣ ਦਾ ਪ੍ਰਯਤਨ ਹੋਇਆ। ਦੱਖਣੀ ਭਾਸ਼ਾਵਾਂ ਵਿੱਚ 'ਜਨਪਦ', 'ਲੋਕ-ਵਿਰਸਾ' (ਪਾਕਿਸਤਾਨ), ਬੰਗਾਲੀ ਵਿੱਚ 'ਲੋਕ-ਸਾਹਿਤ' ਅਤੇ ਹਿੰਦੀ ਭਾਸ਼ਾ ਵਿੱਚ 'ਲੋਕਯਾਨ' ਸ਼ਬਦ ਪ੍ਰਚਲਿੱਤ ਕਰਨ ਦੀਆਂ ਵਿਸ਼ੇਸ਼ ਕੋਸ਼ਿਸ਼ਾਂ ਹੋਈਆਂ। ਪੰਜਾਬੀ ਭਾਸ਼ਾ ਵਿੱਚ ਡਾ. ਕਰਨੈਲ ਸਿੰਘ ਨੇ 'ਲੋਕਯਾਨ', ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ 'ਲੋਕਧਾਰਾ', ਡਾ. ਹਰਿਭਜਨ ਸਿੰਘ ਨੇ 'ਲੋਕ ਵੇਦ', ਤੇਜਾ ਸਿੰਘ ਨੇ 'ਲੋਕ-ਪਰੰਪਰਾ', ਸ਼ਬਦ ਦਾ ਪ੍ਰਯੋਗ ਕੀਤਾ।ਪੰਜਾਬੀ ਲੋਕਧਾਰਾ ਨਾਲ ਜੁੜੇ ਵਿਦਵਾਨ ਡਾ. ਕਰਮਜੀਤ ਸਿੰਘ, ਡਾ.ਜ਼ਲੋਰ ਸਿੰਘ ਖੀਵਾ,ਡਾ. ਲਾਭ ਸਿੰਘ ਖੀਵਾ, ਡਾ. ਜਸਵੰਤ  ਰਾਏ ਆਦਿ ਨੇ ਆਪਣੇ ਅਧਿਐਨ ਕਾਰਜ ਵਿੱਚ 'ਲੋਕਧਾਰਾ'(Folk lore) ਸ਼ਬਦ ਦਾ ਹੀ ਇਸਤੇਮਾਲ ਕੀਤਾ ਹੈ।

ਵਹਿੰਦੇ ਮਨਾਂ ਦਾ ਵੇਗ ਲੋਕਧਾਰਾ ਹੈ। ਲੋਕਧਾਰਾ ਦੇ ਸਾਹਿਤਕ ਖੇਤਰ (**Field**) ਦਾ ਪਾਸਾਰ ਮਹਾਂ-ਸਾਗਰ ਦੀ ਤਰ੍ਹਾ ਫੈਲਿਆ ਹੋਇਆ ਹੈ। ਜਿਸ ਦੇ ਵਿੱਚ ਲੋਕ ਸਾਹਿਤ ਦੇ ਇੱਕ ਤੋਂ ਵੱਧ ਦਰਿਆ ਵੀ ਸਮੋਏ ਮਿਲਦੇ ਹਨ। ਲੋਕ ਬਿਰਤਾਂਤ ਆਮ ਲੋਕਾਂ ਦੇ ਦੁੱਖਾਂ-ਸੁੱਖਾਂ ਤੇ ਹੋਰ ਇੱਛਾਵਾਂ ਨਾਂ ਦੇ ਝਰਨੇ ਅਤੇ ਖੱਡਾਂ ਤੋਂ ਉਪਜੀਆਂ ਨਹਿਰਾਂ ਹਨ। ਜਿਹਨਾਂ ਦੀ ਸਿਰਜਨਾ ਦਾ ਅਧਾਰ ਭਾਸ਼ਾ ਅਤੇ ਗੈਰ-ਭਾਸ਼ਾ ਬਨਦੀ ਹੈ। ਗੈਰ ਭਾਸ਼ਾ ਪ੍ਰਤੀਕਾਂ ਤੇ ਚਿੰਨ੍ਹਾ ਦੁਆਲੇ  ਕੇਂਦਰਿਤ ਹੈ। ਬਿਰਤਾਂਤ ਵਿੱਚ ਲੋਕ-ਮਨ ਦੀਆਂ ਕੁਝ ਕੁ ਇੱਛਾਵਾਂ ਦਾ ਪ੍ਰਗਟਾਵਾ ਚਿੰਨ੍ਹਾਂ ਤੇ ਪ੍ਰਤੀਕਾਂ ਵਿੱਚ ਵੀ ਕੀਤਾ ਜਾਂਦਾ ਹੈ। ਇਸ ਤਰ੍ਹਾਂ ਲੋਕ-ਮਨ ਦੀ ਸਿਰਜਣਾ ਤੇ ਲੋਕ-ਰੂੜ੍ਹੀਆਂ ਲੋਕ ਬਿਰਤਾਂਤਾਂ ਨੂੰ ਸਿਰਜਿਤ ਕਰਨ ਹਿੱਤ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਤਰਾਂ ਲੋਕਧਾਰਾ ਉਹਨਾਂ ਸਮੂਹਿਕ ਸਿਰਜਨਾਵਾਂ ਦਾ ਸਮੁੱਚਾ ਪ੍ਰਬੰਧ ਹੁੰਦੀ ਹੈ ਜਿਹੜੀਆਂ ਸਿਰਜਨਾਵਾਂ ਨੂੰ ਕਿਸੇ ਸਭਿਆਚਾਰਕ ਸਮੂਹ ਦੇ ਲੋਕਾਂ ਨੇ ਲੋਕ-ਮਨ ਦੀਆਂ ਮੂਲ ਪ੍ਰਵਿਰਤੀਆਂ ਦੇ ਮੁਤਾਬਿਕ ਤੇ ਲੋਕ-ਸਾਂਸਕ੍ਰਿਤੀ ਵਿਚੋਂ ਲੋਕ-ਰੂੜ੍ਹੀਆਂ ਜਿਹੇ ਤੱਤਾਂ ਦੇ ਆਧਾਰ ਉੱਤੇ ਸਿਰਜਿਆ ਹੁੰਦਾ ਹੈ। ਕਿਸੇ ਸਥਾਨ ਉੱਤੇ ਵਸਦੇ ਲੋਕਾਂ ਦੇ ਇੱਕ ਖਾਸ ਸਮੇਂ ਦੇ ਹਾਲਾਤਾਂ ਵਿੱਚੋਂ ਜਿਹੜੇ ਸਾਂਝੇ ਮਨੋਭਾਵ ਵਿਅਕਤ ਹੁੰਦੇ ਹਨ, ਉਹ ਲੋਕ-ਰੂੜ੍ਹੀ ਅਖਵਾਉਂਦੇ ਹਨ। ਇੱਕੋ ਸ਼ਬਦ ਜਦੋਂ ਆਮ-ਜਨਤਾ ਦੀ ਜ਼ੁਬਾਨ ਉੱਤੇ ਪੀੜ੍ਹੀ ਦਰ ਪੀੜ੍ਹੀ ਵਾਰ-ਵਾਰ ਦੁਹਾਰਾਇਆ ਜਾਂਦਾ ਹੈ ਤਾਂ ਉਸ ਸ਼ਬਦ ਦਾ ਰੂੜ੍ਹ ਜਾਣਾ ਭਾਵ ਲੋਕਾਂ ਦੀ ਜ਼ੁਬਾਨ ਉੱਤੇ ਟਿੱਕ ਜਾਣਾ ਹੀ ਲੋਕ-ਰੂੜ੍ਹੀ ਹੈ। ਮਨੁੱਖ ਜਾਤੀ ਦੀ ਮਾਨਸਿਕਤਾ, ਸੰਰਚਨਾ ਜਾਂ ਬਣਤਰ ਉਹਨਾਂ ਦੇ ਵਿਵਹਾਰ ਦੇ ਵਿਸ਼ੇਸ਼ ਪੈਟਰਨ, ਧਰਮ, ਮਾਨਤਾਵਾਂ, ਆਸਥਾਵਾਂ, ਦਰਸ਼ਨ,  ਕਲਪਨਾ ਆਦਿ ਹੋਰ ਸਭਿਆਚਾਰਕ ਫੈਲਾਉ ਲੋਕ-ਰੂੜ੍ਹੀ ਵਿੱਚ ਸੰਗਠਿਤ ਮਿਲਦੇ ਹਨ। ਲੋਕਾਂ ਦਾ ਸਮੂਹਿਕ ਮਨ ਹੀ ਲੋਕ-ਰੂੜ੍ਹੀ ਨੂੰ ਜਨਮ ਦਿੰਦਾ ਹੈ। ਸਮਾਜਿਕ-ਸਭਿਆਚਾਰਕ ਪ੍ਰਸੰਗ ਵਿੱਚ ਵਿਚਰਦਿਆਂ ਮਨੁੱਖ ਦੇ ਕੁਝ ਭਾਵ ਜਾਂ ਵਿਚਾਰ ਵਿਸ਼ਾਲ ਬਣ ਜਾਂਦੇ ਹਨ ਅਤੇ ਉਸਦੇ ਇਹ ਵਿਚਾਰ ਸਮੂਹ ਵਿੱਚ ਫੈਲ ਜਾਂਦੇ ਹਨ। ਸਮੂਹ ਦੁਆਰਾ ਵੀ ਇਹਨਾਂ ਵਿਚਾਰਾਂ ਨੂੰ ਵਰਤੋਂ ਵਿਹਾਰ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਲੋਕ-ਰੂੜ੍ਹੀ ਉਹਨਾਂ ਸਮੂਹਿਕ ਵਿਚਾਰਾਂ ਅਤੇ ਅਨੁਭਵਾਂ ਦਾ ਫਲ ਹੁੰਦੀ ਹੈ।

ਸਾਹਿਤਕ ਖੇਤਰ ਵਿੱਚ ਲੋਕ-ਰੂੜ੍ਹੀ ਇਕ ਤੱਤ ਵਜੋਂ ਵਿਦਮਾਨ ਹੁੰਦੀ ਹੈ। ਲੋਕ-ਮਨ ਜਦੋਂ ਕਿਸੀ ਘਟਨਾ ਜਾਂ ਵਿਚਾਰਧਾਰਾ ਦਾ ਬਿਰਤਾਂਤ ਸਿਰਜਿਤ ਕਰਦਾ ਹੈ ਤਾਂ ਉਸ ਬਿਰਤਾਂਤ ਦੀ ਬਣਤਰ ਵਿੱਚ ਲੋਕ-ਮਨ ਦੇ ਸੁਪਨੇ ਉਹਨਾਂ ਦੀਆਂ ਇੱਛਾਵਾਂ ਜਾਂ ਉਹਨਾਂ ਦੇ ਉੱਚੇ ਖ਼ੁਆਬ, ਨਿੱਜੀ ਲਾਲਸਾਵਾਂ, ਪਰੰਪਰਾਵਾਂ (ਰੀਤੀ-ਰਿਵਾਜ, ਰਹੁ-ਰੀਤਾਂ, ਵਿਸ਼ਵਾਸ਼) ਅਤੇ ਲੋਕ-ਸੰਸਕ੍ਰਿਤੀ ਦਾ ਤਾਣਾ-ਬਾਣਾ ਆਦਿਕ ਤੱਤ ਸ਼ਾਮਿਲ ਹੁੰਦੇ ਹਨ। ਲੋਕ-ਰੂੜ੍ਹੀ ਸਮਾਜ-ਸਭਿਆਚਾਰਕ ਮਨੁੱਖੀ  ਜੀਵਨ ਦੀ ਪ੍ਰਸਤੁਤੀ ਕਰਨ ਦੀ ਜੁਗਤ ਨਾਲ ਤਾਲ-ਮੇਲ ਰੱਖਣ ਵਾਲਾ ਇੱਕ ਲੋਕਧਰਾਈ ਸੰਕਲਪ ਹੈ। ਜਿਸ ਦੀ ਸਿਰਜਨਾ ਲੋਕ-ਮਨ ਨੇ ਆਪਣੀਆਂ ਵਿਅਕਤੀਗਤ ਪ੍ਰਵਿਰਤੀਆਂ ਮੁਤਾਬਿਕ ਕੀਤੀ ਹੁੰਦੀ ਹੈ। ਸਟੈਂਡਰਡ ਡਿਕਸ਼ਨਰੀ ਆਫ਼ ਫੋਕਲੋਰ (Standard Dictionary of Folklore ) ਅਨੁਸਾਰ:-

> "ਲੋਕਧਾਰਾਈ ਅਧਿਐਨ ਵਿੱਚ ਪਦ ਰੂੜ੍ਹੀ ਉਸ ਖਾਸ ਅੰਗ ਲਈ ਵਰਤਿਆ ਜਾਂਦਾ ਹੈ, ਜਿਸ ਦੀ ਵਰਤੋਂ ਕਿਸੇ ਲੋਕਧਾਰਾਈ ਸਿਰਜਣਾ ਦੇ ਅਧਿਐਨ ਲਈ ਕੀਤੀ ਜਾਵੇ... ਅਕਸਰ ਪਦ ਰੂੜ੍ਹੀ ਪਰੰਪਰਾਗਤ ਲੋਕ-ਕਹਾਣੀ ਵਿੱਚ ਪ੍ਰਾਪਤ ਖਾਸ 'ਤੱਤ' ਲਈ ਵਰਤ ਲਿਆ ਜਾਂਦਾ ਹੈ, ਇੱਥੇ ਹੀ ਤੱਥ ਧਿਆਨਯੋਗ ਹੈ ਕਿ ਪਰੰਪਰਾ ਦਾ ਅੰਗ ਬਣਨ ਲਈ ਇਹ ਤੱਤ ਲੋਕ ਸਮੂਹ ਦੁਆਰਾ ਯਾਦ ਰੱਖਿਆ ਜਾਵੇ ਅਤੇ ਬਾਰ-ਬਾਰ ਦੁਹਰਾਇਆ ਜਾਵੇ।"[1]

ਲੋਕ-ਕਹਾਣੀਆਂ ਵਿੱਚ ਪੇਸ਼ 'ਲੋਕ-ਰੂੜ੍ਹੀ' ਲੋਕਾਂ ਦੇ ਸਮੂਹ ਦੇ ਸਮੂਹਿਕ ਅਸਤਿੱਤਵ ਨੂੰ ਪ੍ਰਗਟਾਉਣ ਵਾਲਾ ਇਕ ਮੱਹਤਵਪੂਰਨ ਤੱਤ ਹੈ। ਲੋਕਾਂ ਦੇ ਮਨ ਦਾ ਉਬਾਲ, ਪਰੰਪਾਰਾਗਤ ਵਿਸ਼ਵਾਸ਼, ਮਨੌਤਾਂ ਆਦਿਕ। ਲੋਕ-ਰੂੜ੍ਹੀ ਦੇ ਪ੍ਰਮੁੱਖ ਲੱਛਣ ਬਣਦੇ ਹਨ।

> "ਲੋਕ-ਕਹਾਣੀ ਦਾ ਸਭ ਤੋਂ ਛੋਟਾ ਤੱਤ ਜੋ ਪਰੰਪਰਾ ਵਿੱਚ ਸਥਿਰ ਰਹਿਣ ਦੀ ਸ਼ਕਤੀ ਰੱਖਦਾ ਹੋਵੇ, ਨੂੰ ਰੂੜ੍ਹੀ (Motif) ਕਹਿੰਦੇ ਹਨ।"[2]

ਕਹਿਣ ਤੋਂ ਭਾਵ ਉਹ ਸ਼ਬਦ ਜਿਹੜਾ ਕਿ ਲੋਕਾਂ ਦੀ ਮਾਨਸਿਕਤਾ ਉੱਤੇ ਆਪਣੀ ਸਥਿਰ ਛਾਪ ਲਾ ਲੈਂਦਾ ਹੈ ਅਤੇ ਜਿਸ ਉੱਤੇ ਪਰੰਪਰਾ ਹਾਵੀ ਹੁੰਦੀ ਹੈ।' ਸਾਹਿਤਕ ਖੇਤਰ ਵਿਚ ਲੋਕ-ਰੂੜ੍ਹੀ ਹੈ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ:-

> "ਹਰੇਕ ਜਾਤੀ ਦੇ ਸਾਹਿਤ ਦਾ ਆਧਾਰ ਕੁਝ ਵਿਸ਼ੇਸ਼ ਰੂੜ੍ਹੀਆਂ ਜਾਂ ਮੋਟਿਫ (Motif) ਹੁੰਦੇ ਹਨ, ਜੋ ਉਸ ਜਾਤੀ ਦੇ ਚਿਹਨ ਚਰਿਤ੍ਰ, ਜੀਵਨ ਵਿਹਾਰ, ਸੰਸਕ੍ਰਿਤਕ ਪਾਸਾਰ, ਸਮੂਹਿਕ ਅਨੁਭਵ ਅਤੇ ਆਦਰਸ਼, ਸੰਘਰਸ਼ ਅਤੇ ਲੋਚਾਂ ਦੀ ਇਤਿਹਾਸਕ ਯਾਤਰਾਂ ਵਿਚੋਂ ਉਭਰਦੇ ਹਨ।ਜਾਤੀ ਦਾ ਜੀਵਨ ਪ੍ਰਾਣ ਹੋਣ ਕਾਰਨ ਇਹ ਮੋਟਿਫ ਉਸਦੇ ਸਾਹਿਤ ਦਾ ਗੌਰਵ ਵੀ ਬਣਦੇ ਹਨ ਅਤੇ ਕਲਾਤਮਿਕ ਸ਼ਕਤੀ ਵੀ ਅਤੇ ਇਨ੍ਹਾਂ ਮੋਟਿਫਾਂ ਦੁਆਰਾ ਹੀ ਜਾਤੀ ਅਤੇ ਉਸਦੇ ਸਾਹਿਤ ਦੇ ਸਮੂਹਿਕ  ਅਸਤਿੱਤਵ ਦੀ ਪਛਾਣ ਹੁੰਦੀ ਹੈ।"[3]

ਇਸ ਪ੍ਰਕਾਰ ਲੋਕ-ਰੂੜ੍ਹੀ ਤੱਤ ਪਰੰਪਰਾ ਦੀ ਧੜਕਣ ਬਣਦਾ ਹੋਇਆ ਆਖਿਰ ਇੱਕ ਇਤਿਹਾਸਕ ਤੱਤ ਵੀ ਅਖਵਾਉਂਦਾ ਹੈ। ਇਹ ਇਤਿਹਾਸਕ ਤੱਤ ਵਸ਼ਿਸ਼ਟ ਸਾਹਿਤ ਅਤੇ ਲੋਕ-ਸਾਹਿਤ ਵਿੱਚ ਨਿਖੇੜੇ ਦਾ ਪੱਧਰ ਵੀ ਸਾਬਤ ਕਰਦਾ ਹੈ।

ਡਾ. ਤੇਜਿੰਦਰ ਸਿੰਘ ਦੇ ਅਨੁਸਾਰ:-

"ਲੋਕ-ਸੰਸਕ੍ਰਿਤੀ ਬਹੁਤ ਸਾਰੀਆਂ ਰੂੜ੍ਹੀਆਂ ਦਾ ਸਮੁੱਚ ਹੁੰਦੀ ਹੈ। ਇਹੋ ਰੂੜ੍ਹੀਆਂ ਵੱਖ-ਵੱਖ ਲੋਕਧਾਰਾਈ ਵਰਤਾਰਿਆ ਵਿੱਚ ਵਿਭਿੰਨ ਰੂਪਾਂ ਵਿਚ ਕਾਰਜਸ਼ੀਲ ਹੁੰਦੀਆਂ ਹਨ। ਪੰਜਾਬੀਆਂ ਦੀ ਸਹਿਤਕ ਸੰਸਕ੍ਰਿਤੀ, ਲੋਕ-ਸੰਸਕ੍ਰਿਤੀ ਦਾ ਬੌਧਿਕ ਤੇ ਭਾਵੁਕ ਪਾਸਾਰ ਹੈ। ਸੰਸਕ੍ਰਿਤੀ ਦੀਆਂ ਰੂੜ੍ਹੀਆਂ ਨੇ ਪੰਜਾਬੀ ਸਾਹਿਤ ਦੀਆਂ ਵਿਵਿਧ ਰੂਪ ਵਿਧਾਵਾਂ ਸੰਸਕ੍ਰਿਤੀ ਦੀ ਪੰਜਾਬੀਆਂ ਦੀਆਂ ਕਲਾਤਮਿਕ ਅਭਿਵਿਅਕਤੀਆਂ ਲਈ ਬੀਜ ਭੂਮੀ ਸਾਬਤ ਹੋਈ ਹੈ।"[4]

ਅਕਸਰ ਲੋਕ-ਸਾਹਿਤ ਦੇ ਅੰਤਰਗਤ ਇੱਕ ਰੂੜ੍ਹੀ ਦੂਸਰੀ ਰੂੜ੍ਹੀ ਦੇ ਪ੍ਰਸੰਗ ਵਿੱਚ ਵਿਚਰਦੀ ਹੈ। ਅਜਿਹੀਆਂ ਉਦਾਹਰਨਾਂ ਵਿਸ਼ੇਸ਼ ਪੱਧਰ ਤੇ ਅੰਕਾਂ ਦੀਆਂ ਰੂੜ੍ਹੀਆਂ ਦੀਆਂ ਮਿਲ ਜਾਂਦੀਆਂ ਹਨ। ਜਿਵੇਂ ਕਿ:- ਬਾਰ੍ਹਾਂ, ਅੱਠ, ਪੰਜ, ਸੱਤ, ਨੌਂ ਆਦਿਕ ਹੋਰ ਅਨੇਕਾਂ ਨੂੰ, ਹੋਰ ਰੂੜ੍ਹੀਆਂ ਦੇ ਪ੍ਰਸੰਗ ਵਿਚ ਆਮ ਵਿਚਰਦਾ ਵੇਖਿਆ ਜਾ ਸਕਦਾ ਹੈ।ਡਾ. ਜੋਗਿੰਦਰ ਸਿੰਘ ਕੈਰੋਂ ਦੇ ਅਨੁਸਾਰ:-

"ਰੂੜ੍ਹੀ ਤੋਂ ਭਾਵ ਕਿਸੇ ਕਹਾਣੀ ਦਾ ਉਹ ਦੁਹਰਾਉ ਤੱਤ ਹੁੰਦਾ ਹੈ, ਜਿਹੜਾ ਵੱਖ-ਵੱਖ ਲੋਕ-ਕਹਾਣੀਆਂ ਵਿੱਚ ਬਾਰ-ਬਾਰ ਦੁਹਰਾਇਆ ਜਾਂਦਾ ਹੈ ਅਤੇ ਇਹ ਆਪਣਾ ਅਰਥ ਦੂਜੀਆਂ ਰੂੜ੍ਹੀਆਂ ਦੇ ਪ੍ਰਸੰਗ ਵਿੱਚ ਉਜਾਗਰ ਕਰਦਾ ਹੈ। ਇੱਕਲੀਕਾਰੀ ਰੂੜ੍ਹੀ ਦਾ ਸਭਿਆਚਾਰਕ ਪ੍ਰਸੰਗ ਤਾਂ ਭਾਵੇ ਕੋਈ ਪਰੰਪਰਕ ਅਰਥ ਹੁੰਦਾ ਹੈ।ਪਰ ਸਾਧਾਰਨ ਸਥਿਤੀਆਂ ਵਿੱਚ ਨਹੀਂ।"[5]

ਸੋ ਰੂੜ੍ਹੀ ਆਪਣੇ ਆਪ ਵਿੱਚ ਸਭਿਆਚਾਰਕ ਪ੍ਰਸੰਗ ਨਾਲ ਜੁੜ ਕੇ ਇੱਕ ਪਰੰਪਰਕ ਅਰਥ ਦੀ ਸਿਰਜਨਾ ਕਰਦੀ ਹੈ। ਸਥਿਤੀਆਂ ਦੇ ਪ੍ਰਗਟਾਵੇ ਲਈ ਲੋਕ-ਬਿਰਤਾਂਤ ਦੇ ਹਿੱਸੇ ਲੋਕ-ਕਹਾਣੀਆਂ ਦੀਆਂ ਅਨੇਕਾਂ ਵੰਨਗੀਆਂ ਵਿੱਚ ਇੱਕ ਰੂੜ੍ਹੀ ਅਕਸਰ ਦੂਜੀ ਰੂੜ੍ਹੀ ਦੇ ਸੰਪਰਕ ਵਿੱਚ ਆਉਣ ਉਪਰੰਤ ਜਿਹੜੀ ਵਿਚਾਰਧਾਰਾ ਸਿਰਜਿਤ ਕਰਨ ਦਾ ਕਾਰਜ ਕਰ ਸਕਦੀ ਹੈ, ਉਹ ਸ਼ਾਇਦ ਇੱਕਲੀ-ਕਾਰੀ ਰੂੜ੍ਹੀ ਦੇ ਭਾਵਾਂ ਨਾਲ ਨਾ ਹੋਵੇ। ਰੂੜ੍ਹੀ ਨੂੰ ਦੂਸਰੇ ਸ਼ਬਦਾਂ ਵਿੱਚ ਮੋਟਿਫ (Motif) ਵੀ ਕਿਹਾ ਜਾਂਦਾ ਹੈ। ਡਾ. ਹਰਿਭਜਨ ਸਿੰਘ ਨੇ ਮੋਟਿਫ ਸ਼ਬਦ ਨੂੰ ਇਸ ਪ੍ਰਕਾਰ ਪਰਿਭਾਸ਼ਤ ਕਰਨ ਦਾ ਵਿਸ਼ੇਸ਼ ਉਪਰਾਲਾ ਕੀਤਾ ਹੈ:-

"ਮੋਟਿਫ ਅਜਿਹੀ ਇਕਾਈ ਨੂੰ ਕਿਹਾ ਜਾਂਦਾ ਸੀ ਜੋ ਕਿ ਇੱਕ ਤੋਂ ਵਧੀਕ ਕਿਰਤਾਂ ਵਿੱਚ ਮਿਲਦਾ ਹੈ। ਇਹ ਮੋਟਿਫ ਸਾਲਮ ਸਬੂਤੇ ਰੂਪ ਵਿੱਚ ਇਕ ਪਲਾਟ ਤੋਂ ਦੂਜੇ ਪਲਾਟ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਲੰਮੀ ਇਤਿਹਾਸਕ ਤੌਰ ਦੇ ਬਾਵਜੂਦ ਇਹ ਮੋਟਿਫ ਬੇ-ਬਦਲ ਬਣੇ ਰਹਿੰਦੇ ਹਨ। ਰੂਸੀ ਰੂਪਵਾਦੀਆਂ ਨੇ ਮੋਟਿਫ ਨੂੰ ਨਵੇਂ ਅਰਥਾਂ ਵਿੱਚ ਵਰਤਿਆ ਮੋਟਿਫ ਅਜੇਹੀ ਛੋਟੀ ਤੋਂ ਛੋਟੀ ਥੀਮਕ ਈਕਾਈ ਹੈ ਜੋ ਕਿਸੇ ਇਕ ਪਲਾਟ ਵਿੱਚ ਪਈ ਹੁੰਦੀ ਹੈ। ਇਸ ਦੀ ਸਾਰਥਿਕਤਾ ਉਸੇ ਪਲਾਟ ਵਿੱਚ ਹੈ ਅਤੇ ਇਸ ਨੂੰ ਹੋਰ ਪਲਾਟ ਵਿੱਚ ਪ੍ਰਵੇਸ਼ ਕਰਨ ਦੀ ਮਜ਼ਬੂਰੀ ਨਹੀਂ।"[6]

ਅਸਲ ਵਿੱਚ ਰੂੜ੍ਹੀ ਦੀ ਸਾਰਥਕਤਾ ਸਾਹਿਤ ਦੇ ਵਿਸ਼ੇ ਅਤੇ ਇਸ ਦੇ ਕਥਾਨਕ ਜਾਂ ਗੋਂਦ (ਪਲਾਟ) ਵਿਚ ਚਿਹਨਤ ਹੁੰਦੀ ਹੈ। ਲੋਕ-ਰੂੜ੍ਹੀ ਸਭਿਆਚਾਰਕ ਜਾਂ ਸਾਂਸਕ੍ਰਿਤ ਵਰਤਾਰਿਆਂ ਨੂੰ ਪ੍ਰਕਿਰਤੀ ਦੇ ਵਰਤਾਰਿਆਂ ਦੇ ਮੁਕਾਬਲੇ ਵਿੱਚ ਪ੍ਰਸਤੁਤ ਕਰਨ ਦੇ ਸਮੱਰਥ

ਹੁੰਦੀ ਹੈ। ਇਸ ਪ੍ਰਕਾਰ ਸਭਿਆਚਾਰਕ ਧਰਾਤਲ ਇਸ ਦੀ ਹੋਂਦ ਨੂੰ ਸਾਕਾਰ ਕਰਦਾ ਹੋਇਆ ਅਪਣਾ ਆਪਾ ਇਸ ਰਾਹੀ ਚਿੰਨ੍ਹਾਤਮਕ (ਪ੍ਰਤੀਕਾਂ) ਦੇ ਰੂਪ ਵਿੱਚ ਪ੍ਰਗਟ ਕਰਦਾ ਹੈ। ਸੰਸਾਰ ਦੇ ਭੌਤਿਕ ਅਤੇ ਅਧਿਭੌਤਿਕ ਵਰਤਾਰਿਆਂ ਨੂੰ ਇਹ ਲੋਕਧਰਾਈ ਤੱਤ ਚਿੰਨ੍ਹਾਤਮਕ ਪੱਧਰ ਤੇ ਦਰਸਾਉਂਦਾ ਹੋਇਆ ਆਖਿਰ ਇੱਕ ਉੱਤਮ ਵਿਚਾਰਧਾਰਾ ਸਥਾਪਤ ਕਰਦਾ ਹੈ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਲੋਕ-ਰੂੜ੍ਹੀ ਨੂੰ ਕਥਾਨਿਕ ਰੂੜ੍ਹੀ ਦੇ ਪ੍ਰਸੰਗ ਵਿੱਚ ਲੈਂਦੇ ਹੋਏ ਕਥਾਨਕ ਰੂੜ੍ਹੀ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ :-

> "ਕਥਾਨਕ ਰੂੜ੍ਹੀ ਕਿਸੇ ਕਥਾ-ਕਹਾਣੀ ਦਾ ਉਹ ਛੋਟੇ ਤੋਂ ਛੋਟਾ ਇਕਾਈ ਤੱਤ ਹੈ ਜੋ ਆਪਣੇ ਆਪ ਵਿੱਚ ਸੰਪੂਰਨ ਅਰਥ ਰੱਖਦਾ ਹੈ ਅਤੇ ਮੁੱਢ ਕਦੀਮ ਤੋਂ ਹੀ ਅਨੇਕਾਂ ਕਥਾ ਕਹਾਣੀਆਂ ਵਿੱਚ ਬਾਰ-ਬਾਰ ਦੁਹਰਾਏ ਜਾਣ ਕਰਕੇ ਕਥਾ-ਪਰੰਪਰਾ ਦਾ ਅੰਗ ਬਣ ਗਿਆ ਹੁੰਦਾ ਹੈ।"[7]

ਕਹਿਣ ਦਾ ਮਤਲਬ ਅਨੇਕਾਂ ਲੋਕ-ਰੂੜ੍ਹੀਆਂ ਦੇ ਸੁਮੇਲ ਨਾਲ ਸੰਸਕ੍ਰਿਤੀ ਦਾ ਸੰਗਠਨ ਹੁੰਦਾ ਹੈ। ਇਹ ਕਿਸੇ ਸਭਿਆਚਾਰ ਦੇ ਲੋਕ-ਸਮੂਹ ਦੇ ਮਨੋਭਾਵਾਂ, ਵਿਸ਼ਵਾਸ਼ਾ ਤੇ ਕਲਪਨਾ ਦੀ ਪੈਦਾਵਾਰ ਹੁੰਦੀਆਂ ਹਨ। ਸਾਹਿਤ ਦਾ ਮਾਣ ਅਤੇ ਕਲਾਤਮਕ ਸ਼ਕਤੀ ਇਹ ਲੋਕ-ਰੂੜ੍ਹੀਆਂ ਹੀ ਬਣਦੀਆਂ ਹਨ। ਸਾਹਿਤ ਦੇ ਅੰਤਰਗਤ ਇਹਨਾਂ ਰੂੜ੍ਹੀਆਂ ਦੀ ਯਾਤਰਾ ਦਾ ਅਧਾਰ ਸਾਹਿਤ ਦਾ ਕਥਾਨਕ ਹੁੰਦਾ ਹੈ। ਇਹ ਇੱਕ ਕਥਾਨਕ ਤੋਂ ਦੂਸਰੇ ਕਥਾਨਕ ਵਿੱਚ ਪ੍ਰਵੇਸ਼ ਤਾਂ ਕਰਦੀਆਂ ਹਨ। ਪਰੰਤੂ ਆਪਣੇ ਅਰਥਾਂ ਦੀ ਹੋਂਦ ਨੂੰ ਖੋਹਣ ਨਹੀਂ ਦਿੰਦੀਆਂ ਭਾਵ ਕਿ ਕੋਈ ਵੀ ਲੋਕ-ਰੂੜ੍ਹੀ ਆਪਣਾ ਜਿਹੜਾ ਮੌਲਿਕ ਤੇ ਵਿਸ਼ੇਸ਼ ਅਰਥ ਸਿਰਜਿਤ ਕਰ ਲੈਂਦੀ ਹੈ, ਉਹ ਸਦੀਵੀ ਹੀ ਹੁੰਦਾ ਹੈ ਮਸਲਨ : ਸੁੱਕੇ ਬਾਗ਼ ਦਾ ਹਰਾ ਹੋਣਾ ਭਾਵ ਮਨੁੱਖੀ ਜ਼ਿੰਦਗੀ ਵਿੱਚ ਖੁਸ਼ਹਾਲੀ ਦਾ ਪ੍ਰਤੀਕ ਹੈ। ਮਨੁੱਖੀ ਜੀਵ ਦੇ ਜੀਵਨ ਦੀ ਖੁਸ਼ਹਾਲੀ ਦੇ ਕਈ ਕਾਰਨ ਹੋ ਸਕਦੇ ਹਨ। ਜਿਵੇਂ ਕਿ ਘਰ ਵਿੱਚ ਪੁੱਤਰ ਦਾ ਜਨਮ, ਵਿਆਹ ਆਦਿ। ਮੱਧਕਾਲ ਦਾ ਸਾਰਾ ਵਿਸ਼ਿਸ਼ਟ ਸਹਿਤ ਇਹਨਾਂ ਲੋਕ-ਰੂੜ੍ਹੀਆਂ ਨਾਲ ਭਰਪੂਰ ਹੈ।

> "ਸਾਡਾ ਸਾਰਾ ਗੁਰਮਤਿ ਕਾਵਿ ਅਤੇ ਸੂਫ਼ੀ ਕਾਵਿ ਲੋਕ-ਰੂੜ੍ਹੀਆਂ ਨਾਲ ਭਰਿਆ ਪਿਆ ਹੈ। ਲੋਕਧਾਰਕ ਸਮੱਗਰੀ ਦਾ ਇਹਨਾਂ ਵਿੱਚ ਬੇਅੰਤ ਖ਼ਜ਼ਾਨਾ ਹੈ।ਬਾਬਾ ਬੁਲ੍ਹੇ ਸ਼ਾਹ ਜੀ ਵੀ ਕਹਿੰਦੇ ਹਨ ਕਿ ਰੰਗੜ ਨਾਲੋਂ ਖਿੰਗਰ ਚੰਗਾ ਜਿਸ ਪਰ ਪੈਰ ਘਸਾਈ ਦਾ । ਗੁਰਬਾਨੀ ਵਿਚ ਵੀ ਲਿਖਿਆ ਹੈਥ 'ਨਿਵੇ ਸੋ ਗਉਰਾ ਹੋਇ'।"[8]

ਲੋਕ-ਰੂੜ੍ਹੀ ਲੋਕਧਾਰਈ ਸਾਹਿਤ ਦੇ ਅਧਿਐਨ ਦਾ ਵਿਸ਼ੇਸ਼ ਅੰਗ ਜਾਂ ਹਿੱਸਾ ਹੁੰਦੀ ਹੈ। ਪਰ ਇਸ ਨੇ ਪਰੰਪਰਾ ਦੇ ਪ੍ਰਵਾਹ ਹੇਠੋਂ ਲੰਘਦਿਆਂ ਖਾਸ ਕਿਸਮ ਦਾ ਸਥਾਨ ਪ੍ਰਾਪਤ ਕਰਨਾ ਹੁੰਦਾ ਹੈ। ਇਸ ਤਰ੍ਹਾਂ ਪਰੰਪਰਾ ਦੇ ਪ੍ਰਵਾਹ ਵਿੱਚ ਉਸਰੇ ਇਸ ਲੋਕਧਰਾਈ ਸਭਿਆਚਾਰਕ ਸੰਕਲਪ ਉੱਤੇ ਲੋਕ-ਮਨ ਦੀ ਪਰਪੱਕ ਛਾਪ ਲੱਗ ਜਾਂਦੀ ਹੈ। ਲੋਕ-ਰੂੜ੍ਹੀ ਲੋਕਧਾਰਾ ਦਾ ਉਹ ਤੱਤ ਹੈ ਜਿਹੜਾ ਕਿ ਕਿਸੀ ਰਚਨਾ ਦੇ ਅੰਤਰਗਤ ਇੱਕ ਖਾਸ ਪੱਧਰ ਦਾ ਭਾਵ-ਮੰਡਲ ਸਿਰਜਿਤ ਕਰਦਾ ਹੈ। ਉਹ ਪਿਛਲੇਰਾ ਭਾਵ-ਮੰਡਲ ਹੋਰ ਬਿਰਤਾਂਤਾਂ ਲਈ ਅਗਾਂਹ ਨੂੰ ਸੰਭਾਲ ਕੇ ਰੱਖਦਾ ਹੋਇਆ ਆਖਿਰ ਇੱਕ ਤੋਂ ਵੱਧ ਬਿਰਤਾਂਤਾਂ ਉੱਤੇ ਰਾਜ ਕਰਦਾ ਹੈ। ਲੋਕ-ਵਾਰਤਕ ਬਿਰਤਾਂਤਾਂ ਦੀਆਂ ਵਿਭਿੰਨ ਵੰਨਗੀਆਂ ਵਿੱਚ ਇਹਨਾਂ ਦਾ ਜੋ ਸਮਾਵੇਸ਼ ਹੁੰਦਾ ਹੈ, ਉਸਦੇ ਆਧਾਰ ਉੱਤੇ ਇਹਨਾਂ ਲੋਕ-ਰੂੜ੍ਹੀਆਂ ਨੂੰ ਕਥਾਨਕ ਰੂੜ੍ਹੀਆਂ ਵੀ ਕਿਹਾ ਜਾ ਸਕਦਾ ਹੈ। ਲੋਕ-ਕਹਾਣੀਆਂ

ਦੇ ਸੰਗਠਨ ਦੌਰਾਨ ਲੋਕ-ਰੂੜ੍ਹੀ ਨਾਂ ਦਾ ਤੱਤ ਆਪਣੀ ਦੁਹਰਾਉ ਮੂਲਕਤਾ ਨੂੰ ਦਰਸਾਉਂਦਾ ਹੋਇਆ ਆਖਿਰ ਇਸ ਲੋਕ-ਰਚਨਾ ਦੇ ਅੰਦਰ ਆਪਣੀ ਅੰਦਰੂਨੀ ਸਥਿਰਤਾ ਨੂੰ ਵੀ ਸਥਾਪਤ ਕਰ ਲੈਂਦਾ ਹੈ। ਲੋਕ-ਰੂੜ੍ਹੀਆਂ ਮਨੁੱਖੀ ਜ਼ਿੰਦਗੀ ਦੇ ਯਥਾਰਥ ਨਾਲ ਜੁੜੀਆਂ ਹੁੰਦੀਆਂ ਹਨ। ਇਹਨਾਂ ਦੇ ਅੰਦਰ ਵਿਅਕਤੀ ਦੇ ਜੀਵਨ ਦੀ ਸਾਰਥਿਕਤਾ ਛੁਪੀ ਹੁੰਦੀ ਹੈ। ਜਿਸ ਕਾਰਨ ਇਹ ਰੂੜ੍ਹੀਆਂ ਮਨੁੱਖ ਦੇ ਅੰਗ-ਸੰਗ ਹੋ ਕੇ ਵਿਚਰਦੀਆਂ ਹਨ। ਕਈ ਵਾਰ ਮਨੁੱਖ ਆਪਣੀ ਜ਼ਿੰਦਗੀ ਨੂੰ ਹਰਿਆ-ਭਰਿਆ ਰੱਖਣ ਲਈ ਅਨੇਕਾਂ ਕਾਰਜਾ ਦਾ ਸਹਾਰਾ ਲੈਂਦਾ ਹੈ। ਇਸ ਤਰ੍ਹਾਂ ਇਹਨਾਂ ਰੂੜ੍ਹੀਆਂ ਦੇ ਜਨਮ ਦਾਤੇ ਵਿਅਕਤੀ ਵਲੋਂ ਕੀਤੇ ਇਕ ਤੋਂ ਵੱਧ ਔਹੜ-ਪਹੌੜ ਵੀ ਹੁੰਦੇ ਹਨ।

ਲੋਕ-ਰੂੜ੍ਹੀਆਂ ਦਾ ਧਰਾਤਲ ਜ਼ਿਆਦਾਤਰ ਜਾਦੂ-ਚਿੰਤਨ ਉੱਤੇ ਬਿਰਾਜਮਾਨ ਮਿਲਦਾ ਹੈ। ਜਾਦੂ-ਚਿੰਤਨ ਆਦਿਮ ਮਨੁੱਖ ਦੇ ਮਨ ਦੇ ਤਰਕ ਅਤੇ ਕੰਮ ਕਰਨ ਦੀ ਪ੍ਰਕਿਰਿਆ ਨਾਲ ਜੁੜਿਆ ਵਿਸ਼ੇਸ਼ ਚਿੰਤਨ ਹੈ। ਸਰ ਜੇਮਜ਼ ਜੀ ਫਰੇਜ਼ਰ (Sir James G Frazer 1854-1941) ਨੇ ਆਪਣੀ ਵਿਸ਼ਵ ਪ੍ਰਸਿੱਧ ਪੁਸਤਕ ਗੋਲਡਨ ਬੋ (Golden Bough, 1922) ਵਿੱਚ ਪ੍ਰਕਾਸ਼ਿਤ ਕੀਤੀ ਉਸਨੇ ਇਸ ਪੁਸਤਕ ਵਿਚਕਾਰ ਜਾਦੂ-ਚਿੰਤਨ ਬਾਰੇ ਆਪਣੇ ਵਿਚਾਰਾਂ ਦੀ ਜਿਹੜੀ ਤਰਜ਼ਮਾਨੀ ਕੀਤੀ ਹੈ, ਉਹ ਇਸ ਪ੍ਰਕਾਰ ਹੈ:

> "ਇਸ ਚਿੰਤਨ ਦੀ ਧਾਰਨਾ ਅਨੁਸਾਰ ਪ੍ਰਕਿਰਤੀ ਵਿੱਚ ਇੱਕ ਘਟਨਾ ਤੋਂ ਬਾਅਦ ਦੂਸਰੀ ਘਟਨਾ, ਬਿਨ੍ਹਾਂ ਕਿਸੇ ਅਧਿਆਤਮਕ ਜਾਂ ਨਿੱਜੀ ਸਬੱਬ ਦੇ ਲਾਜ਼ਮੀ ਅਤੇ ਇਕਸਾਰ ਰੂਪ ਵਿੱਚ ਵਾਪਰਦੀ ਰਹਿੰਦੀ ਹੈ। ਇਸ ਤਰ੍ਹਾਂ ਇਹ ਚਿੰਤਨ ਬੁਨਿਆਦੀ ਰੂਪ ਵਿੱਚ ਆਧੁਨਿਕ ਵਿਗਿਆਨਕ ਸੰਕਲਪਨਾਵਾਂ ਦੇ ਸਮਾਨਰੂਪੀ ਹੈ।"[9]

ਕਹਿਣ ਤੋਂ ਭਾਵ ਘਟਨਾਵਾਂ ਕਾਲਕ੍ਰਮ ਵਿੱਚ ਬੰਨ੍ਹੀਆਂ ਜਾਂਦੀਆਂ ਹਨ। ਪ੍ਰਕਿਰਤੀ ਦੀ ਦੂਸਰੀ ਘਟਨਾ ਨੇ ਇਸ ਦੀ ਪਹਿਲੀ ਘਟਨਾ ਦੇ ਬਾਅਦ ਹੀ ਵਾਪਰਨਾ ਹੁੰਦਾ ਹੈ। ਸਰ ਜੇਮਜ਼ ਜੀ ਫਰੇਜ਼ਰ (Sir James G Frazer) ਨੇ ਆਪਣੀ ਜਾਦੂ-ਚਿੰਤਨ ਨਾਲ ਸੰਬੰਧਿਤ ਇਸ ਪ੍ਰਸਿੱਧ ਪੁਸਤਕ ਦੇ ਅੰਤਰਗਤ ਸੰਸਾਰ ਭਰ ਦੀਆਂ ਰੀਤਾਂ, ਰਸਮਾਂ, ਕਥਾਵਾਂ, ਟੈਬੂ, ਟੋਟਮ ਆਦਿ। ਵਿਚਕਾਰਲੀਆਂ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਨੂੰ ਬੜੀ ਸੰਜੀਦਗੀ ਨਾਲ ਸਮਝਿਆ ਅਤੇ ਉਸਨੇ ਜਾਦੂ-ਚਿੰਤਨ ਦੇ ਸਿਧਾਂਤ ਨੂੰ ਦੋ ਭਾਗਾਂ ਵਿੱਚ ਵਿਭਾਜਿਤ ਕਰਦਿਆਂ, ਜਾਦੂ ਚਿੰਤਨ ਦੀਆਂ ਸ਼ਾਖਾਵਾ ਬਾਰੇ ਆਪਣੇ ਮਨੋਭਾਵ ਇਸ ਤਰ੍ਹਾਂ ਪ੍ਰਸਤੁਤ ਕੀਤੇ ਹਨ:-

> "ਪਹਿਲੇ ਨੂੰ ਸਹਿ ਤੋਂ ਸਹਿ ਦੀ ਉੱਤਪਤੀ ਜਾਂ ਇਕ ਪ੍ਰਭਾਵ ਇਸਦੇ ਕਾਰਨ ਵਰਗਾ ਹੈ ਅਤੇ ਦੂਜਾ ਜਿਹੜੀਆਂ ਚੀਜ਼ਾਂ ਇੱਕ ਸਮੇਂ ਇੱਕ ਦੂਜੇ ਦੇ ਸੰਪਰਕ ਵਿੱਚ ਰਹਿੰਦੀਆਂ ਹਨ। ਉਹ ਇੱਕ-ਦੂਜੇ ਨੂੰ ਪ੍ਰਭਾਵਿਤ ਕਰਦਿਆਂ ਰਹਿੰਦੀਆਂ ਹਨ। ਭਾਵੇਂ ਉਹਨਾਂ ਦਾ ਸਰੀਰ ਇਕ ਦੂਜੇ ਤੋਂ ਅਲੱਗ ਕਰ ਦਿੱਤਾ ਜਾਵੇ।ਪਹਿਲੇ ਸਿਧਾਂਤ ਨੂੰ ਸਮਾਨਤਾ ਦਾ ਨੇਮ ਕਹਿ ਸਕਦੇ ਹਾਂ ਅਤੇ ਦੂਜੇ ਨੂੰ ਸੰਪਰਕ ਦਾ ਨੇਮ ਕਹਿ ਸਕਦੇ ਹਾਂ।"[10]

ਉਸ ਅਨੁਸਾਰ :-

> "ਉਸ ਹਥਿਆਰ ਅਤੇ ਉਸ ਵਿਅਕਤੀ ਵਿਚਕਾਰ ਇੱਕ ਹੈ। ਜਿਸ ਦੁਆਰਾ ਉਸ ਵਿਅਕਤੀ ਨੂੰ ਜ਼ਖਮੀ ਕੀਤਾ ਗਿਆ ਹੋਵੇ, ਇਸ ਵਿਚਾਰ ਪਿਛਲੀ ਧਾਰਨਾ ਇਹ ਹੈ ਕਿ ਹਥਿਆਰ ਉੱਪਰ ਲੱਗੇ, ਖੂਨ ਅਤੇ ਵਿਅਕਤੀ ਦੇ ਜਿਸਮ ਵਿਚਲੇ, ਖੂਨ ਵਿਚਕਾਰ ਸੰਪਰਕ ਦਾ ਭਾਵ ਲਗਾਤਾਰ ਬਣਿਆ ਰਹਿੰਦਾ ਹੈ।"[11]

ਇਸ ਪ੍ਰਕਾਰ ਫਰੇਜ਼ਰ ਦੇ ਜਾਦੂ (Magic) ਦੇ ਇੱਕ ਸਿਧਾਂਤ ਵਿੱਚ ਸਮਾਨਤਾ (Similarity) ਦਾ ਨੇਮ ਤੇ ਦੂਜੇ ਵਿੱਚ ਸੰਪਰਕ (Contact) ਦਾ ਨੇਮ ਕਾਰਜਸ਼ੀਲ ਹੁੰਦਾ ਹੈ। ਸਮਾਨਤਾ ਦੇ ਨੇਮ ਵਿੱਚ ਪ੍ਰਭਾਵ ਪੈਦਾ ਕੀਤਾ ਜਾਂਦਾ ਹੈ।ਇਸ ਪ੍ਰਭਾਵ ਦਾ ਆਧਾਰ ਸਮਾਜ-ਸਭਿਆਚਾਰਕ ਮਨੁੱਖ ਦੁਆਰਾ ਪ੍ਰਕਿਰਤੀ ਨੂੰ ਲੁਭਾਣ (ਖੁਸ਼) ਕਰਨ ਲਈ ਇੱਛਾ ਪੂਰਤੀ ਅਨੁਸਾਰ ਕਾਰਜ ਕੀਤਾ ਜਾਂਦਾ ਹੈ। ਜਿਵੇਂ ਕਿ ਮੀਂਹ ਦੀ ਲੋੜ ਪੈਣ ਜਾਂ ਮਹਿਸੂਸ ਕਰਨ ਤੇ ਵਿਹੜੇ ਵਿੱਚ ਵਾਛੜ ਕਰਨਾ ਜਾਂ ਫੇਰ ਡੱਡੂਆਂ ਤੇ ਮੋਰਾਂ ਦੀਆਂ ਅਵਾਜ਼ਾ ਕੱਢਣਾ ਆਦਿਕ। ਇਸੇ ਤਰ੍ਹਾਂ ਸੁੰਨੀ ਗੋਦ ਨੂੰ ਭਰਨ ਹਿੱਤ ਭਾਵ ਬਾਂਝ ਔਰਤ ਗੁੱਡੀਆਂ ਜਾਂ ਗੁੱਡਾ ਬਣਾ ਕੇ ਬੱਚੇ ਦਾ ਭਰਮ ਸਿਰਜਦੀ ਕੁਦਰਤ ਨੂੰ ਭਰਮਾਉਂਦੀ ਹੈ।ਤਾਂ ਜੋ ਉਸ ਉੱਤੇ ਕੁਦਰਤ ਦੀ ਵਿਸ਼ਾਲ ਕ੍ਰਿਪਾ ਬਣ ਸਕੇ ਅਤੇ ਉਸਨੂੰ, ਉਸਦੀ ਕੁੱਖੋਂ ਬੱਚੇ ਦੀ ਆਮਦ (ਪ੍ਰਾਪਤੀ) ਹੋਵੇ। ਜਦੋਂ ਰੱਹਸਮਈ ਹੋ ਕੇ ਇਹ ਵਿਚਾਰਿਆ ਜਾਂਦਾ ਹੈ ਕਿ ਮਨੁੱਖ ਇੱਕ ਕੁਦਰਤੀ ਜੀਵ ਹੈ ਤਾਂ ਉਸਦੀ ਧਰਤੀ ਉੱਤੇ ਆਮਦ ਵੀ ਕੁਦਰਤ ਦੀ ਕ੍ਰਿਪਾ ਸਦਕੇ ਹੀ ਹੁੰਦੀ ਹੈ। ਸਭਿਅਕ ਜੀਵ ਆਪਣੇ ਸੁੱਖਾਂ ਦੀ ਪ੍ਰਾਪਤੀ ਹਿੱਤ ਕੁਦਰਤ ਨੂੰ ਆਪਣੇ ਕਬਜੇ ਵਿੱਚ ਲੈਣ ਦੇ ਵਿਸ਼ੇਸ਼ ਉਪਰਾਲੇ ਰਾਹੀਂ ਜਿਹੜਾ ਕਾਰਜ ਕਰਦਾ ਹੈ।ਉਹ ਸਭ ਕੁਛ ਜਾਦੂ ਹੀ ਹੁੰਦਾ ਹੈ। ਕਈ ਵਾਰੀ ਤਾਂ ਮਨੁੱਖ ਔਹੜ-ਪਹੌੜ ਆਪਣੇ ਵਰਗੇ ਜੀਵ ਜਾਂ ਫੇਰ ਹੋਰਾਂ (ਭੌਤਿਕ ਅਤੇ ਅਧਿਭੌਤਿਕ ਸ਼ਕਤੀਆਂ) ਦੇ ਕਰੜੇ ਵਾਰਾਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਭਾਵ ਕਿ ਅਨੁਸ਼ਠਾਨ ਤੇ ਕਰਮ-ਕਾਂਡ ਕਰਦਾ ਹੈ। ਮਸਲਨ ਪੱਧਰ ਤੇ ਮੂਰਤ ਬਣਾ ਕੇ ਕਸ਼ਟ ਪਹੁੰਚਾਉਣਾ ਜਾਂ ਮੂਰਤ ਬਣਾ ਕੇ ਪਤਿਆਉਣਾ, ਸੌਕਣ ਦਾ ਮੋਹਰਾ ਬਣਾ ਕੇ ਉਸ ਨੂੰ ਘਰ ਵਿੱਚ ਜਾਂ ਗਲੇ ਵਿੱਚ ਪਾਉਣਾ, ਇਸੇ ਪ੍ਰਕਾਰ ਕਿਸੇ ਵੱਡੇ-ਵਡੇਰੇ ਜਾਂ ਔਤ ਦਾ ਮੋਹਰਾ ਬਣਾ ਕੇ ਉਸ ਦੀਆਂ ਜੀਵਿੰਤ ਇੱਛਾਵਾਂ ਦੀ ਪੂਰਤੀ ਮੁਤਾਬਿਕ ਪੂਜਾ ਕਰਨਾ ਆਦਿ ਸ਼ਾਮਿਲ ਹੈ।

ਸਭਿਅਕ ਮਨੁੱਖ ਦੁਆਰਾ ਕੁਦਰਤ ਨਾਲ ਭਾਂਤ-ਭਾਂਤ ਦੇ ਭੁਲੇਖਿਆਂ ਦੀ ਸਿਰਜਨਾ ਕਰਨ ਦੀ ਪ੍ਰਕਿਰਿਆ ਵਿੱਚੋਂ ਹੋਮਿਓਪੈਥਿਕ ਮੈਜਿਕ (Homoepathic Magic) ਦਾ ਜਨਮ ਹੋਇਆ। ਸਰ ਜੇਮਜ਼ ਫਰੇਜ਼ਰ (Sir James G Frazer) ਦੇ ਹੋਮਿਓਪੈਥਿਕ ਨੂੰ ਅਸੀਂ ਭੁਲਾਵਾਂ ਜਾਦੂ ਕਹਿੰਦੇ ਹੋਏ ਸਮ ਤੋਂ ਸਮ ਦੀ ਉਤਪੱਤੀ ਅਤੇ ਅਨੁਰੂਪ ਤੋਂ ਅਨੁਰੂਪ ਦੀ ਉਤਪੱਤੀ ਵੀ ਕਹਾਂਗੇ। ਇਸ ਤਰ੍ਹਾ ਮਨੁੱਖੀ ਜੀਵ ਅਤੇ ਕੁਦਰਤ ਦੀਆਂ ਹੋਰ ਭੌਤਿਕ ਅਤੇ ਅਧਿਭੌਤਿਕ ਤਾਕਤਵਾਰ ਸ਼ਕਤੀਆਂ ਦੀਆਂ ਜਰੂਰਤਾਂ ਅਤੇ ਵਿਅਕਤੀ ਦੀਆਂ ਇੱਛਾਵਾਂ ਦੀ ਪੂਰਤੀ ਹਿੱਤ ਲੁੱਕਣ-ਮਿੱਚਣ ਦੇ ਭੁਲੇਖਿਆਂ ਵਿੱਚੋਂ ਸਮੂਹਿਕ ਪੱਧਰ ਤੇ ਸਿਰਜਿਤ ਭਾਵਾਂ ਨੂੰ ਲੋਕ-ਰੂੜ੍ਹੀ ਕਿਹਾ ਜਾਂਦਾ ਹੈ। ਮਸਲਨ ਪੱਧਰ ਤੇ ਭੁਲਾਵੇਂ ਜਾਦੂ ਵੱਲ ਇਸ਼ਾਰਾ ਕਰਦੀਆਂ ਲੋਕ-ਰੂੜ੍ਹੀਆਂ ਇਹ ਹਨ:-

(ੳ) ਮੀਂਹ ਪਾਉਣ (ਬਾਰਿਸ਼ ਦੀ ਲੋੜ) ਲਈ ਡੱਡੂਆਂ ਅਤੇ ਮੋਰਾਂ ਦੀਆਂ ਆਵਾਜਾਂ ਕੱਢਣੀਆਂ
(ਅ) ਤਸਵੀਰ ਦੇਖ ਕੇ ਮੋਹਿਤ ਹੋਣਾ
(ੲ) ਮੂਰਤ ਬਣਾ ਕੇ ਕਸ਼ਟ ਪਹੁੰਚਾਉਣਾ
(ਸ) ਮਿੱਟੀ ਦਾ ਬਾਵਾ ਬਣਾ ਕੇ ਗੋਦੀ ਖਿਡਾਉਣਾ
(ਹ) ਬੇ-ਔਲਾਦ ਔਰਤ ਵੱਲੋਂ ਕੱਪੜੇ ਦਾ ਗੁੱਡਾ ਬਣਾ ਖਿਡਾਉਣਾ
(ਕ) ਮੂਰਤ ਬਣਾ ਕੇ ਪਤਿਆਉਣਾ ਆਦਿਕ।

ਉਪਰੋਕਤ ਭੁਲਾਵੇਂ ਜਾਦੂ ਨਾਲ ਸੰਬੰਧ ਰੱਖਣ ਵਾਲੀਆਂ ਲੋਕ-ਰੂੜ੍ਹੀਆਂ ਵਿੱਚ ਸ੍ਥਾਪਿਤ ਦਾ ਸੰਕਲਪ ਛੁਪਿਆ ਹੈ। ਕਹਿਣ ਤੋਂ ਭਾਵ ਸਹਿ ਹੀ ਸਹਿ ਨੂੰ ਸ੍ਥਾਪਿਤ ਕਰਨ ਦੀ ਚੇਸ਼ਟਾ ਰੱਖਦਾ ਹੈ,

> "ਈਸਾ ਤੋਂ ਲਗਭਗ 460 ਵਰ੍ਹੇ ਪੂਰਵ ਬਹੁਤ ਸਾਰੇ ਚਕਿਤਸਕਾਂ ਵਿੱਚ ਧਾਰਨਾ ਪ੍ਰਚਲਿਤ ਸੀ ਕਿ ਸਮਾਨ ਹੀ ਸਮਾਨ ਨੂੰ ਸ੍ਥਾਪਿਤ ਕਰਦਾ ਹੈ।"[12]

ਜੇਮਜ਼ ਫਰੇਜ਼ਰ ਦੇ ਜਾਦੂ ਚਿੰਤਨ ਦੇ ਦੂਸਰੇ ਭਾਗ ਸਪਰਸ਼ ਜਾਦੂ (Contagious Magic) ਨੂੰ ਅਸੀਂ ਲਾਗਵਾਂ ਜਾਦੂ ਕਹਿਣ ਦੀ ਚੇਸ਼ਟਾ ਕਰਾਂਗੇ। ਲਾਗਵਾਂ ਜਾਦੂ (Contagious Magic) ਦੀ ਉੱਤਪਤੀ ਲਾਗ ਤੇ ਛੋਹ ਦੁਆਰਾ ਹੁੰਦੀ ਹੈ। ਇਸ ਜਾਦੂ ਵਿੱਚ ਇਹ ਸਵੀਕਾਰਿਆ ਜਾਂਦਾ ਹੈ ਕਿ ਕਿਸੀ ਚੀਜ਼ ਦਾ ਨਿੱਕੇ ਤੋਂ ਨਿੱਕਾ ਅੰਸ਼ ਉਸ ਸੰਬੰਧਿਤ ਚੀਜ਼ ਜਾਂ ਮਨੁੱਖ ਦੀ ਗੈਰ-ਹਾਜ਼ਰੀ ਦੌਰਾਨ ਉਸ ਨੂੰ ਲਾਗਵਾਂ ਜਾਦੂ ਪ੍ਰਭਾਵਿਤ ਕਰਦਾ ਹੀ ਕਰਦਾ ਹੈ। ਉਦਾਹਰਨ ਤੌਰ 'ਤੇ ਕਿਸੇ ਵਿਅਕਤੀ ਵਿਸ਼ੇਸ਼ ਦਾ ਅਸਲ ਨਾਂ ਜਾਣ ਕੇ ਜਾਂ ਜਾਨਣ ਉਪਰੰਤ ਉਸ ਵਿਅਕਤੀ ਲਈ ਇਸ ਜਾਦੂ ਦਾ ਇਸਤੇਮਾਲ ਕਰਕੇ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਸਪਰਸ਼ ਜਾਦੂ (Contagious Magic) ਨਾਲ ਸੰਬੰਧਿਤ ਅਸੀਂ ਹੇਠ ਲਿਖਿਆਂ ਲੋਕ-ਰੂੜ੍ਹੀਆਂ ਨੂੰ ਰੱਖ ਸਕਦੇ ਹਾਂ:-

(ੳ) ਚਰਨਾਂ ਦੀ ਛੂਹ ਨਾਲ ਠੰਡੇ ਹੋ ਚੁੱਕੇ ਸਰੀਰ ਵਿੱਚ ਕਰੋੜਾਂ ਸੂਰਜਾਂ ਜਿੰਨਾ ਬਲ ਪ੍ਰਵੇਸ਼ ਕਰ ਜਾਣਾ
(ਅ) ਚਰਨ ਧੂੜੀ ਮੱਥੇ ਲਾਉਣੀ
(ੲ) ਸਾਧੂ-ਸੰਤਾਂ ਵੱਲੋਂ ਦਿੱਤੇ ਚਾਵਲ ਜਾਂ ਫਲ ਨਾਲ ਪੁੱਤਰ ਬਖਸ਼ਿਸ਼ ਹੋਣਾ
(ਸ) ਗੰਗਾ ਇਸ਼ਨਾਨ ਨਾਲ ਪਾਪਾਂ ਤੋਂ ਵਿਮੁਕਤ ਹੋਣਾ
(ਹ) ਵਰਤ ਰੱਖਣ ਨਾਲ ਮਨ-ਇੱਛਤ ਵਸਤੂ ਦੀ ਪ੍ਰਾਪਤੀ ਹੋਣੀ
(ਕ) ਸੰਤ ਸੰਗ ਦਾ ਪ੍ਰਾਤਪ
(ਖ) ਅੰਸ਼ ਅਵਤਾਰ ਜਾਂ ਜੋਤ ਅੰਸ਼
(ਗ) ਵਾਲ ਧੁਖਾਣ ਨਾਲ ਤੇ ਮੁੰਦਰੀ ਜਾਂ ਦੀਵੇ ਦੇ ਰਗੜਣ ਨਾਲ ਦਿਉ ਦਾ ਪ੍ਰਗਟ ਹੋਣਾ ਅਤੇ ਸਮੁੰਦਰ ਵਿੱਚ ਮਹਿਲ ਦੀ ਉਸਾਰੀ ਹੋਣੀ
(ਘ) ਸੰਖ ਨੂੰ ਧੁਖਾਣ ਅਤੇ ਆਰਤੀ ਉਤਾਰਨ ਨਾਲ ਮਨੋਕਾਮਨਾ ਦੀ ਪੂਰਤੀ ਹੋਣਾ
(ਙ) ਰੁਕੇ ਹੋਏ ਜੀਵਨ-ਪ੍ਰਵਾਹ ਦੀ ਪੁਨਰ ਸਥਾਪਨਾ
(ਚ) ਮੁਰਦੇ ਨੂੰ ਸੁਰਜੀਤ ਕਰਨ ਵਾਲਾ ਵਿਸ਼ੇਸ਼ ਜਲ ਤੇ ਡੰਡਾ
(ਛ) ਪ੍ਰਕਿਰਤੀ ਦਾ ਆਪਣੇ ਨਿਯਮਾਂ ਵਿਰੁੱਧ ਕਾਰਜ ਕਰਨਾ
(ਜ) ਮੋਏ ਜੀਵ-ਜੰਤੂ ਨੂੰ ਜਿਵਾਉਂਣਾ
(ਝ) ਮੋਏ ਪੰਛੀ ਨੂੰ ਜਿਵਾਉਂਣਾ
(ਞ) ਪ੍ਰੇਮੀ ਤੇ ਪ੍ਰੇਮਿਕਾ ਦੁਆਰਾ ਮਾਰੂਥਲ ਵਿੱਚ ਵਿਯੋਗ ਨਾਲ ਮਰਨਾ
(ਟ) ਉੱਜੜਿਆ ਖੇਤ ਹਰਾ ਕਰਨਾ
(ਠ) ਸੁੱਕੇ ਬਾਗ ਦਾ ਹਰਾ ਹੋਣਾ
(ਡ) ਜੀਵਿੰਤ ਅੰਗਿਆਰਿਆਂ ਉੱਤੇ ਬੂਟਿਆਂ ਦਾ ਜੰਮਣਾ

(ਢ) ਸੁੱਕੇ ਗਮਲਿਆ ਵਿੱਚ ਫੁੱਲਾਂ ਦਾ ਉੱਗਣਾ

(ਣ) ਤਪਦੇ ਕੜ੍ਹਾਹੇ ਦਾ ਠੰਡਾ ਹੋ ਜਾਣਾ

(ਤ) ਭਟਕਦੀ ਰੂਹ ਨੂੰ ਕੀਲਣਾ ਜਾਂ ਕੁੱਜੇ ਵਿੱਚ ਬੰਦ ਕਰਨਾ

ਵੱਖਰੇ-ਵੱਖਰੇ ਧਰਮਾਂ ਦੇ ਲੋਕਾਂ ਵਿੱਚ ਪ੍ਰਵਾਹਿਤ ਹੋ ਚੁੱਕੇ ਇਹ ਤੱਤ ਲੋਕਾਂ ਦੇ ਜਨ-ਜੀਵਨ ਵਿੱਚ ਪੂਰੀ ਤਰ੍ਹਾਂ ਘਰ ਕਰ ਛਛਛਚੁੱਕੇ ਹਨ, ਜਿਨ੍ਹਾਂ ਤੋਂ ਉਹ ਚਾਹ ਕੇ ਵੀ ਅਭਿੱਜ ਨਹੀਂ ਹੋ ਸਕਦੇ। ਲੋਕ-ਰੂੜ੍ਹੀਆਂ ਸਮਾਜਿਕ-ਸਭਿਆਚਾਰਕ ਮਨੁੱਖੀ ਜੀਵਾਂ ਦੀ ਹੋਣੀ ਹੀ ਹੁੰਦੀਆਂ ਹਨ। ਇਸ ਕਰਕੇ ਇਹਨਾਂ ਦਾ ਧਰਾਤਲ ਯਥਾਰਥਮਈ ਤੇ ਸਭਿਆਚਾਰਕ ਵੀ ਹੁੰਦਾ ਹੈ। ਲੋਕਾਂ ਦੇ ਵਿਸ਼ਵਾਸ਼ਾਂ ਤੇ ਅੰਧ-ਵਿਸ਼ਵਾਸ਼ਾਂ ਦਾ ਚਿੱਤਰਤ ਰੂਪ ਇਹ ਲੋਕ-ਰੂੜ੍ਹੀਆਂ ਹੁੰਦੀਆਂ ਹਨ।

> "ਸ਼ਾਸਤ੍ਰੀ ਧਰਮ ਦੀ ਮੁਖ ਰੂੜ੍ਹੀ ਜੀਵ ਆਤਮਾ ਦਾ ਆਪਣੇ ਅੰਤਿਮ ਲਕਸ਼ ਪਰਮਾਤਮਾ ਵਿੱਚ ਵਿਲੀਨ ਹੋਣਾ ਪ੍ਰਵਾਨ ਕੀਤਾ ਜਾਂਦਾ ਹੈ। ਸਾਰੀਆਂ ਨੈਤਿਕ ਸਦਾਚਾਰਕ ਅਤੇ ਅਧਿਆਤਮਕ ਬੰਦਸ਼ਾਂ ਦਾ ਪਾਲਣ ਇਸੇ ਲਕਸ਼ ਦੀ ਪ੍ਰਾਪਤੀ ਹਿੱਤ ਕੀਤਾ ਜਾਂਦਾ ਹੈ।ਇਸਦੇ ਉਲਟ ਲੋਕ-ਧਰਮ ਦੀ ਰੁਚੀ ਦੂਸਰੇ ਲੋਕ ਵੱਲ ਵਧੇਰੇ ਨਹੀ ਹੁੰਦੀ। ਲੋਕ ਧਰਮ ਵਿੱਚ ਜਿਆਦਾਤਰ ਕਰਮ ਕਾਂਡ ਇਸੇ ਲੋਕ ਦੀਆਂ ਭੌਤਿਕ ਤੇ ਅਧਿਭੌਤਿਕ ਵਸਤੂਆਂ ਲਈ ਕੀਤੇ ਜਾਂਦੇ ਹਨ। ਲੋਕ ਧਰਮ ਜੇਕਰ ਪਰਲੋਕ ਵਿੱਚ ਆਸਥਾ ਰੱਖਦਾ ਵੀ ਹੈ ਤਾਂ ਉਹ ਸ਼ਾਸ਼ਤ੍ਰੀ ਧਰਮ ਦੇ ਮੋਕਸ਼ ਦੇ ਸੰਕਲਪ ਨਾਲੋਂ ਮ੍ਰਿਤ ਲੋਕਾਂ ਦੇ ਅਗਲੇ ਸੰਸਾਰ ਦੀ ਕਾਮਨਾ ਕਰਦਾ ਹੈ। ਜਿਹੜਾ ਕਿ ਇਸੇ ਸੰਸਾਰ ਦਾ ਪ੍ਰਤਿਰੂਪ ਹੈ ਅਤੇ ਮੋਏ ਵਿਅਕਤੀ ਲਈ ਲੋਕ ਧਰਮ ਵਿਚ ਬਹੁਤ ਸਾਰੇ ਅਜਿਹੇ ਅਨੁਸ਼ਠਾਨ ਅਤੇ ਕਰਮਕਾਂਡ ਉਪਲੱਬਧ ਹਨ ਜੋ ਉਸ ਨੂੰ ਪਰਲੋਕ ਵਿੱਚ ਵੀ ਭੌਤਿਕ ਵਸਤਾਂ ਦਾ ਸੁੱਖ ਉਪਲਬੱਧ ਕਰਵਾਉਣ ਦੇ ਸਮਰੱਥ ਹਨ।"[13]

ਕਹਿਣ ਤੋਂ ਭਾਵ ਸੰਸਾਰਕ ਰੁਹ-ਰੀਤਾਂ, ਅਨੁਸ਼ਠਾਨਾਂ, ਵਿਸ਼ਵਾਸ਼ਾਂ ਜਾਂ ਅੰਧ-ਵਿਸ਼ਵਾਸ਼ਾਂ ਅਤੇ ਹੋਰ ਬਹੁਤ ਸਾਰੇ ਕਰਮ-ਕਾਂਡ ਆਦਿ ਮਨੁੱਖ ਦੀਆਂ ਸਮਾਜ-ਸਭਿਆਚਾਰਕ ਭਾਵਨਾਵਾਂ ਵਿੱਚੋਂ ਪੈਦਾ ਹੁੰਦੇ ਹੋਏ ਲੋਕ-ਰੂੜ੍ਹੀ ਤੱਤ ਨੂੰ ਜਨਮ ਦਿੰਦੇ ਹਨ, ਇਸ ਤਰ੍ਹਾਂ ਸਭਿਆਚਾਰਕ ਧਰਾਤਲ ਤੇ ਲੋਕ-ਰੂੜ੍ਹੀਆਂ ਦਾ ਪਨਪਨਾ ਅਨਿਵਾਰੀ ਹੈ। ਪਰਾਭੌਤਿਕ ਜਗਤ ਪ੍ਰਤੀ ਭਾਵ ਕਿ ਅਗਲੇ ਜਗਤ ਪ੍ਰਤੀ ਭਾਵਨਾਵਾਂ ਅਤੇ ਮੋਏ ਵਿਅਕਤੀ ਦੀ ਭਟਕਣਾ ਨੂੰ ਸ਼ਾਤ ਕਰਨ ਹਿੱਤ ਕੀਤੇ ਜਾਦੂ ਜਾਂ ਅਨੁਸ਼ਠਾਨਾਂ ਦੀ ਬਦੌਲਤ ਲੋਕ-ਰੂੜ੍ਹੀਆਂ ਦੀ ਵਿਚਾਰਧਾਰਾ ਪਨਪਦੀ ਹੈ। ਲੋਕ-ਰੂੜ੍ਹੀਆਂ ਦਾ ਸੰਬੰਧ ਹਿੰਦੂ ਤੇ ਸਿੱਖ ਧਰਮ ਦੇ ਨਾਲ-ਨਾਲ ਹੋਰ ਕਈ ਧਰਮਾਂ ਨਾਲ ਵੀ ਜੁੜਿਆ ਮਿਲਦਾ ਹੈ।

## ਹਵਾਲੇ


1. Maria Leach(Ed) standard Dictionary of folklore my Theology & Legends, page -763 "In folklore the term used to designate any one of the parts into an item of folklore can be analyzed. While the term motif is used very loosely to include any of the elements going into a

traditional tale, it must be remember that in order to become a real part of tradition an element must have something about it that will make People remember and repeat."
2. Stith Thompson, the Folktale, Page - 415 "A motif is the smallest elemento in a tale having a power To persist in tradition."
3. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਸਾਹਿਤ ਦੇ ਇਤਿਹਾਸ ਦੀਆਂ ਲੋਕ-ਰੁੜ੍ਹੀਆਂ, ਪੰਨਾ- 9
4. ਡਾ. ਤੇਜਿੰਦਰ ਸਿੰਘ, ਲੋਕਧਾਰਾ, ਸਿਧਾਂਤ-ਚਿੰਤਨ ਅਤੇ ਵਣਜਾਰਾ ਬੇਦੀ, ਪੰਨਾ 221
5. ਡਾ. ਜੋਗਿੰਦਰ ਸਿੰਘ ਕੈਰੋਂ ,ਲੋਕਧਾਰਾ ਵਿਸ਼ੇਸ਼ ਅੰਕ ,ਖੋਜ਼ ਦਰਪਣ, ਜੁਲਾਈ 1988 , ਪੰਨਾ 77-78
6. ਡਾ. ਹਰਿਭਜਨ ਸਿੰਘ, ਰਚਨਾ-ਸਰੰਚਨਾ ਪੰਨਾ -9
7. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ ਪੰਨਾ - 23
8. ਡਾ. ਜਸਵੰਤ ਰਾਏ, ਪੰਜਾਬੀ ਲੋਕ ਕਥਾਵਾਂ ਦਾ ਬਿਰਤਾਂਤ ਸ਼ਾਸਤਰ, ਪੰਨਾ 268
9. Sir James George Frazer, The Golden Bough: A study of Magic and Religion, page-49 "It assumes that in nature one event follows another necessarily and invariably without the intervention of spiritual or personal agents. Thus its fundamental assumption is identical with science."
10. Sir George Frazer, The Golden Bough: A study of Magic and Religion, page-11 ...First, that like produces like, or that an affect resembles its cause; and, second, that things which have once been in contact with each other continue to act on each other at a distance after the physical contact has been severed. The former principle may be called the Law of Similarity, the latter the Law of Contact or Contagion.
11. Sir George Frazer, The Golden Bough page -43 "The sympathetic connexion is supposed to exist between a man and the weapon which has wounded him probably founded on the notion that has blood on weapon continues to feel with the blood in his body."
12. The encyclopaedia, Americanna, volume 14, page -325 "As far back as 460 BC, the Greek physician... other early physician also suggested the theory that 'like curses like"'
13. ਡਾ. ਤੇਜਿੰਦਰ ਸਿੰਘ, ਲੋਕਧਾਰਾ, ਸਿਧਾਂਤ-ਚਿੰਤਨ ਅਤੇ ਵਣਜਾਰਾ ਬੇਦੀ, ਪੰਨਾ ਪੰਨਾ- 15

ਸੰਥਾਲ ਕਹਾਣੀ

# ਆਦਿਵਾਸੀ ਨਹੀਂ ਨੱਚੇਗਾ

-ਹੰਸਦਾ ਸੌਵੇਂਦ੍ਰ ਸ਼ੇਖਰ
(ਅਨੁਵਾਦਕ- ਸੁਕੀਰਤ)

ਉਨ੍ਹਾਂ ਨੇ ਮੈਨੂੰ ਭੁੰਜੇ ਜਕੂੜ ਦਿੱਤਾ। ਉਨ੍ਹਾਂ ਨੇ ਮੈਨੂੰ ਬੋਲਣ ਨਾ ਦਿੱਤਾ, ਉਨ੍ਹਾਂ ਨੇ ਮੈਨੂੰ ਰੋਸ ਨਾ ਪਰਗਟ ਕਰਨ ਦਿੱਤਾ, ਉਨ੍ਹਾਂ ਨੇ ਮੈਨੂੰ ਸਿਰ ਚੁਕ ਕੇ ਆਪਣੇ ਨਾਲ ਦੇ ਨੱਚਣ-ਵਜਾਣ ਵਾਲੇ ਸਾਥੀਆਂ ਵਲ ਦੇਖਣ ਤਕ ਦਾ ਮੌਕਾ ਨਾ ਦਿੱਤਾ ਜਦੋਂ ਪੁਲਸ ਉਨ੍ਹਾਂ ਨੂੰ ਕੁੱਟ ਰਹੀ ਸੀ। ਮੈਨੂੰ ਸਿਰਫ ਉਨ੍ਹਾਂ ਦੀਆਂ ਰਹਿਮ ਮੰਗਦੀਆਂ ਚੀਕਾਂ ਸੁਣ ਰਹੀਆਂ ਸਨ। ਮੈਨੂੰ ਉਨ੍ਹਾਂ ਦਾ ਦੁਖ ਹੋ ਰਿਹਾ ਸੀ। ਮੈਂ ਉਨ੍ਹਾਂ ਦਾ ਗੁਨਾਹਗਾਰ ਸਾਂ। ਕਿਓਂਕੇ ਮੈਂ ਜੋ ਵੀ ਕੀਤਾ, ਆਪਣੀ ਮਰਜੀ ਨਾਲ ਕੀਤਾ। ਪਰ, ਕੀ ਮੇਰੇ ਕੋਲ ਕੁਝ ਹੋਰ ਕਰ ਸਕਣ ਦੀ ਗੁੰਜਾਇਸ਼ ਹੈ ਵੀ ਸੀ ? ਜੇ ਮੈਂ ਆਪਣੇ ਮਨ ਦੀ ਗਲ, ਜੋ ਮੈਂ ਕਰਨ ਜਾ ਰਿਹਾ ਸਾਂ, ਪਹਿਲੋਂ ਦਸ ਦਿਤੀ ਹੁੰਦੀ ਤਾਂ ਵੀ ਉਨ੍ਹਾਂ ਮੇਰਾ ਸਾਥ ਹੀ ਦੇਣਾ ਸੀ। ਇਸ ਗਲ ਦਾ ਮੈਨੂੰ ਪੂਰਾ ਯਕੀਨ ਹੈ। ਕਿਓਂਕੇ ਮੇਰੇ ਵਾਂਗ ਉਹ ਵੀ ਤਾਂ ਦੁਖ ਭੋਗ ਰਹੇ ਹਨ। ਉਨ੍ਹਾਂ ਮੇਰਾ ਸਾਥ ਦੇਣਾ ਸੀ, ਮੇਰੇ ਨਾਲ ਆਪਣੀ ਆਵਾਜ ਰਲਾਣੀ ਸੀ , ਅਤੇ ਸਾਡੀਆਂ ਰਲਵੀਆਂ ਆਵਾਜਾਂ ਦੀ ਗੂੰਜ ਨੇ ਦੂਰ ਤਕ ਸੁਣਾਈ ਦੇ ਜਾਣਾ ਸੀ। ਉਹ ਆਵਾਜਾਂ ਸਾਡੇ ਸੰਥਾਲ ਪਰਗਣਾ ਤੋਂ ਬਾਹਰ ਜਾਣੀਆਂ ਸਨ, ਸਾਡੇ ਝਾਰਖੰਡ ਤੋਂ ਬਾਹਰ, ਤੋੜ ਦਿੱਲੀ ਤੀਕਰ, ਤੇ ਸਾਰੇ ਭਾਰਤ-ਦਿਸੋਮ ਤਕ ; ਤੇ ਫੇਰ ਦੁਨੀਆ ਭਰ ਤਕ ਸਾਡੀਆਂ ਮੁਸੀਬਤਾਂ ਦੀ ਗੱਲ ਪਹੁੰਚ ਜਾਣੀ ਸੀ। ਤਾਂ ਹੀ, ਸ਼ਾਇਦ, ਸਾਡੇ ਲਈ ਕੁਝ ਕੀਤਾ ਜਾਂਦਾ। ਤਾਂ, ਸ਼ਾਇਦ, ਸਾਡੇ ਰਾਸ਼ਟਰਪਤੀ ਮੇਰੀ ਗੱਲ ਮੰਨ ਜਾਂਦੇ ਜੋ ਮੈਂ ਉਨ੍ਹਾਂ ਨੂੰ ਕਹੀ ਸੀ।

ਪਰ ਮੈਂ ਆਪਣੀ ਯੋਜਨਾ ਬਾਰੇ ਕਿਸੇ ਨੂੰ ਨਾ ਦਸਿਆ। ਕਿਸੇ ਮੂਰਖ ਵਾਂਗ ਮੈਂ ਉਸ ਉੱਤੇ ਇਕੱਲਿਆਂ ਹੀ ਅਮਲ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਮੈਨੂੰ ਫੜ ਲਿਆ, ਕੁੱਟ ਕੇ ਭੁੰਜੇ ਪਟਕਾ ਮਾਰਿਆ, ਮੇਰੇ ਮੂੰਹ ਤੇ ਹਥ ਰਖ ਕੇ ਮੇਰੀ ਆਵਾਜ ਦੱਬ ਦਿਤੀ। ਮੈਂ ਆਪਣੇ ਆਪ ਨੂੰ ਬਿਲਕੁਲ ਨਿਤਾਣਾ, ਤੇ ਬਿਲਕੁਲ ਮੂਰਖ ਮਹਿਸੂਸ ਕੀਤਾ।

ਪਰ ਅਸੀ ਸੰਥਾਲ ਲੋਕ ਮੂਰਖ ਹਾਂ, ਹਾਂ ਕਿ ਨਹੀਂ ? ਅਸੀ ਸਾਰੇ ਆਦਿਵਾਸੀ ਮੂਰਖ ਹਾਂ। ਸਾਲਾਂ ਤੋਂ, ਪੁਸ਼ਤਾਂ ਤੋਂ, ਡਿਕੂ ਲੋਕ ਸਾਡੀ ਮੂਰਖਤਾ ਦਾ ਫਾਇਦਾ ਲੈ ਰਹੇ ਹਨ। ਜੇ ਮੈਂ ਗਲਤ ਕਹਿ ਰਿਹਾ ਹਾਂ ਤਾਂ ਮੈਨੂੰ ਦੱਸੋ।

ਮੈਂ ਸਿਰਫ ਏਨਾ ਹੀ ਕਿਹਾ ਸੀ , 'ਅਸੀ, ਆਦਿਵਾਸੀ ਹੁਣ ਨਹੀਂ ਨੱਚਾਂਗੇ' - ਇਹ ਕਹਿਣ ਵਿਚ ਗਲਤ ਕੀ ਹੈ ? ਅਸੀ ਖਿਡੌਣਿਆਂ ਵਰਗੇ ਹਾਂ, ਕੋਈ ਸਾਡਾ 'ਸ਼ੁਰੂ ਹੋ ਜਾਓ' ਵਾਲਾ ਬਟਨ ਦਬਦਾ ਹੈ, ਜਾਂ ਸਾਡੀਆਂ ਪਿੱਠਾਂ ਤੇ ਲੱਗੀ ਚਾਬੀ ਘੁਮਾਂਦਾ ਹੈ, ਤੇ ਅਸੀ, ਸੰਥਾਲ ਆਪਣੀਆਂ ਤਮਕਾਂ ਤੇ ਤੁਮੜਕਾਂ ਕੁੱਟ ਕੇ ਤਾਲ ਦੇਣੀ ਸ਼ੁਰੂ ਕਰ ਦੇਂਦੇ ਹਾਂ, ਜਾਂ ਆਪਣੀਆਂ ਤਿਰੀਓ ਵਿਚੋਂ ਸੁਰਾਂ ਕੱਢਣੀਆਂ ਸ਼ੁਰੂ ਕਰ ਦੇਂਦੇ ਹਾਂ ਜਦਕਿ ਕੋਈ ਸਾਡੇ ਹੀ ਨਾਚ ਪਿੜਾਂ ਨੂੰ ਖੋਹ ਰਿਹਾ ਹੁੰਦਾ ਹੈ। ਮੈਨੂੰ ਦੱਸੋ, ਮੈਂ ਗਲਤ ਕਹਿ ਰਿਹਾਂ ਹੈ ?

ਮੈਨੂੰ ਅੰਦਾਜਾ ਨਹੀਂ ਸੀ ਕਿ ਗਲ ਏਨੀ ਵਿਗੜ ਜਾਏਗੀ। ਮੈਂ ਸੋਚਿਆ ਸੀ ਕਿ ਮੈਂ

ਦੇਸ ਦੇ ਸਭ ਤੋਂ ਵਧੀਆ ਬੰਦੇ ਨਾਲ ਗਲ ਕਰ ਰਿਹਾ ਸਾਂ, ਆਪਣੇ ਰਾਸ਼ਟਰਪਤੀ ਨਾਲ। ਮੈਂ ਸੋਚਿਆ ਕਿ ਉਹ ਮੇਰੀ ਗਲ ਸੁਣ ਲੈਣਗੇ। ਭਲਾ, ਉਹ ਸਾਡੇ ਗੁਆਂਢ ਤੋਂ ਨਹੀਂ ? ਉਨ੍ਹਾਂ ਦੇ ਸਾਰੇ ਪੁਰਖੇ ਸਾਡੇ ਨਾਲ ਲਗਦੇ ਜਿਲੇ ਬੀਰਭੂਮ ਤੋਂ ਸਨ। ਉਨ੍ਹਾਂ ਦਾ ਜੱਦੀ ਘਰ ਅਜੇ ਵੀ ਓਥੇ ਹੀ ਹੈ। ਬੀਰਭੂਮ ਉਹੀ ਥਾਂ ਹੈ ਜਿੱਥੇ ਰਬਿਨ-ਹਾਰਮ ਸੰਥਾਲਾਂ ਨਾਲ ਇਕਮਿਕ ਹੋ ਕੇ ਰਹਿੰਦੇ ਰਹੇ। ਕੀ ਨਾਂ ਏ ਓਸ ਥਾਂ ਦਾ ? ਹਾਂ, ਸ਼ਾਂਤੀ ਨਿਕੇਤਨ। ਬੜੇ ਸਾਲ ਹੋਏ, ਮੈਂ ਆਪਣੀ ਨਾਚ-ਮੰਡਲੀ ਨਾਲ ਓਥੇ ਨੱਚਣ ਗਿਆ ਸਾਂ। ਮੈਂ ਦੇਖਿਆ ਕਿ ਸ਼ਾਂਤੀ ਨਿਕੇਤਨ ਵਿਚ ਸੰਥਾਲਾਂ ਨੂੰ ਬੜੀ ਇੱਜਤ ਮਿਲਦੀ ਸੀ। ਸ਼ਾਂਤੀ ਨਿਕੇਤਨ ਬੀਰਭੂਮ ਵਿਚ ਹੈ, ਤੇ ਸਾਡੇ ਰਾਸ਼ਟਰਪਤੀ ਵੀ ਬੀਰਭੂਮ ਤੋਂ ਹਨ। ਉਨ੍ਹਾਂ ਨੂੰ ਮੇਰੀ ਗਲ ਸੁਣਨੀ ਚਾਹੀਦੀ ਸੀ। ਨਹੀਂ ? ਪਰ ਉਨ੍ਹਾਂ ਨੇ ਨਾ ਸੁਣੀ।

ਕਿੰਨਾ ਮੂਰਖ ਹਾਂ ਮੈਂ! ਮੂਰਖ ਸੰਥਾਲ। ਮੂਰਖ ਆਦਿਵਾਸੀ।

ਮੇਰਾ ਨਾਂ ਮੰਗਲ ਮੁਰਮੂ ਹੈ। ਮੈਂ ਸੰਗੀਤਕਾਰ ਹਾਂ । ਨਹੀਂ, ਰੁਕੋ ... ਮੈਂ ਕਿਸਾਨ ਹਾਂ। ਜਾਂ ... ਕਿਸਾਨ ਹੁੰਦਾ ਸਾਂ। ਹੁੰਦਾ ਸਾਂ ਹੀ ਸਹੀ ਹੈ। ਕਿਓਂਕੇ ਮੈਂ ਹੁਣ ਖੇਤੀ ਨਹੀਂ ਕਰਦਾ। ਮੇਰੇ ਪਿੰਡ ਮਾਟੀਆਜੋੜ ਵਿਚ, ਜਿਹੜਾ ਪਾਕੁਰ ਜਿਲੇ ਦੇ ਅਮਰਾਪੁਰ ਬਲਾਕ ਵਿਚ ਪੈਂਦਾ ਹੈ, ਬਹੁਤੇ ਸੰਥਾਲ ਹੁਣ ਖੇਤੀ ਨਹੀਂ ਕਰਦੇ। ਸਾਡੇ ਵਿਚੋਂ ਹੁਣ ਬਹੁਤ ਥੋੜਿਆਂ ਕੋਲ ਜਮੀਨ ਬਚੀ ਹੈ; ਬਹੁਤੀ ਜਮੀਨ ਹੁਣ ਇਕ ਖਨਨ ਕੰਪਨੀ ਦੇ ਕਬਜੇ ਹੇਠ ਹੈ। ਬੜੀ ਅਮੀਰ ਕੰਪਨੀ ਹੈ। ਇਹ ਗਲ ਨਹੀਂ ਕਿ ਅਸੀ ਇਸ ਕਬਜੇ ਦੇ ਖਿਲਾਫ ਲੜਾਈ ਨਹੀਂ ਸੀ ਕੀਤੀ। ਜਦੋਂ ਅਸੀ ਲੜ ਰਹੇ ਸਾਂ, ਇਹ ਸਿਆਸੀ ਆਗੂ ਆਇਆ, ਓਹ ਸਿਆਸੀ ਆਗੂ ਆਇਆ, ਇਹ ਕ੍ਰਿਸਤਾਨ ਸਿਸਟਰ ਆਈ, ਓਹ ਕ੍ਰਿਸਤਾਨ ਫਾਦਰ ਆਇਆ। ਜਾਪਦਾ ਇਹੋ ਸੀ ਕਿ ਸਾਡੀ ਮਦਦ ਲਈ। ਪਰ ਅਸੀ ਹਾਰ ਗਏ। ਤੇ ਸਾਡੇ ਹਾਰ ਜਾਣ ਪਿੱਛੋਂ, ਸਭ ਚਲੇ ਗਏ। ਆਗੂ ਰਾਂਚੀ ਜਾਂ ਦਿੱਲੀ ਮੁੜ ਗਏ, ਜਾਂ ਜਿੱਥੇ ਕਿਤੇ ਵੀ ਉਨ੍ਹਾਂ ਨੇ ਜਾਣਾ ਸੀ। ਕ੍ਰਿਸਤਾਨ ਆਪੋ ਆਪਣੇ ਮਿਸ਼ਨਾਂ ਨੂੰ ਮੁੜ ਗਏ। ਪਰ ਸਾਡੀ ਜਮੀਨ ਸਾਨੂੰ ਨਾ ਮੁੜੀ। ਸਗੋਂ, ਇਕ ਕ੍ਰਿਸਤਾਨ ਸਿਸਟਰ ਕਤਲ ਹੋ ਗਈ ਤੇ ਸਾਡੇ ਮੁੰਡਿਆਂ ਨੂੰ ਉਸਦੇ ਕਤਲ ਵਿਚ ਫਸਾ ਦਿੱਤਾ ਗਿਆ। ਅਖਬਾਰਾਂ, ਮੀਡੀਆ, ਸਾਰਿਆਂ ਨੇ ਸਾਡੇ ਮੁੰਡਿਆਂ ਨੂੰ ਦੋਸ਼ੀ ਠਹਿਰਾਇਆ। ਉਹ ਦਸਦੇ ਸਨ ਕਿ ਕ੍ਰਿਸਤਾਨ ਸਿਸਟਰ ਸਾਡੇ ਹੱਕਾਂ ਲਈ ਲੜ ਰਹੀ ਸੀ, ਤਾਂ ਵੀ ਸਾਡੇ ਮੁੰਡਿਆਂ ਨੇ ਉਸਨੂੰ ਕਤਲ ਕਰ ਦਿੱਤਾ। ਕਿਸੇ ਨੇ ਏਸ ਗਲ ਵਲ ਧਿਆਨ ਨਾ ਦਿਤਾ ਕਿ ਸਾਡੇ ਮੁੰਡੇ ਤਾਂ ਕ੍ਰਿਸਤਾਨ ਸਿਸਟਰ ਦੇ ਆਣ ਤੋਂ ਪਹਿਲਾਂ ਤੋਂ ਹੀ ਸਾਡੀਆਂ ਜਮੀਨਾਂ ਅਤੇ ਹੱਕਾਂ ਲਈ ਲੜ ਰਹੇ ਸਨ। ਉਨ੍ਹਾਂ ਨੇ ਉਸਨੂੰ ਕਾਹਨੂੰ ਕਤਲ ਕਰਨਾ ਸੀ ? ਕਿਓਂਕੇ ਸਾਡੇ ਮੁੰਡਿਆਂ ਦੇ ਪੱਤਰਕਾਰ ਦੋਸਤ ਨਹੀਂ ਸਨ, ਉਨ੍ਹਾਂ ਦੀ ਲੜਾਈ ਨੂੰ ਕਿਸੇ ਨਾ ਗੌਲਿਆ; ਪਰ ਮਿਸ਼ਨਰੀਆਂ ਤੇ ਉਨ੍ਹਾਂ ਦੇ ਦੋਸਤਾਂ ਦੇ ਤਾਣੇ-ਬਾਣੇ ਕਾਰਨ ਸਾਰਿਆਂ ਦਾ ਧਿਆਨ ਕ੍ਰਿਸਤਾਨ ਸਿਸਟਰ ਵਲ ਹੀ ਕੇਂਦਰਤ ਰਿਹਾ। ਹੁਣ ਜਦੋਂ ਸਾਡੇ ਮੁੰਡੇ ਕਤਲ ਦੇ ਝੂਠੇ ਇਲਜਾਮ ਵਿਚ ਜਿਹਲ ਅੰਦਰ ਹਨ ਤਾਂ ਸਾਡੇ ਲਈ ਕੌਣ ਲੜੇਗਾ ? ਮਿਸ਼ਨਰੀ ਤੇ ਉਨ੍ਹਾਂ ਦੇ ਦੋਸਤ ਹੁਣ ਕਿੱਥੇ ਹਨ ? ਜੇ ਮਿਸ਼ਨਰੀ ਸਾਡੇ ਸ਼ੁਭਚਿੰਤਕ ਸਨ ਤੇ ਸਾਡੀ ਖਾਤਰ ਲੜ ਰਹੇ ਸਨ ਤਾਂ ਭਜ ਕਿਓਂ ਗਏ ਹਨ ? ਕਿਸੇ ਮਸ਼ਹੂਰ ਕ੍ਰਿਸਤਾਨ ਸਿਸਟਰ ਨੂੰ ਮਾਰ ਦਿਓ, ਉਸਦੇ ਕਤਲ ਦਾ ਦੋਸ਼ ਆਪਣੀਆਂ ਜਮੀਨਾਂ ਖਾਤਰ ਲੜ ਰਹੇ ਕੁਝ ਅਣਜਾਣੇ ਸੰਥਾਲ ਮੁੰਡਿਆਂ ਦੇ ਸਿਰ ਮੜ੍ਹ ਦਿਓ, ਤੇ ਆਪਣੇ ਰਾਹ ਦੀਆਂ ਦੋਵੇਂ ਰੁਕਾਵਟਾਂ -

ਕ੍ਰਿਸਤਾਨ ਸਿਸਟਰ ਤੇ ਸੰਥਾਲ ਮੁੰਡੇ – ਹਟਾ ਕੇ ਜਿੰਨੀ ਚਾਹੋ ਜਮੀਨ ਹੜਪ ਲਓ, ਜਿੰਨੀਆਂ ਮਰਜੀ ਖਦਾਨਾਂ ਪੁੱਟ ਲਓ, ਤੇ ਸਾਰਾ ਕੋਲਾ ਕੱਢ ਲਓ । ਇੰਜ ਕੰਮ ਕਰਦੀ ਹੈ ਇਹ ਕੋਲਾ ਕੰਪਨੀ। ਕੀ ਇਸ ਸਾਰੇ ਨਾਟਕ ਨੂੰ ਸਮਝਣਾ ਏਨਾ ਔਖਾ ਹੈ ਕਿ ਮੀਡੀਆ ਦੇ ਪੱਲੇ ਨਹੀਂ ਪੈਂਦਾ ?

ਜਿੱਥੇ ਸਾਡੀਆਂ ਜਮੀਨਾਂ ਦਾ ਇਕ ਹਿੱਸਾ ਕੋਲੇ ਦੇ ਵਪਾਰੀਆਂ ਨੇ ਲੈ ਲਿਆ ਹੈ, ਦੂਜੇ ਹਿੱਸੇ ਤੇ ਪੱਥਰਾਂ ਦੇ ਵਪਾਰੀਆਂ ਨੇ ਕਬਜਾ ਕਰ ਲਿਆ ਹੈ। ਸਾਰੇ ਹੀ ਡਿਕੂ ਹਨ – ਮਾਰਵਾੜੀ, ਸਿੰਧੀ, ਮੰਡਲ, ਭਗਤ, ਮੁਸਲਮਾਨ। ਆਪਣੀਆਂ ਭਾਰੀਆਂ ਮਸ਼ੀਨਾਂ ਨਾਲ ਉਹ ਸਾਡੀਆਂ ਜਮੀਨਾਂ ਵਿਚ ਤਰਥੱਲੀ ਮਚਾ ਦੇਂਦੇ ਹਨ, ਹੇਠਲੀ ਉੱਪਰ ਕਰ ਦੇਂਦੇ ਹਨ। ਸਾਡੀਆਂ ਖਦਾਣਾਂ ਵਿਚੋਂ ਕੱਢੇ ਪੱਥਰ ਉਹ ਦੂਰ ਦੂਰ ਲਿਜਾ ਕੇ ਵੇਚਦੇ ਹਨ -- ਦਿੱਲੀ, ਨੌਇਡਾ, ਪੰਜਾਬ। ਕੋਲਿਆਂ ਦੀਆਂ ਇਹ ਕੰਪਨੀਆਂ, ਖਦਾਣਾਂ ਦੇ ਇਹ ਮਾਲਕ – ਇਹ ਸਾਰੇ ਸਾਡੀਆਂ ਜਮੀਨਾਂ ਤੋਂ ਏਨੀ ਕਮਾਈ ਕਰਦੇ ਹਨ। ਸ਼ਹਿਰਾਂ ਵਿਚ ਉਨ੍ਹਾਂ ਨੇ ਆਪਣੇ ਲਈ ਵੱਡੇ ਵੱਡੇ ਮਕਾਨ ਉਸਾਰੇ ਹੋਏ ਹਨ; ਉਹ ਸੁਹਣੇ ਕੱਪੜੇ ਪਾਂਦੇ ਹਨ; ਆਪਣੇ ਬਾਲਾਂ ਨੂੰ ਦੁਰੇਡਲੀਆਂ ਥਾਵਾਂ ਤੇ ਵਧੀਆ ਸਕੂਲਾਂ ਵਿਚ ਪੜ੍ਹਨ ਭੇਜਦੇ ਹਨ; ਜਦੋਂ ਬੀਮਾਰ ਹੋ ਜਾਣ ਤਾਂ ਰਾਂਚੀ, ਪਟਨਾ, ਭਾਗਲਪੁਰ, ਮਾਲਦਾ, ਬਰਧਮਾਨ, ਕੋਲਕਤਾ ਦੇ ਵਧੀਆ ਡਾਕਟਰਾਂ ਕੋਲੋਂ ਆਪਣਾ ਇਲਾਜ ਕਰਾਂਦੇ ਹਨ। ਸਾਨੂੰ ਸੰਥਾਲਾਂ ਨੂੰ ਬਦਲੇ ਵਿਚ ਕੀ ਮਿਲਦਾ ਹੈ ? ਪਾਣ ਲਈ ਚੀਥੜੇ। ਖਾਣਾ, ਮਸਾਂ ਢਿੱਡ ਭਰਨ ਜੋਗਾ। ਇਹੋ ਜਿਹੀਆਂ ਬਿਮਾਰੀਆਂ ਕਿ ਅਸੀ ਚੰਗੀ ਤਰ੍ਹਾਂ ਸਾਹ ਵੀ ਨਹੀਂ ਲੈ ਸਕਦੇ, ਸਾਡੀ ਖੰਘ ਵਿਚੋਂ ਲਹੂ ਆਂਦਾ ਹੈ ਤੇ ਸਾਡੀਆਂ ਹੱਡੀਆਂ ਤੇ ਮਾਸ ਕਦੇ ਚੜ੍ਹਦਾ ਹੀ ਨਹੀਂ।

ਪੜ੍ਹਨ ਲਈ ਸਾਡੇ ਬਾਲ ਜਾਂ ਤਾਂ ਉਨ੍ਹਾਂ ਮੁਫਤ ਸਰਕਾਰੀ ਸਕੂਲਾਂ ਦੇ ਰਹਿਮ ਉਤੇ ਹਨ ਜਿਨ੍ਹਾਂ ਵਿਚ ਅਧਿਆਪਕ ਸਿਰਫ ਦੁਪਹਿਰ ਦਾ ਖਾਣਾ ਬਨਾਉਣ ਖਾਤਰ ਆਂਦੇ ਹਨ, ਜਾਂ ਉਨ੍ਹਾਂ ਕ੍ਰਿਸਤਾਨ ਮਿਸ਼ਨਰੀ ਸਕੂਲਾਂ ਦੇ ਜਿੱਥੇ ਸਾਡੇ ਬੱਚਿਆਂ ਨੂੰ ਮੁੜ-ਮੁੜ ਕਿਹਾ ਜਾਂਦਾ ਹੈ ਕਿ ਉਹ ਸਾਡੇ ਬੋਂਗਾ-ਬੁਰੂ ਨੂੰ ਪੂਜਣਾ ਛੱਡ ਦੇਣ ਤੇ ਯਸ਼ੂ ਤੇ ਮਰੀਅਮ ਦਾ ਸਤਕਾਰ ਕਰਨ। ਜੇ ਸਾਡੇ ਬੱਚੇ ਮਨ੍ਹਾ ਕਰ ਦੇਣ ਤਾਂ ਸਿਸਟਰਾਂ ਤੇ ਫਾਦਰ ਸਾਡੇ ਮੁੰਡਿਆਂ ਨੂੰ ਕਹਿੰਦੇ ਹਨ ਕਿ ਉਨ੍ਹਾਂ ਦੇ ਸੰਥਾਲ ਨਾਂਅ – ਹੋਪਨਾ, ਸੋਮ, ਸਿੰਗਰਈ – ਚੰਗੇ ਨਹੀਂ ਹਨ। ਉਨ੍ਹਾਂ ਦੇ ਨਾਂਅ ਡੇਵਿਡ, ਮਿਖਾਈਲ, ਕ੍ਰਿਸਟੋਫਰ ਤੇ ਪਤਾ ਨਹੀਂ ਕੀ ਕੀ ਰਖ ਦਿੱਤੇ ਜਾਂਦੇ ਹਨ। ਤੇ ਜੇ ਏਨਾ ਕੁਝ ਕਾਫੀ ਨਹੀਂ, ਤਾਂ ਉੱਤੋਂ ਮੁਸਲਮਾਨ ਸਾਡੇ ਘਰਾਂ ਵਿਚ ਵੜ ਆਂਦੇ ਹਨ, ਸਾਡੀਆਂ ਔਰਤਾਂ ਨਾਲ ਸੌਂਦੇ ਹਨ, ਤੇ ਅਸੀ ਸੰਥਾਲ ਆਦਮੀ ਕੁਝ ਵੀ ਨਹੀਂ ਕਰਨ ਜੋਗੇ।

ਪਰ ਅਸੀ ਕਰ ਵੀ ਕੀ ਸਕਦੇ ਹਾਂ ? ਉਹ ਗਿਣਤੀ ਵਿਚ ਸਾਡੇ ਨਾਲੋਂ ਕਿਤੇ ਵਧ ਹਨ। ਸਾਡੇ ਸੰਥਾਲ ਪਰਗਣਾ ਵਿਚ – ਜਿਹੜਾ ਸਾਡਾ, ਸੰਥਾਲਾਂ ਦਾ ਘਰ ਹੋਣਾ ਚਾਹੀਦਾ ਹੈ – ਪਿੰਡਾਂ ਦੇ ਪਿੰਡ ਮੁਸਲਮਾਨਾਂ ਦੇ ਪਿੰਡ ਬਣਦੇ ਜਾ ਰਹੇ ਹਨ। ਹਿੰਦੂ ਲੋਕ ਪਾਕੁਰ ਸ਼ਹਿਰ ਜਾਂ ਅਜਿਹੀਆਂ ਹੋਰਨਾ ਥਾਵਾਂ ’ਤੇ ਵਸਦੇ ਹਨ। ਜਿਹੜੇ ਥੋੜੇ ਬਹੁਤੇ ਹਿੰਦੂ ਸੰਥਾਲ ਪਿੰਡਾਂ ਵਿਚ ਵਸਦੇ ਹਨ, ਉਹ ਨੀਵੀਂਆਂ ਜਾਤਾਂ ਵਿਚੋਂ ਹਨ। ਉਹ ਵੀ ਨਿਤਾਣੇ ਹਨ, ਗਿਣਤੀ ਵਿਚ ਥੋੜੇ ਹਨ। ਪਰ ਪਾਕੁਰ ਸ਼ਹਿਰ ਵਿਚ ਵਸਦੇ ਅਮੀਰ ਹਿੰਦੂਆਂ ਨੂੰ ਸਿਰਫ ਸਾਡੀਆਂ ਜਮੀਨਾਂ ਵਿਚ ਦਿਲਚਸਪੀ ਹੈ। ਉਹ ਸਾਡੀ ਮਦਦ ਕਿਓਂ ਕਰਨਗੇ ? ਉਨ੍ਹਾਂ ਦੀ ਦਿਲਚਸਪੀ ਸਿਰਫ ਇਸ

ਗਲ ਵਿਚ ਹੈ ਕਿ ਅਸੀ ਉਨ੍ਹਾਂ ਦੇ ਵਿਆਹ- ਸ਼ਾਦੀਆਂ ਦੇ ਸਮੇਂ ਨੱਚਣ-ਗੌਣ ਕਰੀਏ। ਜੇ ਉਹ ਸਾਡੀ ਮਦਦ ਕਰਨ ਆਣ ਤਾਂ ਕਹਿੰਦੇ ਹਨ ਪਹਿਲਾਂ ਸੰਥਾਲ ਲੋਕ ਗਾਂ ਦਾ, ਤੇ ਸੂਰ ਦਾ ਮਾਸ ਖਾਣਾ ਬੰਦ ਕਰਨ, ਕਿ ਸਾਨੂੰ ਹਾਂਡੀ ਪੀਣਾ ਬੰਦ ਕਰਨਾ ਪਵੇਗਾ। ਉਹ ਵੀ ਇਹੋ ਚਾਂਹਦੇ ਨੇ ਕਿ ਅਸੀ ਆਪਣਾ ਸਰਨਾ ਧਰਮ ਭੁਲਾ ਦਈਏ, ਤੇ ਉਹ ਸਾਨੂੰ ਸਾਫਾ-ਹੋਰ ਬਣਾ ਲੈਣ ਤਾਂ ਜੋ ਉਨ੍ਹਾਂ ਦੀ ਗਿਣਤੀ ਵਧ ਸਕੇ ਤੇ ਅਸੀ ਉਨ੍ਹਾਂ ਦਾ ਕੀਮਤੀ ਵੋਟ-ਬੈਂਕ ਬਣ ਜਾਈਏ। ਸਾਫਾ-ਹੋਰ , ਯਾਨੀ ਸ਼ੁੱਧ ਲੋਕ, ਸਾਫ ਲੋਕ, ਪਰ ਉਹੋ ਜਿਹੇ ਸ਼ੁੱਧ ਜਾਂ ਪਵਿੱਤਰ ਨਹੀਂ ਜਿਹੋ ਜਿਹਾ ਉਹ ਆਪਣੇ ਆਪ ਨੂੰ ਸਮਝਦੇ ਹਨ। ਇਹ ਗੱਲ ਪੱਕੀ ਜੇ, ਅਸੀ ਹਮੇਸ਼ਾ ਉਨ੍ਹਾਂ ਤੋਂ ਕੁਝ ਊਣੇ ਹੀ ਰਹਾਂਗੇ। ਹਿੰਦੂਆਂ ਲਈ ਅਸੀ ਸੰਥਾਲ ਲੋਕ ਜਾਂ ਤਾਂ ਕ੍ਰਿਸਤਾਨ ਹੋ ਸਕਦੇ ਹਾਂ ਜਾਂ ਤਕਰੀਬਨ ਸਾਫਾ-ਹੋਰ। ਏਸ ਤੋਂ ਵਧ ਨਹੀਂ। ਅਸੀ ਆਪਣਾ ਸਰਨਾ ਧਰਮ ਭੁਲਾ ਰਹੇ ਹਾਂ, ਆਪਣੀ ਪਛਾਣ, ਆਪਣੀਆਂ ਜੜ੍ਹਾਂ ਗੁਆ ਰਹੇ ਹਾਂ। ਅਸੀ ਉਹ ਲੋਕ ਬਣਦੇ ਜਾ ਰਹੇ ਹਾਂ, ਜੋ ਕਿਤੇ ਦੇ ਵੀ ਨਹੀਂ।

ਜਨਾਬ, ਇਹ ਕੋਲਾ ਤੇ ਪੱਥਰ ਹਨ ਜੋ ਸਾਨੂੰ ਆਲਸੀ ਬਣਾ ਰਹੇ ਹਨ। ਕੋਲਾ ਰੋਡ ਸਾਡੇ ਪਿੰਡ ਦੇ ਵਿਚੋਂ ਲੰਘਦੀ ਹੈ। ਜਦੋਂ ਦੈਂਤ-ਮੂੰਹੇਂ ਟਰੱਕ ਕੋਲਾ ਢੋਂਦੇ ਹੋਏ ਕੋਲਾ ਰੋਡ ਤੋਂ ਲੰਘਦੇ ਹਨ, ਕਿਸੇ ਹੋਰ ਗੱਡੀ ਲਈ ਕੋਈ ਥਾਂ ਨਹੀਂ ਬਚਦੀ। ਇਹ ਟਰੱਕ ਚਾਲਕ ਏਨੇ ਤੂਫਾਨ ਚਾਲੇ ਹਨ ਕਿ ਆਪਣੇ ਰਾਹ ਵਿਚ ਆਣ ਵਾਲੇ ਕਿਸੇ ਵੀ ਵਾਹਨ ਨੂੰ ਦਰੜ ਸਕਦੇ ਹਨ। ਉਹ ਵੀ ਕੀ ਕਰਨ, ਇਹ ਉਨ੍ਹਾਂ ਦਾ ਕੰਮ ਹੈ। ਜਿੰਨੇ ਵਧ ਉਹ ਫੇਰੇ ਲਾਣ, ਓਨੀ ਵਧ ਉਨ੍ਹਾਂ ਦੀ ਕਮਾਈ ਹੁੰਦੀ ਹੈ। ਤੇ ਜੇ ਉਨ੍ਹਾਂ ਦੇ ਹੱਥੋਂ ਕਿਸੇ ਦੀ ਮੌਤ ਹੋ ਜਾਵੇ ? ਕੁਝ ਮੌਤਾਂ ਕਾਰਨ ਕੋਲਾ ਕੰਪਨੀ ਆਪਣੇ ਕਾਰੋਬਾਰ ਵਿਚ ਖੜੋਤ ਨਹੀਂ ਸਹਾਰ ਸਕਦੀ। ਉਹ ਮਰਨ ਵਾਲੇ ਦੇ ਟੱਬਰ ਨੂੰ ਪੈਸਾ ਦੇ ਦੇਂਦੇ ਹਨ, ਕਿਤੇ ਕੋਈ ਰਪਟ ਨਹੀਂ ਲਿਖਾਈ ਜਾਂਦੀ, ਤੇ ਡਰੈਵਰ ਸੁੱਕਾ ਛੁਟ ਜਾਂਦਾ ਹੈ, ਆਪਣੀ ਕੰਪਨੀ ਵਾਸਤੇ ਅਗਲਾ ਭਾਰ ਢੋਣ ਲਈ ਤਿਆਰ।

ਤੇ ਅਸੀ ਸੰਥਾਲ ? ਅਸੀ ਉਦੋਂ ਤਕ ਉਡੀਕਦੇ ਹਾਂ ਜਦੋਂ ਕੋਲਾ ਰੋਡ ਤੇ 'ਨੋ ਐਂਟਰੀ' ਦਾ ਸਮਾਂ ਸ਼ੁਰੂ ਹੋ ਜਾਂਦਾ ਹੈ। ਉਸ ਵੇਲੇ ਸਾਡੇ ਆਦਮੀ, ਔਰਤਾਂ ਤੇ ਬੱਚੇ ਰੋਡ ਤੇ ਨਿਕਲਦੇ ਹਨ ਤੇ ਇਨ੍ਹਾਂ ਟਿਪਰ ਟਰੱਕਾਂ ਦੇ ਦੁਆਲੇ ਝੁੰਡ ਵਾਙ ਇਕੱਠੇ ਹੋ ਜਾਂਦੇ ਹਾਂ। ਫੇਰ, ਨਹੁੰਆਂ, ਉਂਗਲਾਂ, ਹੱਥਾਂ ਤੇ ਜਿਹੜੇ ਵੀ ਸੰਦ ਸਾਨੂੰ ਜੁੜਦੇ ਹਨ, ਵਰਤ ਕੇ ਅਸੀ ਕੋਲਾ ਚੋਰੀ ਕਰਦੇ ਹਾਂ। ਨਾ ਡਰੈਵਰ ਸਾਨੂੰ ਰੋਕ ਸਕਦੇ ਹਨ, ਤੇ ਨਾ ਹੀ ਉਹ ਢਿੱਡਲ ਬਿਹਾਰੀ ਚੌਕੀਦਾਰ ਜਿਨ੍ਹਾਂ ਨੂੰ ਕੰਪਨੀ ਨੇ ਕੋਲਾ ਰੋਡ ਤੇ ਤੈਨਾਤ ਕੀਤਾ ਹੋਇਆ ਹੈ। ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇਕਰ ਉਨ੍ਹਾਂ ਸਾਨੂੰ ਕੋਲਾ ਚੋਰੀ ਕਰਨ ਤੋਂ ਰੋਕਿਆ, ਤਾਂ ਅਸੀ ਸੜਕ ਦਾ ਘੇਰਾਓ ਕਰਾਂਗੇ ਤੇ ਉਨ੍ਹਾਂ ਦੇ ਟਰੱਕਾਂ ਨੂੰ ਜਾਣ ਨਹੀਂ ਦਿਆਂਗੇ।

ਜਦੋਂ ਕੰਪਨੀ ਟਨਾਂ ਦੇ ਟਨ ਕੋਲੇ ਦੀ ਖੁਦਾਈ ਕਰ ਰਹੀ ਹੋਵੇ ਤਾਂ ਕੁਝ ਕੁਇੰਟਲ ਚੋਰੀ ਵੀ ਹੋ ਜਾਣ ਤਾਂ ਕੀ ਫਰਕ ਪੈਂਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਜੇ ਅਸੀ - ਸਿੱਧੋ ਤੇ ਕਾਨ੍ਹੂ ਵਰਗੇ ਮਹਾ-ਵਿਦਰੋਹੀਆਂ ਦੀ ਔਲਾਦ - ਆਪਣੀ ਆਈ ਤੇ ਆ ਗਏ ਤਾਂ ਏਸ ਇਲਾਕੇ ਵਿਚ ਸਾਰਾ ਕਾਰੋਬਾਰ ਠੱਪ ਹੋ ਜਾਏਗਾ। ਏਸ ਕਾਰਨ ਉਹ ਅਕਲ ਤੋਂ ਕੰਮ ਲੈਂਦੇ ਨੇ, ਆਕੜ ਨਹੀਂ ਦਿਖਾਂਦੇ। ਅਸਲ ਵਿਚ ਸਾਡੀਆਂ ਜਮੀਨਾਂ ਪਹਿਲਾਂ ਹੀ ਉਨ੍ਹਾਂ ਦੇ ਕਬਜੇ ਹੇਠ ਹਨ, ਸਾਡਾ ਕੋਲਾ ਉਹ ਪਹਿਲਾਂ ਹੀ ਚੋਰੀ ਕਰ ਰਹੇ ਹਨ, ਉਹ ਇਸਨੂੰ ਥੋੜਾ ਜਿਹਾ ਵਾਪਸ ਚੋਰੀ ਕਰ ਲੈਣ

ਦਾ ਸਾਡਾ ਹੱਕ ਨਹੀਂ ਖੋਹਣਾ ਚਾਂਹਦੇ।

ਇਹ ਕੋਲਾ ਹੀ ਹੈ, ਜਨਾਬ, ਜੋ ਹੌਲੀ ਹੌਲੀ ਸਾਨੂੰ ਹੜੱਪੀ ਜਾ ਰਿਹਾ ਹੈ। ਕੋਲਾ ਰੋਡ ਦੇ ਨਾਲ ਨਾਲ ਇਕ ਕਲਿੱਤਣ ਤੁਰਦੀ ਹੈ, ਏਨੀ ਸੰਘਣੀ, ਜਿਹੜੀ ਕਿਸੇ ਵੀ ਤਰ੍ਹਾਂ ਪੂੰਝੀ ਨਹੀਂ ਜਾਂਦੀ। ਸਾਡੇ ਪਿੰਡ ਦੇ ਰੁੱਖਾਂ-ਬੂਟਿਆਂ ਤੇ ਕਾਲੇ ਪੱਤੇ ਉਗਦੇ ਹਨ। ਸਾਡੀ ਗੇਰੂਆ ਭੋਂ ਕਾਲੀ ਹੋ ਗਈ ਹੈ। ਪੱਥਰ, ਚੱਟਾਨਾਂ, ਰੇਤਾ - ਸਭ ਕੁਝ ਕਾਲਾ ਹੈ। ਸਾਡੇ ਕੋਠਿਆਂ ਦੀਆਂ ਖਪਰੈਲਾਂ ਆਪਣੀ ਅੱਗ ਵਿਚ ਪੱਕੀ ਲਾਲੀ ਗੁਆ ਬੈਠੀਆਂ ਹਨ। ਅਸੀ ਸੰਥਾਲ ਆਪਣੇ ਘਰਾਂ ਦੀਆਂ ਬਾਹਰਲੀਆਂ ਕੰਧਾਂ ਤੇ ਫੁੱਲਾਂ, ਬੂਟਿਆਂ ਤੇ ਮੋਰਾਂ ਦੇ ਜਿਹੜੇ ਚਿਤਰ ਵਾਹੁੰਦੇ ਹਾਂ, ਸਭ ਕਾਲੇ ਹੋ ਗਏ ਹਨ। ਸਾਡੇ ਬਾਲ - ਜਿਹੜੇ ਹੁੰਦੇ ਹੀ ਸਾਂਵਲੇ ਹਨ- ਹਮੇਸ਼ਾ ਮਹੀਨ ਕਾਲੀ ਧੂੜ ਨਾਲ ਕੱਜੇ ਲਭਦੇ ਹਨ। ਜਦੋਂ ਉਹ ਰੋਂਦੇ ਨੇ, ਤੇ ਹੰਝੂ ਉਨ੍ਹਾਂ ਦੀਆਂ ਗਲ੍ਹਾਂ ਤੋਂ ਵਗਦੇ ਨੇ, ਜਾਪਦਾ ਹੈ ਕਿਸੇ ਔੜ ਮਾਰੀ ਧਰਤੀ ਨੂੰ ਚੀਰਦਾ ਕੋਈ ਦਰਿਆ ਲੰਘ ਰਿਹਾ ਹੋਵੇ। ਸਿਰਫ ਸਾਡੀਆਂ ਅੱਖਾਂ ਲਾਲ ਮਘਦੀਆਂ ਹਨ, ਅੰਗਿਆਰਾਂ ਵਾਂਗ। ਸਾਡੇ ਬਾਲਾਂ ਵਿਚੋਂ ਘਟ ਵਧ ਹੀ ਕੋਈ ਸਕੂਲ ਜਾਂਦਾ ਹੈ। ਪਰ ਸਾਰੇ - ਭਾਵੇਂ ਉਹ ਸਕੂਲ ਜਾਂਦੇ ਹੋਣ ਜਾਂ ਨਾ - ਚੌਕਸ ਰਹਿੰਦੇ ਹਨ; ਦਿਨ -ਰਾਤ, ਕਿ ਕੋਲਾ ਕਿਵੇਂ ਚੋਰੀ ਕੀਤਾ ਜਾਵੇ, ਤੇ ਫੇਰ ਕਿਵੇਂ ਉਸਨੂੰ ਵੇਚਿਆ ਜਾਵੇ।

ਸੰਥਾਲਾਂ ਨੂੰ ਕਾਰੋਬਾਰ ਦੀ ਸਮਝ ਨਹੀਂ। ਸਾਨੂੰ ਕੋਲਾ ਅਸਾਨੀ ਨਾਲ ਮਿਲ ਜਾਂਦਾ ਹੈ, ਤੇ ਸਸਤੇ ਭਾਅ ਅਸੀ ਉਸਨੂੰ ਵੇਚ ਛਡਦੇ ਹਾਂ; ਬਸ ਓਨੇ ਕੁ ਪੈਸੇ ਲੈ ਕੇ ਜਿਸ ਨਾਲ ਸਾਡੇ ਖਾਣ, ਪਾਣ ਤੇ ਪੀਣ ਜੋਗਾ ਸਰ ਜਾਵੇ। ਪਰ ਇਹ ਜੋਲਹੇ - ਤੁਸੀ ਉਨ੍ਹਾਂ ਨੂੰ ਮੁਸਲਮਾਨ ਕਹਿੰਦੇ ਹੋ, ਅਸੀ ਜੋਲਹਾ - ਕੋਲੇ ਦੀ ਕੀਮਤ ਜਾਣਦੇ ਹਨ, ਪੈਸੇ ਦੀ ਕੀਮਤ ਜਾਣਦੇ ਹਨ। ਉਹ ਕੋਲੇ ਨੂੰ ਉਸ ਕੀਮਤ ਤੇ ਵੇਚਦੇ ਹਨ, ਜੋ ਉਨ੍ਹਾਂ ਨੂੰ ਵਾਰਾ ਖਾਂਦੀ ਹੈ। ਤੇ ਮਾਟੀਆਜੋੜ ਤੋਂ ਜਿੰਨਾ ਵਧ ਦੂਰ ਲਿਜਾ ਕੇ ਤੁਸੀ ਕੋਲਾ ਵੇਚੋਗੇ, ਓਨਾ ਵਧ ਉਸਦਾ ਮੁੱਲ ਪਵੇਗਾ।

ਇਕ ਦਹਾਕਾ ਪਹਿਲਾਂ ਦੀ ਗੱਲ ਹੈ, ਜਦੋਂ ਮਾਟੀਆਜੋੜ ਦੇ ਸੰਥਾਲ ਨਮਾਲ ਦੇ ਫਾਰਮਾਂ ਤੇ ਸਾਲਾਨਾ ਮੌਸਮੀ ਮਜਦੂਰੀ ਕਰਨ ਲਈ ਨਿਕਲ ਰਹੇ ਸਨ, ਅਚਾਨਕ ਕਿਧਰੋਂ ਚਾਰ ਜੋਲਹਾ ਪਰਵਾਰ ਆਏ ਤੇ ਸਾਡੇ ਕੋਲ ਸ਼ਰਣ ਮੰਗੀ। ਗਰੀਬੜੇ ਜਿਹੇ ਲੋਕ, ਜੋ ਸਾਡੇ ਵਾਂਙ ਹੀ ਕੰਗਾਲ ਦਿਸਦੇ ਸਨ। ਸ਼ਾਇਦ ਸਾਡੇ ਨਾਲੋਂ ਵੀ ਮਾੜੇ। ਇਸ ਦੇ ਬਦਲੇ ਉਨ੍ਹਾਂ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਉਨ੍ਹਾਂ ਸਾਨੂੰ ਕਿਹਾ ਕਿ ਸਾਡੀ ਗੈਰਹਾਜਰੀ ਵਿਚ ਉਹ ਸਾਡੇ ਖੇਤਾਂ ਨੂੰ ਦੇਖਣਗੇ ਤੇ ਫਸਲ ਵਿਚ ਹਿਸੇਦਾਰੀ ਦੇ ਆਧਾਰ ਤੇ ਖੇਤੀ ਵੀ ਕਰਨਗੇ। ਅਸੀ ਉਨ੍ਹਾਂ ਤੇ ਭਰੋਸਾ ਕਰ ਲਿਆ। ਉਨ੍ਹਾਂ ਸਾਡੇ ਖੇਤਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿਤਾ ਤੇ ਮਾਟੀਆਜੋੜ ਦੇ ਇਕ ਦੁਰੇਡਲੇ ਕੋਨੇ ਵਿਚ ਚਾਰ ਕੁੱਲੀਆਂ ਛੱਤ ਲਈਆਂ। ਅਜ, ਉਹਨਾਂ ਚਾਰ ਕੁੱਲੀਆਂ ਦਾ ਛੋਟਾ ਜਿਹਾ ਝੁੰਡ ਵਧ ਕੇ ਸੌ ਤੋਂ ਵਧ ਘਰਾਂ ਤੇ ਫੈਲਿਆ ਹੋਇਆ ਟੋਲਾ ਬਣ ਗਿਆ ਹੈ। ਇਹ ਘਰ ਹਨ, ਕੁੱਲੀਆਂ ਨਹੀਂ। ਅਸੀ, ਸੰਥਾਲ, ਆਪਣੇ ਹੀ ਪਿੰਡ ਵਿਚ ਅਜੇ ਵੀ ਕੱਚੀਆਂ ਕੁੱਲੀਆਂ ਵਿਚ ਰਹਿੰਦੇ ਹਾਂ, ਜਦਕਿ ਹਰ ਜੋਲਹਾ ਘਰ ਦੀ ਘੱਟੋ-ਘੱਟ ਇਕ ਕੰਧ ਇੱਟਾਂ ਦੀ ਹੈ ਤੇ ਉਨ੍ਹਾਂ ਦਾ ਸੀਮਟ ਦਾ ਵਿਹੜਾ ਹੁੰਦਾ ਹੈ। ਇਸਨੂੰ ਹੁਣ ਮਾਟੀਆਜੋੜ ਦਾ ਜੋਲਹਾ ਟੋਲਾ ਆਖਦੇ ਹਨ।

ਕਿਸੇ ਸਮੇਂ ਮਾਟੀਆਜੋੜ ਨਿਰੋਲ ਸੰਥਾਲ ਪਿੰਡ ਹੁੰਦਾ ਸੀ। ਹੁਣ ਇਸ ਵਿਚ ਇਕ ਸੰਥਾਲ ਟੋਲਾ ਹੈ, ਤੇ ਦੂਜਾ ਜੋਲਹਾ ਟੋਲਾ, ਤੇ ਜੋਲਹਾ ਟੋਲਾ ਵੱਡਾ ਹੈ। ਕਦੀ ਕਦੀ ਮੈਂ ਸੋਚਦਾ

ਹਾਂ ਕਿ ਏਥੇ ਘਟਗਿਣਤੀ ਵਾਲੇ ਕਿਹੜੇ ਹਨ। ਇਹ ਜੋਲਹੇ ਮਿਹਨਤੀ ਹਨ, ਤੇ ਹਮੇਸ਼ਾ ਇਕਮੁਠ ਹੋ ਕੇ ਰਹਿੰਦੇ ਹਨ। ਉਹ ਆਪਸ ਵਿਚ ਲੜ ਸਕਦੇ ਹਨ, ਨਿੱਕੀ ਨਿੱਕੀ ਗੱਲੇ ਇਕ ਦੂਜੇ ਦਾ ਸਿਰ ਪਾੜ ਸਕਦੇ ਹਨ, ਠਾਣੇ ਜਾ ਕੇ ਇਕ ਦੂਜੇ ਦੇ ਖਿਲਾਫ ਪਰਚਾ ਦਰਜ ਕਰਾ ਸਕਦੇ ਹਨ, ਇਕ ਦੂਜੇ ਨੂੰ ਅਦਾਲਤ ਵਿਚ ਧਰੂਹ ਸਕਦੇ ਹਨ; ਪਰ ਜੇ ਕੋਈ ਜੋਲਹਿਆਂ ਤੋਂ ਬਾਹਰਲਾ ਬੰਦਾ ਕਿਸੇ ਜੋਲਹੇ ਨੂੰ ਇਕ ਵੀ ਹੇਠੀ ਦਾ ਲਫਜ ਬੋਲ ਜਾਵੇ, ਸਾਰੇ ਜੋਲਹੇ ਉਸਦੇ ਵਿਰੁਧ ਇਕੱਠੇ ਹੋ ਜਾਂਦੇ ਹਨ। ਪਾਕੁਰ ਤੋਂ, ਸਾਹਬਗੰਜ ਤੋਂ, ਤੇ ਪਤਾ ਨਹੀਂ ਹੋਰ ਕਿੱਥੋਂ ਕਿੱਥੋਂ ਜੋਲਹੇ ਆਗੂ ਆਪਣੀ ਇਕਮੁਠਤਾ ਦਰਸਾਣ ਪਹੁੰਚ ਜਾਂਦੇ ਹਨ। ਤੇ ਅਸੀ ਸੰਥਾਲ ? ਸਾਡੇ ਬੰਦਿਆਂ ਨੂੰ ਕੁੱਟਿਆ ਜਾਂਦਾ ਹੈ, ਹਵਾਲਾਤ-ਬੰਦ ਕੀਤਾ ਜਾਂਦਾ ਹੈ, ਜੇਲ੍ਹਾਂ ਵਿਚ ਸੁੱਟਿਆ ਜਾਂਦਾ ਹੈ; ਨਿਗੂਣੇ ਕਾਰਨਾਂ ਤੇ ਝੂਠੇ ਇਲਜਾਮਾਂ ਹੇਠ। ਸਾਡੀਆਂ ਔਰਤਾਂ ਦੀ ਇੱਜਤ ਲੁੱਟੀ ਜਾਂਦੀ ਹੈ, ਤੇ ਕੁਝ ਆਪਣੇ ਸਰੀਰ ਨੂੰ ਕੋਲਾ ਰੋਡ ਤੇ ਵੇਚਦੀਆਂ ਹਨ। ਸਾਡੇ ਵਿਚੋਂ ਬੜੇ ਸਾਰੇ ਆਪਣੀ ਜਨਮ ਭੋਂ ਤੋਂ ਭਜਦੇ ਜਾ ਰਹੇ ਹਾਂ। ਅਸੀ ਕਿੰਨੇ ਕੁ ਇਕਮੁੱਠ ਹਾਂ ? ਕਿੱਥੇ ਨੇ ਸਾਡੇ ਸੰਥਾਲ ਆਗੂ ? ਛੱਡਣ-ਛੁਡਾਉਣ ਵਾਲੇ ਆਗੂ, ਕਿੱਥੇ ਨੇ ਉਹ ?

ਮੈਨੂੰ ਮਾਫ ਕਰਨਾ। ਮੈਂ ਕੀ ਕਰ ਸਕਦਾ ਹਾਂ ? ਕੁਝ ਨਹੀਂ ਕਰ ਸਕਦਾ। ਮੈਂ ਸੱਠ ਸਾਲਾਂ ਦਾ ਹਾਂ, ਏਨੀ ਕੁੱਟ-ਮਾਰ ਤੋਂ ਬਾਅਦ ਏਸ ਹਵਾਲਾਤ ਵਿਚ ਡੱਕੇ ਹੋਣ ਕਾਰਨ ਮੇਰਾ ਸਬਰ ਜਵਾਬ ਦੇ ਗਿਆ ਹੈ। ਸਿਰਫ ਰੋਹ ਬਚਿਆ ਹੈ। ਤੇ, ਮੈਂ ਕੀ ਕਹਿ ਰਿਹਾ ਸਾਂ ? ਹਾਂ, ਕਿ ਸਾਡੇ ਕੋਲ ਸ਼ੋਰ ਕਰਨ ਵਾਲਾ ਕੋਈ ਨਹੀਂ, ਸਾਡੇ ਸੰਥਾਲਾਂ ਵਿਚ ਤਕੜੀ ਆਵਾਜ ਵਾਲਾ ਕੋਈ ਨਹੀਂ। ਸੰਥਾਲਾਂ ਕੋਲ ਕੋਈ ਪੈਸਾ ਨਹੀਂ- ਹਾਲਾਂਕਿ ਅਸੀ ਉਨ੍ਹਾਂ ਜਮੀਨਾਂ ਤੇ ਪੈਦਾ ਹੋਏ ਹਾਂ ਜਿਨ੍ਹਾਂ ਹੇਠ ਦੌਲਤਾਂ ਦੱਬੀਆਂ ਹੋਈਆਂ ਹਨ। ਅਸੀ ਸੰਥਾਲਾਂ ਆਪਣੀ ਦੌਲਤ ਦੀ ਰਾਖੀ ਕਰਨਾ ਨਹੀਂ ਜਾਣਦੇ। ਅਸੀ ਸਿਰਫ ਭੱਜ ਨਿਕਲਣਾ ਜਾਣਦੇ ਹਾਂ।

ਸ਼ਾਇਦ ਏਸੇ ਕਾਰਨ ਪਾਕੁਰ ਜਿਲੇ ਤੇ ਸੰਥਾਲ ਪਰਗਣਾ ਦੇ ਹੋਰ ਹਿੱਸਿਆਂ ਤੋਂ ਹਜਾਰਾਂ ਸੰਥਾਲ ਵਾਹੀ ਦੀ ਹਰ ਰੁੱਤੇ ਨਮਾਲ ਜਾਂਦੀਆਂ ਗੱਡੀਆਂ ਫੜਦੇ ਹਨ। ਉਹ ਭੱਜ ਰਹੇ ਹੁੰਦੇ ਹਨ।

ਮੈਂ ਦੱਸਿਆ ਏ ਤੁਹਾਨੂੰ ? ਕਦੇ ਮੈਂ ਵੀ ਕਿਸਾਨ ਹੁੰਦਾ ਸੀ। ਕਿਸੇ ਸਮੇਂ। ਹੁਣ ਮੇਰੇ ਪੁਤਰ ਵਾਹੀ-ਬੀਜੀ ਕਰਦੇ ਹਨ। ਸਭ ਤੋਂ ਵੱਡਾ ਖੇਤੀ ਲਈ ਏਥੇ ਹੀ ਰਹਿੰਦਾ ਹੈ, ਪਰ ਦੂਜੇ ਦੋ, ਆਪਣੇ ਟੱਬਰਾਂ ਸਮੇਤ, ਹਰ ਰੁੱਤੇ ਨਮਾਲ ਚਲੇ ਜਾਂਦੇ ਹਨ। ਮੈਂ ਗੀਤ ਬਣਾਂਦਾ ਹੁੰਦਾ ਸਾਂ। ਅਜੇ ਵੀ ਬਣਾਂਦਾ ਹਾਂ। ਤੇ ਅਜੇ ਵੀ ਮੇਰੀ ਨਾਚ-ਮੰਡਲੀ ਹੈ। ਭਾਵੇਂ ਇਹ ਮੰਡਲੀ ਓਨੀ ਸਥਾਈ ਨਹੀਂ, ਜਿਵੇਂ ਪੰਦਰਾਂ ਵੀਹ ਵਰ੍ਹੇ ਪਹਿਲਾਂ ਹੁੰਦੀ ਸੀ ਜਦੋਂ ਮੈਂ ਮੁਕਾਬਲਤਨ ਜਵਾਨ ਸਾਂ, ਤੇ ਹਿੰਮਤ, ਜੋਸ਼ ਅਤੇ ਆਸ ਨਾਲ ਭਰਿਆ ਹੁੰਦਾ ਸਾਂ । ਮਾਟੀਆਜੋੜ, ਪਾਥਰਕੋਲਾ, ਅਮਰਾਪਾੜਾ - ਇਨ੍ਹਾਂ ਸਾਰੇ ਪਿੰਡਾਂ ਦੇ ਨਾਚੇ ਤੇ ਗਵੱਈਏ ਮੇਰੀ ਮੰਡਲੀ ਵਿਚ ਹੁੰਦੇ ਸਨ। ਮੈਂ ਗੀਤ ਲਿਖਦਾ ਤੇ ਫੇਰ ਉਨ੍ਹਾਂ ਨੂੰ ਧੁਨਾਂ ਵਿਚ ਢਾਲਦਾ। ਤੇ ਮੇਰੀ ਮੰਡਲੀ ਦੇ ਲੋਕ, ਨੌਜਵਾਨ ਮੁੰਡੇ ਤੇ ਕੁੜੀਆਂ, ਆਪਣੇ ਨਾਚਾਂ, ਆਪਣੀਆਂ ਆਵਾਜਾਂ, ਤਮਕ ਤੇ ਤੁਮੜਕ ਦੀਆਂ ਥਾਪਾਂ, ਤਿਰੀਓ ਤੇ ਬਨਮ ਵਿਚੋਂ ਕੱਢੀਆਂ ਸੁਰਾਂ ਰਾਹੀਂ ਮੇਰੇ ਗੀਤਾਂ ਵਿਚ ਜਾਨ ਪਾ ਦੇਂਦੇ।

ਉਨ੍ਹਾਂ ਸਮਿਆਂ ਵਿਚ ਸਾਡਾ ਸੰਥਾਲ ਪਰਗਣਾ ਏਨੇ ਸਾਰੇ ਜ਼ਿਲਿਆਂ ਵਿਚ ਨਹੀਂ ਸੀ ਵੰਡਿਆ ਹੋਇਆ। ਹੁਣ ਸਾਰੇ ਡਿਕੂਆਂ, ਬਿਹਾਰੀਆਂ ਤੇ ਹੋਰਨਾਂ, ਨੇ ਆਪਣੇ ਫਾਇਦੇ ਲਈ

ਸਾਡੇ ਸੰਥਾਲ ਪਰਗਣਾ ਨੂੰ ਟੁਕੜਿਆਂ ਵਿਚ ਵੰਡ ਲ਼ਿਆ ਹੈ। ਜਦੋਂ ਵੀ ਉਨ੍ਹਾਂ ਨੂੰ ਵਾਰਾ ਖਾਂਦਾ ਹੋਵੇ ਉਹ ਜ਼ਿਲੇ ਤੋੜਦੇ ਰਹਿੰਦੇ ਹਨ ਤੇ ਸਿਰਫ ਦਸ ਫੁਟ ਬਾਈ ਦਸ ਫੁਟ ਦਾ ਜ਼ਿਲਾ ਵੀ ਸਿਰਜ ਲੈਂਦੇ ਹਨ। ਜਿਨ੍ਹਾਂ ਸਮਿਆਂ ਵਿਚ ਮੈਂ ਜਵਾਨ ਸੀ, ਅਜੇ ਝਾਰਖੰਡ ਵੀ ਬਿਹਾਰ ਤੋਂ ਤੋੜਿਆ ਨਹੀਂ ਸੀ ਗਿਆ। ਪਰ ਓਦੋਂ ਬੜੀਆਂ ਆਸਾਂ ਹੁੰਦੀਆਂ ਸਨ। ਅਸੀ ਆਪਣੇ ਪਿੰਡ ਵਿਚ ਪ੍ਰਦਰਸ਼ਨ ਕਰਦੇ ਸੀ, ਨਾਲ ਦੇ ਪਿੰਡਾਂ ਵਿਚ, ਪਾਕੁਰ, ਦੁਮਕਾ, ਸਾਹਬਗੰਜ, ਦੇਓਘਰ, ਜਾਮਤਾਰਾ, ਪਟਨਾ, ਰਾਂਚੀ ਅਤੇ ਕੋਲਕਤਾ ਵਿਚ ਵੀ। ਅਤੇ ਭੁਬਨੇਸ਼ਵਰ ਵੀ, ਜਿੱਥੇ ਸਾਨੂੰ ਸਮੁੰਦਰ ਤਕਾਣ ਲਈ ਪੁਰੀ ਲੈ ਕੇ ਗਏ ਸਨ। ਕਿਆ ਨਜਾਰਾ ਸੀ! ਅਸੀ ਗੋਂਡਾ ਵਿਚ ਵੀ ਪ੍ਰਦਰਸ਼ਨ ਕੀਤਾ ਸੀ। ਗੋਂਡਾ, ਜਿੱਥੇ ਮੇਰੀ ਧੀ ਮੁਗਲੀ ਵਿਆਹੀ ਹੋਈ ਸੀ। ਸਾਨੂੰ ਪੈਸੇ ਮਿਲਦੇ ਸਨ। ਸਾਨੂੰ ਚੰਗਾ ਖਾਣਾ ਮਿਲਦਾ ਸੀ, ਮੈਡਲ, ਸ਼ੀਲਡਾਂ ਤੇ ਸਨਦਾਂ ਦਿਤੀਆਂ ਜਾਂਦੀਆਂ ਸਨ। ਸਾਡੇ ਬਾਰੇ ਅਖਬਾਰਾਂ ਵਿਚ ਲਿਖਿਆ ਜਾਂਦਾ ਸੀ।

ਹੁਣ ਉਹ ਸਭ ਬਦਲ ਗਿਆ ਹੈ। ਇਕ ਤਾਂ ਮੇਰੀ ਮੰਡਲੀ ਦੇ ਸਾਰੇ ਜਣੇ ਹੁਣ ਬੁੱਢੇ ਹੋ ਗਏ ਹਨ । ਕੁਝ ਤਾਂ ਮਰ ਵੀ ਚੁੱਕੇ ਹਨ। ਕੁਝ ਪਰਵਾਸ ਕਰ ਗਏ ਹਨ, ਜਾਂ ਮੌਸਮ ਆਣ ਤੇ ਪਰਵਾਸ ਕਰ ਜਾਂਦੇ ਹਨ। ਜਿਹੜੇ ਬਚੇ ਹਨ, ਉਹ ਗੀਤ ਗੁਣਗੁਣਾਂਦੇ ਹਨ, ਇਕ ਦੂਜੇ ਨੂੰ ਸੁਣਾਂਦੇ ਹਨ, ਪਰ ਸਟੇਜ ਤੋਂ ? ਨਹੀਂ, ਮੁੜ ਨਹੀਂ। ਮੇਰੇ ਵਾਙ ਹੀ ਉਹ ਵੀ ਥੱਕ ਚੁੱਕੇ ਹਨ, ਉਨ੍ਹਾਂ ਦਾ ਭਰਮ ਟੁੱਟ ਚੁੱਕਾ ਹੈ। ਸਾਡੀਆਂ ਸਾਰੀਆਂ ਸ਼ੀਲਡਾਂ ਤੇ ਸਨਦਾਂ ਨੇ ਸਾਨੂੰ ਕੀ ਦੇ ਲਿਆ ? ਡਿਕੂ ਬੱਚੇ ਸਕੂਲ ਤੇ ਕਾਲਜ ਜਾਂਦੇ ਹਨ, ਪੜ੍ਹਦੇ ਹਨ, ਉਨ੍ਹਾਂ ਨੂੰ ਨੌਕਰੀਆਂ ਮਿਲਦੀਆਂ ਹਨ। ਸਾਨੂੰ ਸੰਥਾਲਾਂ ਨੂੰ ਕੀ ਮਿਲਦਾ ਹੈ ? ਅਸੀ ਸੰਥਾਲ ਨੱਚਦੇ ਤੇ ਗਾਂਦੇ ਹਾਂ, ਅਸੀ ਆਪਣੀ ਕਲਾ ਵਿਚ ਨਿਪੁੰਨ ਹਾਂ। ਪਰ, ਕੀ ਮਿਲਿਆ ਸਾਨੂੰ ਸਾਡੀ ਕਲਾ ਤੋਂ ? ਆਪਣੀ ਭੋਂ ਤੋਂ ਖਦੇੜੇ ਜਾਣਾ, ਤਪਦਿਕ ਵਰਗੇ ਰੋਗ।

ਮੈਂ ਸੱਠ ਸਾਲਾਂ ਦਾ ਹੋ ਗਿਆ ਹਾਂ। ਸ਼ਾਇਦ ਏਦੂੰ ਵੀ ਵਧ ਦਾ। ਮੈਨੂੰ ਇੱਜਤ ਨਾਲ ਹੁਣ ਹਾਰਮ ਕਿਹਾ ਜਾਂਦਾ ਹੈ। ਮੈਨੂੰ ਮੋਟੇ ਸ਼ੀਸ਼ਿਆਂ ਵਾਲੀਆਂ ਐਨਕਾਂ ਲਾਣੀਆਂ ਪੈਂਦੀਆਂ ਹਨ । ਮੇਰੇ ਕੰਨ ਵੀ ਉੱਚਾ ਸੁਣਦੇ ਹਨ। ਭਾਵੇਂ ਮੇਰੀ ਆਵਾਜ ਅਜੇ ਵੀ ਕਾਫੀ ਚੰਗੀ ਹੈ। ਮੇਰੇ ਪਿੰਡ ਦੇ ਲੋਕ ਕਹਿੰਦੇ ਨੇ ਕਿ ਉਹ ਅਜੇ ਵੀ ਮੇਰੀ ਆਵਾਜ ਤੋਂ ਪਰਭਾਵਤ ਹੁੰਦੇ ਹਨ। ਕਦੇ ਕਦੇ ਉਹ ਮੈਨੂੰ ਗਾਣ ਲਈ ਆਖਦੇ ਹਨ। ਮੈਂ ਆਪਣੇ ਰਚੇ ਪੁਰਾਣੇ ਗੀਤ ਸੁਣਾਂਦਾ ਹਾਂ। ਇਸ ਨਾਲ ਉਹ ਖੁਸ਼ ਹੋ ਜਾਂਦੇ ਹਨ। ਮੈਂ ਅਜੇ ਵੀ ਗੀਤ ਸਿਰਜਦਾ ਹਾਂ, ਭਾਵੇਂ ਬਹੁਤੇ ਨਹੀਂ। ਸ਼ਾਇਦ ਛੇ ਜਾਂ ਅੱਠ ਮਹੀਨਿਆਂ ਵਿਚ ਇਕ ਅੱਧਾ ਗੀਤ। ਹਰ ਗੀਤ ਸਿਰਫ ਛੇ ਜਾਂ ਅੱਠ ਸਤਰਾਂ ਦਾ। ਅਤੇ ਕਿਓਂਕੇ ਲੰਘ ਚੁੱਕੇ ਵੇਲਿਆਂ ਵਿਚ ਮੈਂ ਥੋੜਾ ਬਹੁਤ ਮਸ਼ਹੂਰ ਹੁੰਦਾ ਸਾਂ, ਮੈਨੂੰ ਅਜੇ ਵੀ ਪਾਕੁਰ, ਦੁਮਕਾ ਤੇ ਰਾਂਚੀ ਦੇ ਜਨਤਕ ਸਮਾਗਮਾਂ ਤੇ ਸੱਦ ਲਿਆ ਜਾਂਦਾ ਹੈ।

ਮੈਂ ਨਵੀਆਂ ਮੰਡਲੀਆਂ ਘੜਦਾ ਰਹਿੰਦਾ ਹਾਂ, ਭਾਂਵੇਂ ਉਨ੍ਹਾਂ ਦੇ ਮੈਂਬਰ ਹਮੇਸ਼ਾ ਬਦਲਦੇ ਰਹਿੰਦੇ ਹਨ। ਅਜ ਮੇਰੀ ਮੰਡਲੀ ਵਿਚ ਨੱਚਣ ਵਾਲਾ, ਕਲ ਬਰਧਮਾਨ ਦੇ ਕਿਸੇ ਬੰਗਾਲੀ ਜ਼ਿਮੀਦਾਰ ਦੀਆਂ ਜਮੀਨਾਂ ਤੇ ਆਲੂ ਉਗਾ ਰਿਹਾ ਹੁੰਦਾ ਹੈ। ਸੋ, ਮੈਨੂੰ ਉਸਦੀ ਥਾਂ ਕਿਸੇ ਹੋਰ ਨਾਚੇ ਨੂੰ ਰਖਣਾ ਪੈਂਦਾ ਹੈ। ਦੋ ਦਿਨ ਬਾਦ, ਪਹਿਲਾ ਨਾਚਾ ਮੁੜ ਆਂਦਾ ਹੈ ਤੇ ਮੈਨੂੰ ਨਵੇਂ ਲਏ ਬੰਦੇ ਨੂੰ ਲਾਂਭੇ ਕਰਨਾ ਪੈਂਦਾ ਹੈ। ਅਜਕਲ ਮੇਰੀ ਮੰਡਲੀ ਦਾ ਕੰਮ ਇਵੇਂ ਹੀ ਟੁਰਦਾ ਹੈ। ਪਰ ਸਾਡਾ ਕੁਝ ਪੈਸਾ ਬਣ ਜਾਂਦਾ ਹੈ। ਅਤੇ ਜਦੋਂ ਸਾਨੂੰ ਸ਼ਹਿਰਾਂ ਵਿਚ ਰਖਦੇ ਹਨ ਤਾਂ ਆਮ ਤੌਰ ਤੇ

ਖਾਣਾ ਵੀ ਚੰਗਾ ਮਿਲ ਜਾਂਦਾ ਹੈ। ਏਸ ਲਈ ਅਸੀ ਪ੍ਰਦਰਸ਼ਨ ਕਰਦੇ ਹਾਂ।

ਸਾਡੇ, ਸੰਥਾਲਾਂ, ਲਈ ਸਾਡਾ ਸੰਗੀਤ, ਸਾਡੇ ਨਾਚ ਪਵਿੱਤਰ ਹਨ। ਪਰ ਭੁੱਖ ਤੇ ਗਰੀਬੀ ਨੇ ਸਾਨੂੰ ਉਹ ਕੁਝ ਵੇਚਣ ਲਈ ਮਜਬੂਰ ਕੀਤਾ ਹੈ ਜੋ ਸਾਡੇ ਲਈ ਪਵਿੱਤਰ ਹੈ। ਜਦੋਂ ਮੇਰੇ ਮੁੰਡੇ ਡਿਕੂਆਂ ਦੇ ਵਿਆਹਾਂ ਤੇ ਨਾਚ ਪੇਸ਼ ਕਰਦੇ ਹਨ, ਮੈਂ ਆਸ ਰਖਦਾ ਹਾਂ ਕਿ ਲੋਕ ਉਨ੍ਹਾਂ ਦੀ ਕਲਾ ਨੂੰ ਧਿਆਨ ਨਾਲ ਦੇਖਣਗੇ। ਮੂਰਖ ਹਾਂ ਨਾ ਮੈਂ। ਕਿਹੜਾ ਡਿਕੂ ਸਾਡੇ ਸੰਗੀਤ ਵਲ ਧਿਆਨ ਦੇਂਦਾ ਹੈ? ਸਗੋਂ ਉਨ੍ਹਾਂ ਉਚ-ਪੱਧਰੀ ਸਮਾਗਮਾਂ ਤੇ ਵੀ ਬਹੁਤੇ ਡਿਕੂ ਸਾਡੇ ਸ਼ੋਅ ਦਾ ਮੁੱਕਣਾ ਹੀ ਉਡੀਕ ਰਹੇ ਹੁੰਦੇ ਹਨ। ਪਰ, ਕੋਈ ਖੇਡ ਮੇਲਾ ਹੋਵੇ, ਜਾਂ ਕੋਈ ਉਦਘਾਟਨ, ਤੇ ਜਾਂ ਉਚ-ਹਸਤੀਆਂ ਵੱਲੋਂ ਵਿਉਂਤਿਆ ਕੋਈ ਹੋਰ ਸਮਾਗਮ -- ਆਦਿਵਾਸੀ ਸਭਿਆਚਾਰ ਅਤੇ ਝਾਰਖੰਡੀ ਸਭਿਆਚਾਰ ਦੇ ਨਾਂ ਤੇ ਆਦਿਵਾਸੀਆਂ ਨੂੰ ਨਚਾਉਣਾ ਜਰੂਰੀ ਹੈ। ਹਾਲਾਂਕਿ ਬਿਹਾਰੀ, ਤੇ ਬੰਗਾਲੀ ਤੇ ਓਡੀਆ ਲੋਕ ਦਾਅਵਾ ਕਰਦੇ ਹਨ ਕਿ ਝਾਰਖੰਡ ਉਨ੍ਹਾਂ ਦਾ ਹੈ। ਉਹ ਆਪਣੇ ਸਭਿਆਚਾਰ, ਨਾਚ ਅਤੇ ਸੰਗੀਤ ਨੂੰ ਸਾਡੇ ਸਭਿਆਚਾਰ ਤੋਂ ਬਿਹਤਰ ਮੰਨਦੇ ਹਨ। ਫੇਰ ਉਹ ਕਿਓਂ ਨਹੀਂ ਆਪਣੀਆਂ ਔਰਤਾਂ ਨੂੰ ਆਖਦੇ ਕਿ ਝਾਰਖੰਡੀ ਸਭਿਆਚਾਰ ਦੇ ਨਾਂ ਤੇ ਉਹ ਖੁਲ੍ਹੇ ਮੈਦਾਨਾਂ ਵਿਚ ਆ ਕੇ ਨੱਚਣ ਗਾਣ? ਸਵਾਲ ਨੌਕਰੀ ਦਾ ਹੋਵੇ, ਜਾਂ ਪੜ੍ਹਾਈ ਦਾ ਜਾਂ ਕੋਈ ਹੋਰ, ਲਾਭ ਲੈਣ ਖਾਤਰ ਡਿਕੂ ਝਟ ਝਾਰਖੰਡ ਨੂੰ ਆਪਣਾ ਕਹਿਣ ਲਗ ਪੈਂਦੇ ਹਨ -- ਆਦਿਵਾਸੀ ਜਾਵੇ ਢੱਠੇ ਖੂਹ ਵਿਚ। ਪਰ ਜਦੋਂ ਗੱਲ ਝਾਰਖੰਡੀ ਸਭਿਆਚਾਰ ਨੂੰ ਪੇਸ਼ ਕਰਨ ਦੀ ਹੋਵੇ ਤਾਂ ਨੱਚਣ ਗਾਣ ਦੀ ਸਾਰੀ ਜ਼ਿੰਮੇਵਾਰੀ ਆਦਿਵਾਸੀਆਂ ਦੇ ਸਿਰ ਸੁੱਟ ਦਿੱਤੀ ਜਾਂਦੀ ਹੈ।

ਤੁਸੀ ਪੁੱਛ ਰਹੇ ਹੋ ਕਿ ਮੈਂ ਰਾਸ਼ਟਰਪਤੀ ਦੇ ਸਾਹਮਣੇ ਕਿਵੇਂ ਪਹੁੰਚ ਗਿਆ। ਕੋਈ ਤਿੰਨ ਮਹੀਨੇ ਪਹਿਲਾਂ ਮਾਟੀਆਜੋੜ ਮੇਰੇ ਘਰ ਇਕ ਸਰਕਾਰੀ ਖਤ ਆਇਆ; ਚਿੱਟੇ ਰੰਗ ਦਾ ਇਕ ਮੋਟਾ ਲਿਫਾਫਾ ਜਿਸ ਉੱਤੇ ਝਾਰਖੰਡ ਸਰਕਾਰ ਦਾ ਚਿਨ੍ਹ ਛਪਿਆ ਹੋਇਆ ਸੀ। ਜਿਸ ਕਾਗਜ ਉੱਤੇ ਹਿੰਦੀ ਵਿਚ ਪੱਤਰ ਟਾਈਪ ਕੀਤਾ ਗਿਆ ਸੀ, ਉਹ ਵੀ ਓਨਾ ਹੀ ਮੋਟਾ ਤੇ ਕੜਕ ਸੀ। ਪੰਜ ਤੋਂ ਵੀ ਘਟ ਫਿਕਰਿਆਂ ਰਾਹੀਂ ਮੈਨੂੰ ਕਿਹਾ ਗਿਆ ਸੀ ਕਿ ਝਾਰਖੰਡ ਸਰਕਾਰ ਕਿਸੇ ਸਮਾਗਮ ਉੱਤੇ ਮੇਰੇ ਸੰਗੀਤ ਪ੍ਰਦਰਸ਼ਨ ਦੀ ਖੁਸ਼ੀ ਲੈਣਾ ਚਾਂਹਦੀ ਸੀ ਤੇ ਮੈਂ ਪੰਦਰਾਂ-ਵੀਹ ਮਿਨਟ ਦੇ ਸ਼ੋਅ ਲਈ ਆਪਣੀ ਮੰਡਲੀ ਤਿਆਰ ਕਰਾਂ। ਭਾਗ ਲੈਣ ਵਾਲੇ ਸਾਰਿਆਂ ਨੂੰ ਚੰਗਾ ਮਿਹਨਤਾਨਾ ਦਿਤਾ ਜਾਵੇਗਾ ਅਤੇ ਸਮਾਗਮ ਦੇ ਥਾਂ-ਪਤੇ ਬਾਰੇ ਜਾਣਕਾਰੀ ਮੈਨੂੰ ਕੁਝ ਚਿਰ ਬਾਅਦ ਦੇ ਦਿੱਤੀ ਜਾਵੇਗੀ। ਪੱਤਰ ਉੱਤੇ ਰਾਂਚੀ ਬੈਠੇ ਕਿਸੇ ਉਤਲੇ ਆਈ ਏ ਐਸ ਅਫਸਰ ਦੇ ਦਸਖਤ ਸਨ।

ਭੁੱਖਾ ਆਦਮੀ ਕੀ ਮੰਗਦਾ ਹੈ? ਰੋਟੀ। ਗਰੀਬ ਆਦਮੀ ਕੀ ਚਾਂਹਦਾ ਹੈ? ਪੈਸਾ। ਤੇ ਏਥੇ ਮੈਂ ਸਾਂ, ਜਿਸਨੂੰ ਦੁਹਾਂ ਚੀਜਾਂ ਦੀ ਲੋੜ ਸੀ। ਤੇ ਮਾਣ-ਤਾਣ ਦੀ ਵੀ। ਅਸੀ ਕਲਾਕਾਰ ਲੋਕ ਲਾਲਚੀ ਹੁੰਦੇ ਹਾਂ। ਸਾਨੂੰ ਮਾਣ-ਤਾਣ ਦੀ, ਆਪਣੀ ਜਾਣ-ਪਛਾਣ ਦੀ, ਚੇਤਿਆਂ ਵਿਚ ਵੱਸੇ ਰਹਿਣ ਦੀ ਲੋੜ ਹੁੰਦੀ ਹੈ। ਸੋ, ਬਿਨਾ ਸੋਚੇ, ਮੈਂ ਅਗਲੇ ਹੀ ਦਿਨ ਹਾਮੀ ਭਰ ਦਿੱਤੀ ਕਿ ਸ਼ੋਅ ਕਰਕੇ ਮੈਨੂੰ ਖੁਸ਼ੀ ਹੋਵੇਗੀ। ਮੈਂ ਏਨਾ ਖੁਸ਼ ਸੀ ਕਿ ਮੈਂ ਆਪ ਵੀਹ ਕਿਲੋਮੀਟਰ ਦੂਰ ਪਾਕੁਰ ਦੇ ਵੱਡੇ ਡਾਕਖਾਨੇ ਗਿਆ, ਉਸ ਖਤ ਨੂੰ ਰਜਿਸਟਰ ਕਰਾ ਕੇ ਭੇਜਣ ਲਈ। ਮੈਂ ਓਥੇ ਹੋਰਨਾਂ ਸੰਥਾਲਾਂ ਨਾਲ ਤੂੜੀ ਹੋਈ ਵਿਕਰਮ ਗੱਡੀ ਵਿਚ ਗਿਆ ਜੋ ਮੇਰੇ ਵਾਙ ਹੀ ਪਾਕੁਰ ਜਾ

ਰਹੇ ਸਨ। ਤਕਰੀਬਨ ਅਸੀ ਸਾਰੇ ਹੀ ਕੋਲਾ ਰੋਡ ਦੀ ਧੂੜ ਨਾਲ ਕਾਲੇ ਹੋ ਗਏ ਸਾਂ। ਪਰ ਮੈਂ ਏਨਾ ਖੁਸ਼ ਸਾਂ ਕਿ ਏਸ ਵੱਲ ਮੇਰਾ ਧਿਆਨ ਵੀ ਨਾ ਗਿਆ।

ਜਦੋਂ ਮੈਂ ਆਪਣੇ ਸ਼ੋਅ ਦੀ ਤਿਆਰੀ ਕਰ ਰਿਹਾ ਸਾਂ, ਆਪਣੀ ਮੰਡਲੀ ਲਈ ਨੌਜਵਾਨ ਮੁੰਡੇ ਤੇ ਕੁੜੀਆਂ ਚੁਣ ਰਿਹਾ ਸਾਂ, ਆਪਣੇ ਚੇਤੇ ਵਿਚੋਂ ਪੁਰਾਣੇ ਗੀਤ ਲੱਭ ਰਿਹਾ ਸਾਂ, ਮੈਨੂੰ ਇਕ ਅਜੀਬ ਹਾਲਤ ਨਾਲ ਸਿੱਝਣਾ ਪਿਆ।

ਮੈਂ ਤੁਹਾਨੂੰ ਦਸਿਆ ਸੀ ਕਿ ਮੇਰੀ ਧੀ ਮੁਗਲੀ ਗੋਂਡੀ ਜ਼ਿਲੇ ਦੇ ਇਕ ਪਰਵਾਰ ਵਿਚ ਵਿਆਹੀ ਹੋਈ ਹੈ। ਦਸਿਆ ਸੀ ਨਾ? ਬਸ ਓਸੇ ਨੇ ਵਾਰ ਵਾਰ ਮੈਨੂੰ ਮੇਰੇ ਮੋਬਾਈਲ ਤੇ ਫੋਨ ਕਰਨਾ। ਸ਼ੁਰੂ ਵਿਚ ਤਾਂ ਮੈਨੂੰ ਹਾਲਤ ਦੀ ਸਪਸ਼ਟ ਸਮਝ ਨਾ ਪਈ, ਪਰ ਜਾਪਦਾ ਸੀ ਕਿ ਇਸਦਾ ਸਬੰਧ ਉਨ੍ਹਾਂ ਦੀ ਜਮੀਨ ਨਾਲ ਹੈ। ਉਸਦਾ ਪਤੀ ਕਿਸਾਨ ਹੈ - ਉਨ੍ਹਾਂ ਦਾ ਪਰਵਾਰ ਕਿਸਾਨੀ ਕਰਦਾ ਹੈ - ਜਿਵੇਂ ਕਿ ਉਸ ਪਿੰਡ ਦੇ ਬਾਕੀ ਸੰਥਾਲ ਪਰਵਾਰ ਹਨ। ਨਾਲ ਲਗਦੇ ਹੋਰ ਵੀ ਪਿੰਡ ਵੀ ਹਨ ਜਿਨ੍ਹਾਂ ਵਿਚ ਸੰਥਾਲ , ਪਹਾੜੀਏ ਤੇ ਨੀਵੀਂਆਂ ਜਾਤਾਂ ਵਾਲੇ ਹਿੰਦੂ ਵਸਦੇ ਹਨ।

ਹੋਇਆ ਇਹ ਕਿ ਜ਼ਿਲਾ ਪ੍ਰਸ਼ਾਸਨ ਨੇ ਇਨ੍ਹਾਂ ਸਾਰੇ ਪਿੰਡਾਂ ਦੇ ਵਸਨੀਕਾਂ ਨੂੰ ਕਿਹਾ ਕਿ ਉਹ ਆਪਣੀਆਂ ਜਮੀਨਾਂ ਖਾਲੀ ਕਰ ਦੇਣ - ਆਪਣੇ ਪਿੰਡ, ਜਮੀਨਾਂ, ਸਭ ਕੁਝ। ਗਿਆਰਾਂ ਪਿੰਡ! ਤੁਸੀ ਸੋਚ ਸਕਦੇ ਹੋ? ਸਾਰਿਆਂ ਦਾ ਸਭ ਤੋਂ ਪਹਿਲਾ ਸਵਾਲ ਸੀ : ਏਨੀ ਸਾਰੀ ਜਮੀਨ ਲੈ ਕੇ ਸਰਕਾਰ ਨੇ ਕਰਨਾ ਕੀ ਏ?

ਸ਼ੁਰੂ ਵਿਚ ਮੈਂ ਸੋਚਿਆ ਇਹ ਨਿਰੋਲ ਅਫਵਾਹਾਂ ਹਨ। ਤੇ, ਮੈਂ ਸੋਚਿਆ, ਸੰਥਾਲ ਪਰਗਣਾ ਵਿਚ ਰਹਿੰਦੇ ਸੰਥਾਲਾਂ ਨੂੰ ਆਪਣੀਆਂ ਜਮੀਨਾਂ ਛੱਡਣ ਲਈ ਕੌਣ ਮਜਬੂਰ ਕਰ ਸਕਦਾ ਹੈ? ਸਾਡੀ ਸੁਰੱਖਿਆ ਲਈ ਕਾਸ਼ਤਕਾਰੀ ਕਾਨੂੰਨ ਨਹੀਂ ਬਣਿਆ ਹੋਇਆ?

ਫੇਰ ਵੀ, ਜਦੋਂ ਅਫਵਾਹਾਂ ਨੇ ਜੋਰ ਫੜ ਲਿਆ, ਮੈਂ ਗੋਂਡਾ ਗਿਆ। ਇਕ ਵੱਡੇ ਜਲੂਸ ਦੀ ਸ਼ਕਲ ਵਿਚ ਅਸੀ ਬਲਾਕ ਦਫਤਰ ਤਕ ਮਾਰਚ ਕੀਤਾ। ਓਥੇ ਬੈਠੇ ਅਫਸਰਾਂ ਨੇ ਸਾਨੂੰ ਯਕੀਨ ਦੁਆਇਆ ਕਿ ਇਹ ਸਭ ਨਿਰੋਲ ਅਫਵਾਹਾਂ ਹੀ ਹਨ। ਜਮੀਨਾਂ ਸੁਰੱਖਿਅਤ ਸਨ। ਪਿੰਡ ਸੁਰੱਖਿਅਤ ਸਨ।

ਇਸ ਦੇ ਬਾਵਜੂਦ, ਬਾਦ ਵਿਚ ਪਿੰਡਾਂ ਵਿਚ ਪੁਲਸ ਭੇਜੀ ਗਈ। ਉਨ੍ਹਾਂ ਕੋਲ ਜ਼ਿਲਾ ਪ੍ਰਸ਼ਾਸਨ ਦੇ ਲਿਖਤੀ ਹੁਕਮ ਸਨ। ਇਕ ਥਰਮਲ ਪਾਵਰ ਪਲਾਂਟ ਲਈ ਪਿੰਡਾਂ ਨੂੰ ਖਾਲੀ ਕਰਾਣਾ ਜਰੂਰੀ ਸੀ।

ਪਿੰਡਾਂ ਵਾਲਿਆਂ ਨੇ ਸਾਫ ਨਾਂਹ ਕਰ ਦਿੱਤੀ । ਸੰਥਾਲ , ਪਹਾੜੀਏ ਤੇ ਨੀਵੀਂਆਂ ਜਾਤਾਂ ਵਾਲੇ ਹਿੰਦੂ - ਹਰ ਕੋਈ ਆਪਣੀ ਜਮੀਨ ਖਾਤਰ ਲੜ ਰਿਹਾ ਸੀ।

ਜਵਾਬ ਵਿਚ ਜ਼ਿਲਾ ਪ੍ਰਸ਼ਾਸਨ ਵੀ ਲੜਿਆ। ਸਾਰੇ ਅੰਦੋਲਨਕਾਰੀਆਂ ਨੂੰ ਮਾਰ-ਕੁੱਟ ਕੇ ਹਵਾਲਾਤਾਂ ਵਿਚ ਸੁੱਟ ਦਿੱਤਾ ਗਿਆ। ਜਦੋਂ ਮੇਰੇ ਜਵਾਈ ਨੂੰ ਕੈਦ ਕਰ ਲਿਆ ਗਿਆ, ਮੈਂ ਆਪਣੀ ਧੀ ਤੇ ਉਸਦੇ ਬਾਲਾਂ ਨੂੰ ਮਾਟੀਆਜੋੜ ਸੱਦ ਲਿਆ। ਅਜੀਬ ਗਲ ਸੀ ਕਿ ਹਰ ਸਾਲ ਕੁਝ ਮਹੀਨਿਆਂ ਲਈ ਖਾਲੀ ਹੋ ਜਾਣ ਵਾਲਾ ਸਾਡਾ ਪਿੰਡ ਹੁਣ ਅਚਾਨਕ ਹੋਰਨਾਂ ਨੂੰ ਸ਼ਰਣ ਦੇ ਰਿਹਾ ਸੀ।

ਏਨੇ ਸਾਰੇ ਲੋਕ ਹੁਣ ਮੇਰੇ ਤੇ ਨਿਰਭਰ ਸਨ, ਉਨ੍ਹਾਂ ਨੂੰ ਖੁਆਣ ਦਾ ਇੰਤਜਾਮ ਕਿਵੇਂ ਕਰਾਂਗਾ? ਮੇਰੀ ਮੰਡਲੀ ਦੇ ਲੋਕ ਉਨ੍ਹਾਂ ਸਭਨਾ ਨੂੰ ਰੋਟੀ ਕਿੱਥੋਂ ਦੇਣਗੇ ਜੋ ਉਨ੍ਹਾਂ ਦੇ ਘਰਾਂ

ਵਿਚ ਸ਼ਰਣ ਲੈ ਕੇ ਰਹਿ ਰਹੇ ਸਨ? ਸਾਨੂੰ ਪੈਸੇ ਦੀ ਲੋੜ ਸੀ। ਤੇ ਸਾਨੂੰ ਮਿਲਿਆ ਇਹ ਭੇਤ ਭਰਿਆ ਕੰਮ ਸਾਡੀ ਆਖਰੀ ਉਮੀਦ ਸੀ। ਆਪਣੀਆਂ ਮੁਸੀਬਤਾਂ ਦੇ ਬਾਵਜੂਦ, ਅਸੀ ਅਭਿਆਸ ਕਰਨਾ ਜਾਰੀ ਰਖਿਆ।

ਏਨੇ ਨੂੰ, ਗੋਂਡਾ ਤੋਂ ਧੱਕੇ ਜਾ ਰਹੇ ਪੇਂਡੂਆਂ ਦੀ ਮਦਦ ਕਰਨ ਲਈ ਕੁਝ ਲੋਕ ਬਹੁੜੇ। ਉਨ੍ਹਾਂ ਨੇ ਸਰਕਾਰ ਵੱਲ ਖਤ ਲਿਖੇ, ਰਾਂਚੀ ਤੇ ਦਿੱਲੀ ਵਿਚ ਬੈਠੇ ਲੋਕਾਂ ਵੱਲ। ਉਨ੍ਹਾਂ ਨੇ ਉਸ ਕਾਰੋਬਾਰੀ ਤਕ ਨੂੰ ਲਿਖਿਆ ਜੋ ਗੋਂਡਾ ਵਿਚ ਥਰਮਲ ਪਾਵਰ ਪਲਾਂਟ ਉਸਾਰਨ ਵਾਲਾ ਸੀ। ਸਾਨੂੰ ਪਤਾ ਲੱਗਾ ਕਿ ਉਹ ਬੜਾ ਅਮੀਰ ਤੇ ਬੜਾ ਚਤਰ ਬੰਦਾ ਹੈ। ਸੰਸਦ ਦਾ ਮੈਂਬਰ ਵੀ ਹੈ। ਸਾਨੂੰ ਇਹ ਵੀ ਪਤਾ ਲੱਗਾ ਕਿ ਉਹ ਪੋਲੋ ਖੇਡਣ ਦਾ ਸ਼ੁਕੀਨ ਹੈ: ਕੋਈ ਅਜਿਹੀ ਖੇਡ ਜੋ ਘੋੜਿਆਂ ਨਾਲ ਖੇਡੀ ਜਾਂਦੀ ਹੈ, ਤੇ ਉਸਦੇ ਘੋੜੇ ਸੰਥਾਲ ਪਰਗਣਾ ਦੇ ਸਾਰੇ ਸੰਥਾਲਾਂ ਨਾਲੋਂ ਬਿਹਤਰ ਹਾਲਤ ਵਿਚ ਰਹਿੰਦੇ ਹਨ।

ਕੁਝ ਦਿਨਾਂ ਬਾਅਦ, ਗੋਂਡਾ ਤੋਂ ਧੱਕੇ ਜਾਣ ਦੀਆਂ ਖਬਰਾਂ ਅਖਬਾਰਾਂ ਅਤੇ ਟੀ ਵੀ ਤੇ ਵੀ ਆਣੀਆਂ ਸ਼ੁਰੂ ਹੋ ਗਈਆਂ। ਅਸੀ ਸਾਰੇ ਆਪਣੇ ਅਭਿਆਸ ਵਲ ਧਿਆਨ ਦੇਣ ਦੀ ਕੋਸ਼ਿਸ਼ ਕਰਦੇ ਸਾਂ, ਪਰ ਆਪਣੇ ਸਾਹਮਣੇ ਆਂਦੇ ਦਿਸਦੇ ਝੱਖੜ ਦੇ ਹੁੰਦਿਆਂ ਅਸੀ ਨੱਚ-ਗਾ ਕਿਵੇਂ ਸਕਦੇ ਸਾਂ? ਇਨ੍ਹਾਂ ਦਿਨਾਂ ਵਿਚ ਮੈਨੂੰ ਕਈ ਅਫਸਰਾਂ ਦੇ ਫੋਨ ਆਏ, ਰਾਂਚੀ ਤੋਂ, ਦੁਮਕਾ ਤੋਂ ਤੇ ਪਾਕੁਰ ਤੋਂ। ਉਹ ਤਾਕੀਦ ਕਰਦੇ ਸਨ ਕਿ ਮੈਂ ਸ਼ੋਅ ਦਾ ਕੰਮ ਜਾਰੀ ਰੱਖਾਂ। ਉਹ ਇਹ ਦਸਣਾ ਕਦੇ ਨਹੀਂ ਸਨ ਭੁਲਦੇ ਕਿ ਇਹ ਬੜਾ ਅਹਿਮ ਸ਼ੋਅ ਸੀ, ਅਸੀ ਕੁਝ ਬਹੁਤ ਹੀ ਵੱਡੇ ਲੋਕਾਂ ਦੇ ਸਾਹਮਣੇ ਪ੍ਰਦਰਸ਼ਨ ਕਰਨ ਵਾਲੇ ਸਾਂ। ਦੁਮਕਾ ਤੇ ਪਾਕੁਰ ਤੋਂ ਕੁਝ ਅਫਸਰ ਇਹ ਪੜਤਾਲਣ ਮਾਟੀਆਜੋੜ ਵੀ ਆਏ ਕਿ ਅਸੀ ਸਚਮੁਚ ਅਭਿਆਸ ਕਰ ਰਹੇ ਹਾਂ ਜਾਂ ਨਹੀਂ। ਜਦੋਂ ਉਨ੍ਹਾਂ ਨੇ ਦੇਖਿਆ ਕਿ ਅਸੀ ਸਚਮੁਚ ਬੜੀ ਮਿਹਨਤ ਕਰ ਰਹੇ ਹਾਂ, ਤਾਂ ਉਹ ਬੜੇ ਖੁਸ਼ ਹੋਏ। ਸਾਨੂੰ ਹੱਲਾਸ਼ੇਰੀ ਦਿੱਤੀ, ਸਾਡੇ ਨਾਲ ਬੜੇ ਪਿਆਰ ਨਾਲ ਗੱਲਾਂ ਕੀਤੀਆਂ। ਏਨੇ ਪਿਆਰ ਨਾਲ ਕਿ ਸਾਨੂੰ ਹੈਰਾਨੀ ਹੋਈ ਕਿ ਕੀ ਉਨ੍ਹਾਂ ਨੂੰ ਵਾਕਈ ਨਹੀਂ ਸੀ ਦਿਸਦਾ ਅਸੀ ਕਿੰਨੇ ਦੁਖੀ ਹਾਂ। ਕਈ ਵਾਰ ਮੇਰਾ ਜੀ ਕੀਤਾ ਕਿ ਉਨ੍ਹਾਂ ਨੂੰ ਪੁੱਛਾਂ : ਤੁਸੀ ਸਾਰੇ ਏਨੇ ਬੇਲਾਗ ਕਿਵੇਂ ਹੋ ਸਕਦੇ ਹੋ? ਤੁਸੀ ਕਿਵੇਂ ਉਮੀਦ ਕਰਦੇ ਹੋ ਕਿ ਜਦ ਸਾਡੇ ਪਰਵਾਰ ਆਪਣੇ ਪਿੰਡਾਂ ਤੋਂ ਧੱਕੇ ਜਾ ਰਹੇ ਹਨ, ਅਸੀ ਨੱਚ ਗਾ ਸਕਦੇ ਹਾਂ? ਤੇ ਫੇਰ ਕਈ ਵਾਰ ਮੇਰਾ ਜੀ ਕਰਦਾ ਸੀ ਕਿ ਪੁੱਛਾਂ: ਕਿਹੜਾ ਖਾਸ ਪ੍ਰਾਹੁਣਾ ਆ ਰਿਹਾ ਹੈ? ਅਮਰੀਕਾ ਦਾ ਰਾਸ਼ਟਰਪਤੀ? ਭਾਰਤ ਦਾ ਰਾਸ਼ਟਰਪਤੀ? ਪਾਕੁਰ ਵਿਚ ਤੁਸੀ ਸਾਨੂੰ ਸੰਥਾਲਾਂ ਨੂੰ ਨਚਵਾ ਰਹੇ ਹੋ, ਤੇ ਗੋਂਡਾ ਵਿਚ ਸੰਥਾਲਾਂ ਨੂੰ ਪਿੰਡਾਂ ਚੋਂ ਖਦੇੜ ਰਹੇ ਹੋ? ਤੁਹਾਡੇ ਖਾਸ ਪ੍ਰਾਹੁਣੇ ਨੂੰ ਉਹ ਸਭ ਨਹੀਂ ਦਿਸੇਗਾ? ਤੁਹਾਡਾ ਖਾਸ ਪ੍ਰਾਹੁਣਾ ਅਖਬਾਰਾਂ ਨਹੀਂ ਪੜ੍ਹਦਾ? ਟੀ ਵੀ ਨਹੀਂ ਦੇਖਦਾ? ਸਾਨੂੰ ਮੂਰਖ ਸੰਥਾਲਾਂ ਨੂੰ ਆਪਣੇ ਚੁਫੇਰੇ ਹੁੰਦੀ ਤਬਾਹੀ ਦਿਸ ਰਹੀ ਹੈ। ਤੁਹਾਡੇ ਖਾਸ ਪ੍ਰਾਹੁਣੇ ਨੂੰ ਨਹੀਂ ਦਿਸਦੀ?

ਪਰ ਮੈਂ ਚੁਪ ਰਿਹਾ।

ਸਾਡੇ ਸ਼ੋਅ ਤੋਂ ਤਿੰਨ ਹਫਤੇ ਪਹਿਲਾਂ ਸਾਨੂੰ ਸਚ ਦੀ ਸੋਝੀ ਹੋਣੀ ਸ਼ੁਰੂ ਹੋਈ। ਪਹਿਲੋਂ ਅਫਵਾਹਾਂ ਰਾਹੀਂ, ਤੇ ਫੇਰ ਅਖਬਾਰੀ ਰਿਪੋਟਾਂ ਵਿਚ ਉਨ੍ਹਾਂ ਦੀ ਪੁਸ਼ਟੀ ਰਾਹੀਂ।

ਸਚ ਇਹ ਸੀ ਕਿ ਉਸ ਕਾਰੋਬਾਰੀ ਆਦਮੀ ਦਾ ਗੋਂਡਾ ਵਿਚ ਥਰਮਲ ਪਾਵਰ ਪਲਾਂਟ

ਲਾਣਾ ਯਕੀਨੀ ਸੀ । ਉਸ ਪਲਾਂਟ ਵਿਚ ਪਾਕੁਰ ਤੇ ਸਾਹਬਗੰਜ ਤੋਂ ਨਿਕਲਣ ਵਾਲਾ ਕੋਲਾ ਵਰਤਿਆ ਜਾਵੇਗਾ। ਲੋੜ ਪਈ ਤਾਂ ਕੋਲਾ ਹੋਰ ਥਾਂਵਾਂ ਤੋਂ ਵੀ ਮੰਗਾ ਲਿਆ ਜਾਵੇਗਾ। ਦਰਅਸਲ, ਉਸ ਕਾਰੋਬਾਰੀ ਆਦਮੀ ਨੂੰ ਆਪਣੇ ਲੋਹੇ ਤੇ ਇਸਪਾਤ ਦੇ ਕਾਰਖਾਨਿਆਂ ਲਈ ਬਿਜਲੀ ਦੀ ਲੋੜ ਸੀ, ਜਿਨ੍ਹਾਂ ਨੂੰ ਉਹ ਝਾਰਖੰਡ ਵਿਚ ਸਥਾਪਤ ਕਰਨ ਵਾਲਾ ਸੀ। ਪਲਾਂਟ ਤਾਂ ਉਸਨੂੰ ਆਪਣੀ ਗਰਜ ਖਾਤਰ ਲੋੜੀਂਦਾ ਸੀ, ਪਰ ਉਹ ਕਹਾਣੀਆਂ ਇਹ ਪਾਂਦਾ ਸੀ ਕਿ ਇਸ ਨਾਲ ਸਾਰੇ ਝਾਰਖੰਡ ਨੂੰ ਬਿਜਲੀ ਮਿਲੇਗੀ। ਸ਼ਹਿਰਾਂ ਦੇ ਸ਼ਹਿਰ ਹਰ ਵੇਲੇ ਜਗਮਗਾਇਆ ਕਰਨਗੇ, ਕਿਸੇ ਕਾਰਖਾਨੇ ਨੂੰ ਬਿਜਲੀ ਦੀ ਤੋਟ ਕਾਰਨ ਆਪਣਾ ਕੰਮ ਰੋਕਣਾ ਨਹੀਂ ਪਵੇਗਾ। ਹਰ ਪਾਸੇ ਵਿਕਾਸ, ਨੌਕਰੀਆਂ ਅਤੇ ਖੁਸ਼ੀ ਦੀਆਂ ਲਹਿਰਾਂ ਬਹਿਰਾਂ ਹੋ ਜਾਣਗੀਆਂ। ਤੇ, ਅੰਤ ਵਿਚ, ਸਾਡੇ ਤਕ ਇਹ ਖਬਰ ਵੀ ਪਹੁੰਚ ਗਈ ਕਿ ਉਸ ਪਲਾਂਟ ਦਾ ਨੀਂਹ ਪੱਥਰ ਭਾਰਤ ਦੇ ਰਾਸ਼ਟਰਪਤੀ ਨੇ ਰਖਣਾ ਹੈ। ਅਸੀ ਓਸੇ ਲਈ ਹੀ ਆਪਣਾ ਸ਼ੋਅ ਕਰਨਾ ਹੈ।

ਹਾਂ, ਮੈਨੂੰ ਸੁਣ ਕੇ ਧੱਕਾ ਲੱਗਾ। ਸਾਨੂੰ ਸਾਰਿਆਂ ਨੂੰ ਧੱਕਾ ਲੱਗਾ। ਥੋੜਾ ਮਸੋਸੇ ਵੀ ਗਏ, ਪਰ ਨਾਲ ਹੀ ਹੈਰਾਨ ਹੋਏ ਤੇ ਖੁਸ਼ ਵੀ। ਸਾਨੂੰ ਆਪਣੀ ਖੁਸ਼ਕਿਸਮਤੀ ਤੇ ਯਕੀਨ ਨਾ ਆਵੇ। ਅਸੀ ਮੰਤਰੀਆਂ, ਮੁਖ ਮੰਤਰੀਆਂ ਤੇ ਗਵਰਨਰਾਂ ਦੇ ਸਾਹਮਣੇ ਸ਼ੋਅ ਕੀਤੇ ਹੋਏ ਸਨ। ਪਰ ਦੇਸ ਦੇ ਰਾਸ਼ਟਰਪਤੀ ਸਾਹਮਣੇ ਕਦੇ ਨਹੀਂ!

ਫੇਰ ਸਾਨੂੰ ਹੋਰ ਖਬਰਾਂ ਪਤਾ ਲੱਗੀਆਂ। ਜਮੀਨਾਂ ਤੇ ਜਬਰਨ ਕਬਜੇ ਦੇ ਵਿਰੋਧ ਵਿਚ ਮੁਜਾਹਰੇ ਅਤੇ ਅੰਦੋਲਨ ਕਰਨ ਵਾਲਿਆਂ ਨੂੰ ਪੁਲਸ ਕੁੱਟ ਰਹੀ ਸੀ, ਉਨ੍ਹਾਂ ਨੂੰ ਕੈਦ ਕਰ ਰਹੀ ਸੀ। ਹਾਲਤ ਨੂੰ ਕਾਬੂ ਕਰਨ ਲਈ ਨੀਮ-ਫੌਜੀ ਦਸਤੇ, ਸੀ ਆਰ ਪੀ ਐਫ, ਬੁਲਾ ਲਏ ਗਏ ਸਨ। ਗਿਆਰਾਂ ਵਿਚੋਂ ਚਾਰ ਪਿੰਡਾਂ ਨੂੰ ਬੁਲਡੋਜਰਾਂ ਦੀ ਮਦਦ ਨਾਲ ਮਲੀਆਮੇਟ ਕਰ ਦਿਤਾ ਗਿਆ ਸੀ ਤਾਂ ਜੋ ਨੀਂਹ-ਪੱਥਰ ਰੱਖਣ ਦੀ ਰਸਮ ਨੂੰ ਨੇਪਰੇ ਚਾੜ੍ਹਿਆ ਜਾ ਸਕੇ।

ਪਰ ਅਖਬਾਰ, ਤਸਵੀਰਾਂ ਸਮੇਤ, ਰਾਂਚੀ ਅਤੇ ਦੁਮਕਾ ਦੀਆਂ ਉਨ੍ਹਾਂ ਸੜਕਾਂ ਬਾਰੇ ਸ਼ਾਨਦਾਰ ਰਿਪੋਟਾਂ ਛਾਪ ਰਹੇ ਸਨ, ਜਿਨ੍ਹਾਂ ਦੀ ਮੁਰੰਮਤ ਜਾਂ ਮੁੜ-ਉਸਾਰੀ ਕੀਤੀ ਜਾ ਰਹੀ ਸੀ। ਉਹ ਬੜੀ ਬੇਕਰਾਰੀ ਨਾਲ ਦਸ ਰਹੇ ਸਨ ਕਿ ਰਾਸ਼ਟਰਪਤੀ ਝਾਰਖੰਡ ਵਿਚ ਤਿੰਨ ਦਿਨ ਰਹੇਗਾ। ਇਕ ਦਿਨ ਰਾਂਚੀ ਰਹੇਗਾ, ਤੇ ਦੂਜੇ ਦਿਨ ਦੁਮਕਾ ਵਿਖੇ ਵਿਸ਼ਵਵਿਦਿਆਲੇ ਦੀ ਕਾਨਵੋਕੇਸ਼ਨ ਦੀ ਪਰਧਾਨਗੀ ਕਰੇਗਾ। ਤੀਜੇ ਦਿਨ ਉਹ ਗੋੱਡਾ ਜਾਵੇਗਾ, ਨੀਂਹ-ਪੱਥਰ ਰੱਖੇਗਾ, ਤੇ ਝਾਰਖੰਡ ਤੋਂ ਵਾਪਸੀ ਦੀ ਉਡਾਣ ਭਰੇਗਾ।

ਸਮਾਗਮ ਤੋਂ ਇਕ ਹਫਤਾ ਪਹਿਲਾਂ ਸਾਨੂੰ ਇਸ ਬਾਰੇ ਰਸਮੀ ਸੂਚਨਾ ਦਿੱਤੀ ਗਈ। ਸਮਾਗਮ ਤੋਂ ਇਕ ਦਿਨ ਪਹਿਲਾਂ ਸਾਨੂੰ ਬਸ ਰਾਹੀਂ ਗੋੱਡਾ ਲਿਜਾਇਆ ਗਿਆ । ਸਾਰਾ ਜ਼ਿਲਾ, ਜ਼ਿਲੇ ਦਾ ਮੁਖ ਦਫਤਰ ਪਛਾਣੇ ਨਹੀਂ ਸਨ ਜਾਂਦੇ। ਇਕ ਫੁਟਬਾਲ ਮੈਦਾਨ ਨੂੰ ਵੱਡੇ ਸਾਰੇ ਹੈਲੀਪੈਡ ਵਿਚ ਤਬਦੀਲ ਕਰ ਲਿਆ ਗਿਆ ਸੀ। ਪੁਲਸ ਤੇ ਸੀ ਆਰ ਪੀ ਐਫ ਦੇ ਸੈਂਕੜੇ ਜਵਾਨ ਤੈਨਾਤ ਸਨ। ਜਿਧਰ ਵੀ ਸਿਰ ਘੁਮਾਈਏ, ਸਾਨੂੰ ਲੋਕਾਂ ਦੇ ਹਜੂਮ ਨਜਰੀਂ ਪੈਂਦੇ ਸਨ। ਮੈਨੂੰ ਪਤਾ ਸੀ ਉਹ ਹੈਲੀਕਾਪਟਰ ਦੇਖਣ ਲਈ ਆਏ ਸਨ। ਅਖਬਾਰਾਂ ਵਿਚ ਇਹ ਰਿਪੋਟਾਂ ਵੀ ਫੋਲਿਆਂ ਲਭ ਜਾਂਦੀਆਂ ਸਨ ਕਿ ਸਾਰੇ ਮੁਜਾਹਰਾਕਾਰੀਆਂ ਨੂੰ ਹਿਰਾਸਤ ਵਿਚ ਲੈ ਕੇ ਕਿਸੇ ਹੋਰ ਥਾਂ ਰੋਕਿਆ ਹੋਇਆ ਹੈ। ਸ਼ਾਇਦ ਮੇਰਾ ਜਵਾਈ ਵੀ ਉਨ੍ਹਾਂ ਵਿਚ ਸ਼ਾਮਲ ਸੀ।

ਜਿੱਥੇ ਮੈਂ ਖੜੋਤਾ ਸਾਂ, ਸਟੇਜ ਬੜੀ ਵੱਡੀ ਜਾਪਦੀ ਸੀ, ਪਰ ਏਨੀ ਵੱਡੀ ਵੀ ਨਹੀਂ ਕਿ

ਉਨ੍ਹਾਂ ਸਾਰੇ ਲੋਕਾਂ ਨੂੰ ਸਮੋ ਸਕੇ ਜੋ ਉਸ ਉੱਤੇ ਚੜ੍ਹੇ ਹੋਏ ਸਨ। ਆਪਣੇ ਸਭ ਤੋਂ ਵਧੀਆ ਨੇਤਾ ਟਾਈਪ ਕੱਪੜੇ ਪਾਈ, ਦਿੱਲੀ ਤੇ ਰਾਂਚੀ ਤੋਂ ਆਏ ਮੰਤਰੀ ਲੋਕ ਹਸ ਤੇ ਬਤਿਆ ਰਹੇ ਸਨ। ਏਸ ਤਰੱਕੀ, ਏਸ ਵਿਕਾਸ ਤੋਂ ਸਾਰੇ ਬੜੇ ਖ਼ੁਸ਼ ਸਨ। ਹੁਣ ਸੰਥਾਲ ਪਰਗਣਾ ਚੰਨ ਦੀ ਉਡਾਰੀ ਭਰੇਗਾ। ਸੰਥਾਲ ਪਰਗਣਾ ਹੁਣ ਦਿੱਲੀ ਤੇ ਬੰਬਈ ਵਰਗਾ ਹੋ ਜਾਏਗਾ। ਕਾਰੋਬਾਰੀ ਆਦਮੀ ਤੇ ਮੂੰਹ ਤੇ ਚੌੜੀ ਮੁਸਕਰਾਹਟ ਪੱਸਰੀ ਹੋਈ ਸੀ। ਮੈਦਾਨ ਦੇ ਸਾਰੇ ਕੋਨਿਆਂ ਤੇ ਧਰੇ ਲਾਊਡ ਸਪੀਕਰਾਂ ਰਾਹੀਂ ਦੇਸ਼ਭਗਤੀ ਦੇ ਹਿੰਦੀ ਗੀਤ ਸੁਣਾਏ ਜਾ ਰਹੇ ਸਨ। ਦਰਸ਼ਕਾਂ ਵਿਚ ਉਤਸ਼ਾਹ ਫੂਕਣ ਲਈ ਕੋਈ ਜਣਾ ਸਟੇਜ ਤੋਂ 'ਭਾਰਤ ਮਹਾਨ' ਦੇ ਨਾਅਰੇ ਲੁਆ ਰਿਹਾ ਸੀ, ਤੇ ਅਣਗਿਣਤ ਲਾਊਡ ਸਪੀਕਰ ਉਸਦੀ ਆਵਾਜ ਨੂੰ ਗੁੰਜਾ ਰਹੇ ਸਨ। ਕਾਹਦਾ ਮਹਾਨ ? ਮੈਂ ਸੋਚਿਆ। ਕਿਹੜਾ ਮਹਾਨ ਦੇਸ ਹੈ ਜੋ ਸ਼ਹਿਰਾਂ ਤੇ ਕਾਰਖਾਨਿਆਂ ਨੂੰ ਬਿਜਲੀ ਮੁਹੱਈਆ ਕਰਾਣ ਲਈ ਆਪਣੇ ਦੇਸ ਦੇ ਹਜਾਰਾਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਤੇ ਰੋਜਗਾਰ ਤੋਂ ਵਾਂਝਿਆਂ ਕਰਦਾ ਹੈ ? ਨੌਕਰੀਆਂ ? ਕਿਹੜੀਆਂ ਨੌਕਰੀਆਂ ? ਆਦਿਵਾਸੀ ਕਿਸਾਨ ਦਾ ਕੰਮ ਖੇਤੀ ਕਰਨਾ ਹੈ। ਉਹਨੂੰ ਕਿਹੜੀ ਨੌਕਰੀ ਦੇ ਰਹੇ ਹੋ ? ਕਿ ਉਹ ਕਿਸੇ ਅਰਬਪਤੀ ਦੇ ਕਾਰਖਾਨੇ ਵਿਚ ਜਾ ਕੇ ਨੌਕਰ ਹੋ ਜਾਵੇ, ਜੋ ਓਸੇ ਜਮੀਨ ਤੇ ਉਸਾਰਿਆ ਗਿਆ ਹੈ ਜਿਸ ਤੇ ਪਿਛਲੇ ਹਫਤੇ ਤਕ ਉਸਦੀ ਆਪਣੀ ਮਾਲਕੀ ਹੁੰਦੀ ਸੀ ?

ਕੈਮਰਿਆਂ ਨਾਲ ਲੈਸ ਰਿਪੋਰਟਰ ਹਰ ਪਾਸੇ ਤੁਰੇ ਫਿਰਦੇ ਸਨ । ਸਮਾਗਮ ਵਾਲੀ ਥਾਂ ਦੇ ਕੋਲ ਤਿੰਨ ਵੈਨਾਂ ਖੜ੍ਹੋਤੀਆਂ ਸਨ ਜਿਨ੍ਹਾਂ ਦੀਆਂ ਛਤਾਂ ਉੱਤੇ ਵੱਡੇ ਗੋਲ ਐਂਟੀਨੇ ਲੱਗੇ ਹੋਏ ਸਨ। ਇਨ੍ਹਾਂ ਵਿਚੋਂ ਇਕ ਦੀ ਬਾਹੀ ਤੇ ਕਿਸੇ ਮਸ਼ਹੂਰ ਟੀ ਵੀ ਚੈਨਲ ਦਾ ਨਿਸ਼ਾਨ ਮੈਂ ਪਛਾਣ ਲਿਆ। ਮੈਨੂੰ ਖਿਆਲ ਆਇਆ ਕਿ ਕੀ ਇਸਦਾ ਕੋਈ ਰਿਪੋਰਟਰ ਓਸ ਥਾਂ ਵੀ ਗਿਆ ਹੋਵੇਗਾ, ਜਿੱਥੇ ਪੁਲਸ ਨੇ ਮੁਜਾਹਰਾਕਾਰੀਆਂ ਨੂੰ ਹਿਰਾਸਤ ਵਿਚ ਲੈ ਕੇ ਰੋਕਿਆ ਹੋਇਆ ਹੈ।

ਮੇਰੀ ਮੰਡਲੀ ਸਮਾਗਮ ਵਿਚ ਹਿੱਸਾ ਲੈਣ ਆਏ ਅਦਾਕਾਰਾਂ ਲਈ ਖਾਸ ਤੌਰ ਤੇ ਬਣਾਏ ਗਏ ਪਿੜ ਵਿਚ ਇੰਤਜਾਰ ਕਰ ਰਹੀ ਸੀ। ਸਾਰੀਆਂ ਔਰਤਾਂ ਨੇ ਲਾਲ ਝੱਗੇ, ਤੇੜ ਨੀਲੀਆਂ ਲੁੰਗੀਆਂ ਤੇ ਮੋਢਿਆਂ ਤੇ ਹਰੇ ਪਾਂਛੀ ਪਾਏ ਹੋਏ ਸਨ, ਵਾਲਾਂ ਵਿਚ ਪਲਾਸਟਕ ਦੇ ਵੱਡੇ ਵੱਡੇ ਰੰਗੀਨ ਫੁੱਲ ਸਨ। ਉਨ੍ਹਾਂ ਦੇ ਹੱਥਾਂ ਵਿਚ ਫੁੱਲ ਤੇ ਪੱਤੀਆਂ ਨਾਲ ਸਜੀਆਂ ਸਟੀਲ ਦੀਆਂ ਗੜਵੀਆਂ ਸਨ। ਸਾਰੇ ਆਦਮੀਆਂ ਨੇ ਲਾਲ ਰੰਗੀਆਂ ਫੁਟਬਾਲ ਜਰਸੀਆਂ ਤੇ ਹਰੇ ਕੱਛੇ ਪਾਏ ਹੋਏ, ਤੇ ਸਿਰ ਤੇ ਹਰੇ ਗਮਛੇ ਬੰਨ੍ਹੇ ਹੋਏ ਸਨ। ਅਸੀ ਸਾਰੇ ਬੜੇ ਸੁਹਣੇ ਲਗ ਰਹੇ ਸਾਂ।

ਹੈਲੀਕਾਪਟਰ ਉਤਰਿਆ... ਡਡ ਡਡ ਡਡ ਡਡ... ਉਸ ਉੱਪਰ ਘੁੰਮਦੇ ਪੱਖੇ ਨੇ ਮੈਦਾਨ ਵਿਚ ਧੂੜ ਉਡਾ ਦਿੱਤੀ। ਭੀੜ ਵਿਚ ਉੱਤੇਜਨਾ ਸੀ ਤੇ ਮੱਠਾ ਜਿਹਾ ਸ਼ੋਰ ਉੱਠਣਾ ਸ਼ੁਰੂ ਹੋਇਆ।

ਰਾਸ਼ਟਰਪਤੀ ਦਾ ਸੁਰੱਖਿਆ ਅਮਲਾ ਉਸਨੂੰ ਸਟੇਜ ਤੇ ਲੈ ਕੇ ਗਿਆ । ਉਹ ਛੋਟੇ ਕਦ ਦਾ ਗੰਭੀਰ ਦਿਸਦਾ ਆਦਮੀ ਸੀ। ਸਾਰੇ ਬੰਗਾਲੀ ਪੜ੍ਹੇ ਲਿਖੇ ਤੇ ਗੰਭੀਰ ਦਿਸਦੇ ਹੁੰਦੇ ਹਨ। ਇਹ ਬੰਗਾਲੀ ਰਾਸ਼ਟਰਪਤੀ ਭਲਾ ਵੱਖਰਾ ਕਿਵੇਂ ਹੋ ਸਕਦਾ ਸੀ ?

ਸਮਾਗਮ ਦੀ ਕਾਰਵਾਈ ਸ਼ੁਰੂ ਹੋਈ। ਉਹੀ ਆਦਮੀ ਜੋ 'ਭਾਰਤ ਮਹਾਨ' ਦੇ ਨਾਅਰੇ

ਲੁਆ ਰਿਹਾ ਸੀ, ਹੁਣ ਐਲਾਨ ਕਰ ਰਿਹਾ ਸੀ ਕਿ ਝਾਰਖੰਡ ਦੀ ਧਰਤੀ ਬੜੀ ਵਡਭਾਗੀ ਹੈ; ਮਸ਼ਹੂਰ ਅਰਬਪਤੀ ਨੇ ਆਪਣਾ ਥਰਮਲ ਪਾਵਰ ਪਲਾਂਟ ਲਈ ਇਸਨੂੰ ਯੋਗ ਸਮਝਿਆ ਹੈ। ਉਸਨੇ ਇਹ ਨਾ ਦੱਸਿਆ ਕਿ ਅਰਬਪਤੀ ਕਿੰਨਾ ਵਡਭਾਗਾ ਸੀ ਜਿਸਨੂੰ ਝਾਰਖੰਡ ਆਣਾ ਨਸੀਬ ਹੋਇਆ ਹੈ – ਇਕ ਐਸੀ ਥਾਂ ਜਿਸਦੀ ਧਰਤ ਹੇਠ ਖਣਿਜ ਦੱਬੇ ਹੋਏ ਹਨ ; ਜਿਸ ਵਿਚ ਮੂਲ ਵਾਸੀ ਵਸਦੇ ਹਨ; ਅਤੇ ਨਾਲ ਹੀ ਚਤਰ, ਲਾਲਚੀ, ਚੋਰ ਆਗੂ, ਅਫਸਰ ਤੇ ਵਪਾਰੀ ਜੋ ਇਸ ਸੂਬੇ ਨੂੰ ਚਲਾਂਦੇ ਹਨ, ਇਸਦੀਆਂ ਜਮੀਨਾਂ, ਲੋਕਾਂ ਅਤੇ ਵਸੀਲਿਆਂ ਦੇ ਕਰਤੇ ਧਰਤੇ ਬਣੇ ਬੈਠੇ ਹਨ।

'ਭਾਰਤ ਮਹਾਨ' ਆਦਮੀ ਨੇ ਸੁਆਗਤੀ ਨਾਚ ਦਾ ਐਲਾਨ ਕੀਤਾ ਤੇ ਮੇਰੀ ਮੰਡਲੀ ਨੂੰ ਸਟੇਜ ਦੇ ਸਾਹਮਣੇ ਬਣੇ ਪਿੜ ਵਿਚ ਲੈ ਆਏ। ਆਪਣੇ ਤਮਕ, ਤੁਮੜਕ, ਤਿਰਿਓ ਤੇ ਬਨਮ ਲੈ ਕੇ ਅਸੀ ਦਾਖਲ ਹੋਏ। ਰਾਸ਼ਟਰਪਤੀ ਦੇ ਚਿਹਰੇ ਤੇ ਸੰਤੁਸ਼ਟੀ ਸੀ। ਕਾਰੋਬਾਰੀ ਉਕਤਾਇਆ ਜਾਪ ਰਿਹਾ ਸੀ।

ਜਦੋਂ ਸਟੇਜ ਦੇ ਸਾਹਮਣੇ ਪਿੜ ਵਿਚ ਅਸੀ ਆਪਣੀਆਂ ਥਾਂਵਾਂ ਤੇ ਆ ਗਏ, ਮੈਂ ਮਾਈਕਰੋਫੋਨ ਆਪਣੇ ਹੱਥ ਵਿਚ ਲਿਆ ਤੇ ਰਾਸ਼ਟਰਪਤੀ ਵਲ ਸਿਰ ਝੁਕਾਇਆ। ਫੇਰ ਮੈਂ ਮਾਈਕਰੋਫੋਨ ਨੂੰ ਠਕੋਰ ਕੇ ਦੇਖਿਆ ਕਿ ਉਹ ਚਾਲੂ ਸੀ ਤੇ ਹਿੰਦੀ ਵਿਚ ਬੋਲਣਾ ਸ਼ੁਰੂ ਕੀਤਾ, ਜਿੰਨੀ ਕੁ ਚੰਗੀ ਹਿੰਦੀ ਜਜਬਿਆਂ ਦੇ ਹੜ ਵਿਚ ਡੁੱਬਿਆ ਮੈਂ ਉਸ ਵੇਲੇ ਬੋਲਣ ਜੋਗਾ ਸੀ। ਕੋਈ ਚਮਤਕਾਰ ਹੀ ਸੀ ਕਿ ਮੇਰਾ ਗਲਾ ਨਾ ਰੁੰਨਿਆ ਗਿਆ ਤੇ ਰੋਣ ਤੇ ਵੀ ਕਾਬੂ ਰਿਹਾ।

"ਜੋਹਾਰ, ਰਾਸ਼ਟਰਪਤੀ-ਬਾਬੂ, ਸਾਨੂੰ ਏਸ ਗਲ ਦਾ ਬੜਾ ਮਾਣ ਤੇ ਖੁਸ਼ੀ ਹੈ ਕਿ ਤੁਸੀ ਸਾਡੇ ਸੰਥਾਲ ਪਰਗਣਾ ਆਏ ਹੋ ਤੇ ਸਾਨੂੰ ਏਸ ਗਲ ਦਾ ਵੀ ਬੜਾ ਮਾਣ ਹੈ ਕਿ ਸਾਨੂੰ ਤੁਹਾਡੇ ਸਾਹਮਣੇ ਨੱਚਣ-ਗਾਣ ਤੇ ਆਪਣੀ ਧਰਤੀ ਉੱਤੇ ਤੁਹਾਡਾ ਸੁਆਗਤ ਤਰਨ ਦਾ ਮੌਕਾ ਦਿੱਤਾ ਗਿਆ ਹੈ। ਅਸੀ ਤੁਹਾਡੇ ਸਾਹਮਣੇ ਨੱਚਾਂਗੇ, ਗਾਵਾਂਗੇ ਪਰ ਤੁਸੀ ਹੀ ਦੱਸੋ, ਕੀ ਨੱਚਣ-ਗਾਣ ਲਈ ਕੋਈ ਕਾਰਨ ਹੈ ਸਾਡੇ ਕੋਲ ? ਖੁਸ਼ ਹੋਣ ਦਾ ਕੋਈ ਕਾਰਨ ਹੈ ਸਾਡੇ ਕੋਲ ? ਤੁਸੀ ਹੁਣ ਪਾਵਰ ਪਲਾਂਟ ਬਣਾਣਾ ਸ਼ੁਰੂ ਕਰੋਗੇ, ਪਰ ਇਹ ਪਲਾਂਟ ਸਾਡੇ ਸਾਰਿਆਂ ਦਾ ਅੰਤ ਹੋਵੇਗਾ, ਸਾਰੇ ਆਦਿਵਾਸੀਆਂ ਦਾ ਅੰਤ ਹੋਵੇਗਾ। ਤੁਹਾਡੇ ਕੋਲ ਬੈਠੇ ਹੋਏ ਇਨ੍ਹਾਂ ਆਦਮੀਆਂ ਨੇ ਤੁਹਾਨੂੰ ਦਸਿਆ ਹੈ ਕਿ ਇਹ ਪਾਵਰ ਪਲਾਂਟ ਸਾਡੀ ਕਿਸਮਤ ਬਦਲ ਦੇਵੇਗਾ, ਪਰ ਇਨ੍ਹਾਂ ਆਦਮੀਆਂ ਨੇ ਸਾਨੂੰ ਆਪਣੇ ਘਰਾਂ ਤੇ ਪਿੰਡਾਂ ਵਿਚੋਂ ਕੱਢ ਮਾਰਿਆ ਹੈ। ਸਾਡੇ ਕੋਲ ਕੋਈ ਠਾਹਰ ਨਹੀਂ ਰਹੀ, ਵਾਹੀ-ਬੀਜੀ ਲਈ ਕੋਈ ਥਾਂ ਨਹੀਂ ਰਹੀ। ਇਹ ਪਾਵਰ ਪਲਾਂਟ ਸਾਡੇ ਲਈ ਚੰਗਾ ਕਿਵੇਂ ਹੋ ਸਕਦਾ ਹੈ ? ਤੇ ਅਸੀ ਆਦਿਵਾਸੀ ਖੁਸ਼ ਹੋ ਕੇ ਨੱਚ ਕਿਵੇਂ ਸਕਦੇ ਹਾਂ ? ਜਦੋਂ ਤਕ ਸਾਡੇ ਘਰ ਤੇ ਜਮੀਨਾਂ ਸਾਨੂੰ ਮੋੜੇ ਨਹੀਂ ਜਾਂਦੇ, ਅਸੀ ਨੱਚਾਂ-ਗਾਵਾਂਗੇ ਨਹੀਂ। ਅਸੀ ਆਦਿਵਾਸੀ ਨਹੀਂ ਨੱਚਾਂਗੇ। ਆਦਿਵਾਸੀ ਨਹੀਂ ਨੱਚੇਗਾ -----"

*(ਸਪੀਕਿੰਗ ਟਾਈਗਰ ਬੁਕਸ ਰਾਹੀਂ 2017 ਵਿਚ ਛਾਪੇ ਗਏ ਹੰਸਦਾ ਸੌਵੇਂਦ੍ਰ ਸ਼ੇਖਰ ਦੇ ਕਹਾਣੀ ਸੰਗ੍ਰਹਿ 'ਦਿ ਆਦਿਵਾਸੀ ਵਿਲ ਨੌਟ ਡਾਂਸ' ਵਿਚੋਂ ਇਜਾਜਤ ਲੈ ਕੇ ਕੀਤਾ ਗਿਆ ਅਨੁਵਾਦ )*

✶✶✶

ਕਹਾਣੀ

# ਕੱਟੀਆਂ ਜੀਭਾਂ ਵਾਲੇ

—ਸਰੂਪ ਸਿਆਲਵੀ

ਸ਼ੇਰ ਸਿੰਘ ਨੇ ਮਾਸਟਰ ਲੱਗ ਕੇ ਆਪਣੀ ਅਲੱਗ ਕੋਠੀ ਬਣਾ ਲਈ ਸੀ। ਪਰ ਬਾਪੂ ਬੂਟਾ ਸਿੰਘ ਨੇ ਕੋਠੀ ਦੇ ਪਿਛਲੇ ਪਾਸੇ ਵਾਲਾ ਆਪਣਾ ਜੱਦੀ ਘਰ, ਖੁੱਲ੍ਹਾ ਦਲ੍ਹਾਨ, ਵਰਾਂਡਾ, ਇਕ ਪਾਸੇ ਝਲਿਆਨੀ, ਮੱਝ ਲਈ ਛੱਤੜਾ ਤੇ ਖੁੱਲ੍ਹਾ ਵਿਹੜਾ ਜਿਉਂ ਦਾ ਤਿਉਂ ਕਾਇਮ ਰੱਖਿਆ ਸੀ।

ਪੋਤੇ ਸਤਵੀਰ ਨੇ, ਪਿਉ ਦੀ ਕੋਠੀ ਵਿਚੋਂ ਬੂਟਾ ਸਿੰਘ ਦੇ ਘਰ ਵੱਲ ਆਉਂਦਿਆਂ ਪੁੱਛਿਆ, "ਬਾਪੂ! ਜਿਹੜਾ ਸਾਧ ਤੇਰੇ ਕੋਲ ਹੁਣੇ ਹੁਣੇ ਬੈਠਾ ਸੀ, ਉਹ ਕਿੱਥੇ ਚਲਾ ਗਿਆ?" ਮੰਜੇ ਉੱਤੇ ਬੈਠੇ ਬਾਪੂ ਬੂਟਾ ਸਿੰਘ ਨੇ ਹੁੱਕੇ ਦਾ ਸੂਟਾ ਮਾਰ ਕੇ ਮੂੰਹ 'ਚੋਂ ਧੂੰਆਂ ਛੱਡਦਿਆਂ ਦੱਸਿਆ, "ਪੁੱਤਰ ਸੱਤੇ ਸੰਤ ਜੀ ਪਿੰਡ ਵਿੱਚ ਨੂੰ ਗਜਾ ਕਰਨ ਲਈ ਗਏ ਹੋਏ ਨੇ...।" "ਬਾਪੂ ਸਾਧ ਨੂੰ ਐਥੇ ਈ ਦੋ ਰੋਟੀਆਂ ਖਾਣ ਨੂੰ ਦੇ ਦੇਣੀਆਂ ਸੀ। ਪਰ ਇਹਨਾਂ ਸਾਧਾਂ ਨੂੰ ਟੇਕ ਕਿੱਥੇ? ਸ਼ਿਖ਼ਰ ਦੁਪਹਿਰੇ ਆਟੇ ਦੀ ਝੋਲੀ ਭਰੀਂ ਤੇ ਖੀਸੇ ਵਿਚ ਨੋਟ ਤੁੰਨੀ ਪਿੰਡ ਦੀਆਂ ਗਲੀਆਂ ਵਿੱਚ ਘੁੰਮਦਾ ਹੋਵੇਗਾ।"

"ਸੱਤੇ! ਪਰ ਆਹ ਗੁਲਾਬ ਦਾਸੀਏ ਸੰਤ ਸੀਤਲ ਦਾਸ ਐਹੋ ਜੇ ਨੀ ਹੈਗੇ। ਆਪਣੇ ਪਿੰਡ ਬਹਾਲਪੁਰ ਤੋਂ ਸਾਹਮਣੇ ਤਿਉੜ ਪਿੰਡ ਦੇ ਬਾਗ਼ ਵਿੱਚ ਗੁਲਾਬ ਦਾਸੀਏ ਸੰਤਾਂ ਦਾ ਡੇਰਾ ਹੁੰਦਾ ਸੀ। ਅਸੀਂ ਪਿਉ, ਦਾਦੇ ਤੋਂ ਲੈ ਕੇ ਉਸ ਡੇਰੇ ਵਿੱਚ ਜਾਂਦੇ ਰਹੇ ਆਂ...।"

"ਹਾਂ ਬਾਪੂ! ਮੈਂ ਪੜ੍ਹਿਆ ਏ ਗਿਆਨੀ ਦਿੱਤ ਸਿੰਘ ਤਿਉੜ ਪਿੰਡ ਦੇ ਗੁਲਾਬ ਦਾਸੀਆਂ ਦੇ ਡੇਰੇ ਵਿੱਚ ਆ ਕੇ ਸੰਤ ਗੁਰਬਖਸ਼ ਦਾ ਸ਼ਿਸ਼ ਬਣਿਆ ਸੀ ਤੇ ਵੱਡੀ ਉਮਰ ਵਿਚ ਉਹਨਾਂ ਨੇ ਲਾਹੌਰ ਜਾ ਕੇ ਸਿੱਖ ਧਰਮ ਅਪਣਾ ਲਿਆ ਸੀ। ਉਹਨੇ ਆਰੀਆ ਸਮਾਜੀਆਂ ਦੇ ਮੁਖੀ ਸਵਾਮੀ ਦਯਾਨੰਦ ਨੂੰ ਤਿੰਨ ਵਾਰੀ ਧਾਰਮਿਕ ਵਾਦ-ਵਿਵਾਦ ਵਿਚ ਮਾਤ ਦਿੱਤੀ ਸੀ. . .।"

"ਪੁੱਤਰ ਸੱਤੇ! ਤੈਨੂੰ ਗੁਲਾਬ ਦਾਸੀਆਂ ਦੇ ਇਸ ਡੇਰੇ ਦੀਆਂ ਕੀ ਗੱਲਾਂ ਦੱਸਾਂ? ਡੇਰੇ ਵਿੱਚ ਇਸਤਰੀਆਂ ਤਾਂ ਜਾ ਸਕਦੀਆਂ ਸਨ। ਪੀਰੋ, ਰਾਧੀ,ਚੇਤ ਕੌਰ, ਨਰੰਗ ਦੇਵੀ ਆਦਿ ਗੁਲਾਬ ਦਾਸੀ ਸੰਤਣੀਆਂ ਵੀ ਹੋਈਆਂ ਨੇ ਪਰ ਡੇਰੇ ਵਿੱਚ ਜਾਤ ਅਭਿਮਾਨੀਆਂ ਦਾ ਪ੍ਰਵੇਸ਼ ਵਰਜਿਤ ਸੀ। ਉਦੋਂ ਬਰਸਾਤ ਵਿਚ ਝੜੀਆਂ ਬਹੁਤ ਲਗਦੀਆਂ ਸਨ। ਲੋਕਾਂ ਦੇ ਕੰਧਾਂ ਕੋਠੇ ਡਿੱਗ ਪੈਂਦੇ ਸਨ। ਉਦੋਂ ਜੇ ਇਕ ਗੀਤ ਬਹੁਤ ਮਸ਼ਹੂਰ ਹੋਇਆ ਸੀ 'ਲੱਗੀਆਂ ਕਹਿਰ ਦੀਆਂ ਝੜੀਆਂ ਕੰਧਾਂ ਕੋਠੇ ਸਾਰੇ ਹਿੱਲ ਗਏ' ਬਰਸਾਤ ਵਿੱਚ ਡੇਰੇ ਦੇ ਕੁੱਝ ਛੱਤੜੇ ਢਾਰੇ ਵੀ ਡਿੱਗ ਪੈਂਦੇ ਸਨ। ਪਰ ਜੇ ਕੋਈ ਅਮੀਰ ਆਦਮੀ ਡੇਰੇ ਦੀ ਇਮਾਰਤ ਬਣਾਉਣ ਲਈ ਪੈਸੇ ਦੇਂਦਾ ਵੀ ਤਾਂ ਲਏ ਨਹੀਂ ਜਾਂਦੇ ਸਨ। ਡੇਰੇ ਵਿੱਚ ਆਉਣ ਵਾਲੇ ਮੋਚੀ, ਮਰਾਸੀ, ਲੋਹਾਰ, ਤਰਖਾਣ, ਮਜਦੂਰ, ਕਿਸਾਨ ਆਦਿ ਆਪੇ ਕੱਚੀਆਂ ਇੱਟਾਂ ਦੀਆਂ ਕੰਧਾਂ ਖੜੀਆਂ ਕਰਕੇ ਭੂੰਡ ਸਰਕੜੇ ਦੀਆਂ ਛੱਤਾਂ ਪਾ ਦਿੰਦੇ ਸਨ।"

"... ਸੱਤੇ! ਜਿਵੇਂ ਤੂੰ ਕਹਿੰਦਾ ਏ... ਸੰਤ ਜੀ ਮੇਰੇ ਕੋਲ ਈ ਦੁਪਹਿਰ ਦਾ ਖਾਣਾ ਖਾ

ਲੈਂਦੇ। ਮੈਂ ਕਿਹਾ ਵੀ ਸੀ ਪਰ ਉਹ ਕਹਿਣ ਲੱਗੇ ਸਾਨੂੰ ਗੁਰੂ ਜੀ ਦਾ ਉਪਦੇਸ਼ ਹੈ ਕਿ ਮਨ ਵਿੱਚ ਹੰਕਾਰ ਨਾ ਪੈਦਾ ਹੋ ਜਾਵੇ... ਇਸ ਲਈ ਘੱਟੋ-ਘੱਟ ਦੁਪਹਿਰ ਦਾ ਖਾਣਾ ਘਰ-ਘਰ ਤੋਂ ਭਿਕਸ਼ਾ ਮੰਗ ਕੇ ਖਾਣਾ ਏ... ਤੇ ਬੇਬਾਕੀ ਨਾਲ ਗੁਲਾਬ ਦਾਸੀਆਂ ਦੀ ਰਚੀ ਵਾਣੀ ਦਾ ਗਾਇਨ ਕਰਨਾ ਏ... ਕਿਸੇ ਨੂੰ ਚੰਗਾ ਲੱਗੇ... ਭਾਵੇਂ ਕਿਸੇ ਨੂੰ ਚੰਗਾ ਨਾ ਲੱਗੇ।"

ਬਾਪੂ ਬੂਟਾ ਸਿੰਘ ਦੀਆਂ ਗੱਲਾਂ ਸੁਣ ਕੇ ਸਤਵੀਰ ਸਿੰਘ ਇਹ ਦੇਖਣ ਲਈ ਪਿੰਡ ਵਿਚ ਨੂੰ ਨਿਕਲਿਆ ਕਿ ਦੇਖਾਂ ਤਾਂ ਸਹੀ, ਸੰਤ ਜੀ ਕਿਵੇਂ ਅਲੱਗ ਤਰ੍ਹਾਂ ਨਾਲ ਭਿਖਸ਼ਾ ਮੰਗਦੇ ਨੇ। ਸੰਤ ਜੀ ਗਲੀ ਵਿਚ ਵੜਦਿਆਂ ਹੀ ਉੱਚੀ ਅਵਾਜ਼ ਵਿੱਚ ਅਲਖ ਜਗਾਉਂਦੇ,

"ਅ... ਲ... ਖ... ਨਿ... ਰੰ... ਜ... ਣ"

ਜੇ ਕੋਈ ਮਾਈ ਆਟੇ ਦਾ ਕੌਲ ਭਰ ਕੇ ਲਿਆਉਂਦੀ, ਸੰਤ ਜੀ ਇਸ਼ਾਰੇ ਨਾਲ ਦੱਸਦੇ, 'ਮੇਰੇ ਕੋਲ ਝੋਲੀ ਕੋਈ ਨਹੀਂ,' ਜੇ ਕੋਈ ਪੰਜ ਦਸ ਰੁਪਏ ਦੇਣ ਲਗਦਾ ਤਾਂ ਆਖਦੇ 'ਮੇਰੇ ਚੋਲੇ ਨੂੰ ਜੇਬ ਜਾਂ ਖੀਸਾ ਕੋਈ ਨਹੀਂ" ਤੇ ਜੇ ਕੋਈ ਬੀਬੀ ਦਾਲ ਰੋਟੀ ਲੈ ਕੇ ਆਉਂਦੀ ਤਾਂ. . .ਚਿੱਪੀ ਅੱਗੇ ਕਰਕੇ ਇਕ ਰੋਟੀ ਤੇ ਇਕ ਕੜਛੀ ਭਰ ਦਾਲ ਜਾਂ ਸਬਜ਼ੀ ਚਿੱਪੀ ਵਿੱਚ ਪਵਾ ਲੈਂਦੇ ਸਨ।

ਸਤਵੀਰ ਸਿੰਘ ਦੇਖਦਾ ਰਿਹਾ, ਚਾਰ ਪੰਜ ਰੋਟੀਆਂ ਮੰਗ ਕੇ ਉਹ ਮਸਤੀ ਵਿੱਚ ਸ਼ਬਦ ਗਾਉਂਦੇ ਚਿਮਟਾ ਵਜਾਉਂਦੇ ਅੱਗੇ ਨਿਕਲ ਗਏ ਸਨ:

"ਦੁੱਧ ਥਣਾਂ ਵਿੱਚ ਵਾਪਸ ਨਈਂ ਜਾਂਦਾ
ਮੱਖਣ ਕਦੇ ਲੱਸੀ ਨਹੀਂ ਬਣ ਸਕਦਾ
ਟੁੱਟੇ ਸੰਖ ਵਿੱਚੋਂ ਆਵਾਜ਼ ਨਹੀਂ ਨਿਕਲਦੀ
ਤੋੜਿਆਂ ਫੁੱਲ ਡਿੱਗਿਆ ਫਲ
ਦੁਬਾਰਾ ਦਰਖ਼ਤ ਨਾਲ ਨਹੀਂ ਲੱਗਦੇ
ਮਰੇ ਹੋਏ ਦੋਬਾਰਾ ਜਨਮ ਨਹੀਂ ਲੈਂਦੇ

... ਲੋਕੋ! ਇਸ ਪ੍ਰਕਾਰ ਸ਼ਿਵਾਵਾਕਿਆਰ ਸਿੱਧ ਮਨੁੱਖ ਦੇ ਪੁਨਰ ਜਨਮ, ਦੁਬਾਰਾ ਜਨਮ ਲੈਣ ਦੇ ਵਿਚਾਰ ਦਾ ਖੰਡਨ ਕਰਦੇ ਨੇ।

ਸੰਤ ਕਬੀਰ ਵੀ ਇਸੇ ਮੱਤ ਦੇ ਹਨ,

'ਬਹੁਰਿ ਨਹਿ ਆਵਨਾ ਯਾ ਦੇਸ।
ਜੋ ਜੋ ਗਏ ਬਹੁਰਿ ਨਹੀਂ ਆਏ
ਪੜ੍ਹਵਤ ਨਾਹਿ ਸੰਦੇਸ਼।"

ਸਤਵੀਰ ਸਿੰਘ ਸੰਤ ਜੀ ਤੋਂ ਥੋੜ੍ਹਾ ਪਿੱਛੇ ਰਹਿ ਗਿਆ ਸੀ, ਪਰ ਸੰਤ ਜੀ ਦੁਆਰਾ ਊਚੀ ਅਵਾਜ਼ ਵਿੱਚ ਗਾਇਆ ਸ਼ਬਦ ਉਸਦੇ ਕੰਨੀ ਪੈ ਰਿਹਾ ਸੀ:

ਜੇ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀਂ ਆਇਆ॥

ਦੂਰੋਂ ਸਤਵੀਰ ਨੂੰ ਲੱਗਿਆ ਕਿ ਜਿਵੇਂ ਸੰਤ ਜੀ ਨੂੰ ਸੰਤ ਕਬੀਰ ਦਾ ਇਹ ਸ਼ਬਦ ਉਚਾਰਣ ਕਰਨ ਤੋਂ ਕਿਸੇ ਨੇ ਰੋਕਿਆ ਏ। ਸੰਤ ਜੀ ਕਹਿਣ ਲੱਗੇ, "ਅਰੇ ਭਾਈ ਸਿੱਧ ਸਿਵਾਵਾਕਿਆਰ ਹਜ਼ਾਰੋਂ ਬਰਸ ਪਹਿਲੇ ਆਦਮੀ ਕੇ ਦੁਬਾਰਾ ਜਨਮ ਲੇਨੇ ਕੇ ਵਿਚਾਰ ਕਾ ਖੰਡਨ ਕਰ ਚੁੱਕੇ ਹੈਂ। ਨਿਰਗੁਣ ਸੰਤ ਸੈਂਕੜੇ ਸਾਲ ਪਹਿਲੇ ਜਨਮ ਕੇ ਆਧਾਰ ਪਰ ਵਰਣ

ਵਿਵਸਥਾ ਕੀ ਵਿਚਾਰਧਾਰਾ ਪਰ ਪ੍ਰਸ਼ਨ ਚਿੰਨ੍ਹ ਲਗਾ ਚੁੱਕੇ ਹੈਂ। ਮੌਜੂਦਾ ਕਾਲ ਮੇਂ ਮੁਝੇ ਭੀ ਅਪਨੀ ਬਾਤ ਕਹਿਨੇ ਕਾ ਪੂਰਾ ਅਧਿਕਾਰ ਹੈ... ਆਪਕੋ ਮੇਰੀ ਬਾਤ ਅੱਛੀ ਨਹੀਂ ਲਗਤੀ... ਤੋਂ ਨਾ ਲੱਗੇ।"

ਪਰ ਸਤਵੀਰ ਸਿੰਘ ਦੇ ਸੰਤ ਜੀ ਦੇ ਕੋਲ ਪਹੁੰਚਣ ਤੋਂ ਪਹਿਲਾਂ ਹੀ ਉਹਨਾਂ ਨੂੰ ਟੋਕਣ ਵਾਲਾ ਬੰਦਾ... ਆਪਣੇ ਘਰ ਅੰਦਰ ਵੜ ਗਿਆ ਸੀ। ਸੰਤ ਜੀ ਇਹ ਸ਼ਬਦ ਗਾਉਂਦੇ-ਗਾਉਂਦੇ ਬਾਪੂ ਬੂਟਾ ਸਿੰਘ ਦੇ ਘਰ ਜਾ ਵੜੇ ਸਨ।

ਸੰਤ ਸੀਤਲ ਦਾਸ ਗੁਲਾਬ ਦਾਸੀ ਪਰੰਪਰਾ ਅਧੀਨ ਕੀਰਤਨ ਕਰਦੇ ਹੁੰਦੇ ਸਨ। ਸਤਵੀਰ ਸਿੰਘ ਸੰਤ ਜੀ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਉਸਨੇ ਬਾਪੂ ਬੂਟਾ ਸਿੰਘ ਨੂੰ ਦੱਸਿਆ ਸੀ ਕਿ ਸੰਤ ਜੀ ਆਪਣੀ ਗੱਲ ਕਿੰਨੀ ਬੇਬਾਕੀ ਤੇ ਨਿਡਰਤਾ ਨਾਲ ਕਰਦੇ ਨੇ! ਅੱਗੋਂ ਬਾਪੂ ਨਿੰਮੋਝੂਣਾ ਜਿਹਾ ਹੁੰਦਿਆ ਬੋਲਿਆ, "ਸੱਤੇ! ਤੈਨੂੰ ਕੀ ਦੱਸਾਂ! ਸੰਤ ਜੀ ਤਾਂ ਸਾਨੂੰ ਵੀ ਕਹਿੰਦੇ ਰਹਿੰਦੇ ਨੇ ਕਿ ਤੁਸੀਂ ਤਾਂ ਉਹ ਕੱਟੀਆਂ ਜੀਭਾਂ ਵਾਲੇ ਹੋ, ਜਿਹਨਾਂ ਬਾਰੇ ਮਨੁਸਮ੍ਰਿਤੀ ਵਿੱਚ ਲਿਖਿਆ ਏ 'ਜੇ ਸ਼ੂਦਰ ਵਰਣ ਦਾ ਵਿਅਕਤੀ... ਉੱਚ ਵਰਣ ਦੇ ਵਿਅਕਤੀ ਦੇ ਬਰਾਬਰ ਬੋਲੇ... ਤਾਂ ਉਹਦੀ ਜੀਭ ਕੱਟ ਦਿਉ', ਕਿਉਂਕਿ ਤੁਸੀਂ ਵੀ ਤਾਂ ਗੁਲਾਬ ਦਾਸੀ ਸੰਤਾਂ ਤੋ ਸਿਕਸ਼ਾ ਦੀਕਸ਼ਾ ਲਈ ਏ... ਪਰ ਤੁਸੀਂ ਉਹ ਪ੍ਰਾਪਤ ਕੀਤਾ ਗਿਆਨ ਲੋਕਾਂ ਨੂੰ ਦੱਸਦੇ ਨੀ ਹੈਗੇ... ਫੇਰ ਤੁਸੀਂ ਕੱਟੀਆਂ ਜੀਭਾਂ ਵਾਲੇ ਈ ਹੋਏ ਜਿਹੜੇ... ਬੋਲਦੇ ਨੀ ਹੈਗੇ।"

ਸੰਤ ਜੀ ਹੋਰ ਪ੍ਰਦੇਸ਼ਾਂ ਵਿੱਚ ਵੀ ਘੁੰਮਦੇ ਰਹਿੰਦੇ ਸਨ ਇਸ ਲਈ ਸੰਤ ਭਾਸ਼ਾ ਵਿੱਚ ਹੀ ਗੱਲ ਕਰਦੇ ਸਨ, ਪਰ ਪੰਜਾਬ ਵਿਚ ਆ ਕੇ ਮਾਤ-ਭਾਸ਼ਾ ਵਿਚ ਵੀ ਗੱਲ ਕਰਨ ਲੱਗ ਪੈਂਦੇ ਸਨ। ਸੰਤ ਜੀ ਦਾ ਕੀਰਤਨ ਸੁਣਨ ਲਈ ਤਿਉੜ ਗੁਲਾਬਦਾਸੀਆਂ ਦੇ ਡੇਰੇ ਵਿਚ ਜਾਣ ਵਾਲੇ ਤੇ ਸੰਤ ਸੀਤਲ ਦਾਸ ਦੀ ਵਿਚਾਰਧਾਰਾ ਨਾਲ ਸਹਿਮਤ ਹੋਣ ਵਾਲੇ... ਗਿਣੇ-ਚੁਣੇ ਬੰਦੇ ਹੀ ਆਉਂਦੇ ਸਨ। ਪਰ ਅੱਜ ਸਤਵੀਰ ਸਿੰਘ ਸੰਤ ਜੀ ਦਾ ਕੀਰਤਨ ਸੁਣਨ ਲਈ ਸਭ ਤੋਂ ਪਹਿਲਾਂ ਆਇਆ ਬੈਠਾ ਸੀ। ਉਹਦੇ ਵਿਚਾਰ ਉਹਦੀ ਕਲਾਸਫੈਲੋ ਸੀਮਾ ਨਾਲ ਵੀ ਮਿਲਦੇ ਸਨ। ਉਹਨੇ ਸੀਮਾ ਨੂੰ ਵੀ ਕੀਰਤਨ ਸੁਣਨ ਲਈ ਬੁਲਾ ਲਿਆ ਸੀ।

ਸੰਤ ਜੀ ਨੂੰ ਦੁਪਹਿਰੇ, ਆਪਣੀ ਗੱਲ ਕਹਿਣ ਤੋਂ ਵਰਜਣ ਦੀ, ਕੋਸ਼ਿਸ਼ ਕੀਤੀ ਗਈ ਸੀ ਸ਼ਾਇਦ ਇਸੇ ਕਰਕੇ ਸੰਤ ਸੀਤਲ ਦਾਸ ਜੀ ਨੇ ਹੁਣ 'ਕਹਿ ਰਵਿਦਾਸ' ਲਿਖਦਿਆਂ.. . ਆਪਣੀ ਗੱਲ ਡੰਕੇ ਦੀ ਚੋਟ ਤੇ ਕਰਨ ਵਾਲੇ, ਸੰਤ ਰਵਿਦਾਸ ਦੇ ਉਹਨਾਂ ਸ਼ਬਦਾਂ ਦੀ ਹੀ ਵਿਆਖਿਆ ਸਹਿਤ ਕੀਰਤਨ ਕੀਤਾ ਸੀ ਜਿਹਨਾਂ ਵਿੱਚ ਉਹ 'ਕਹਿ ਰਵਿਦਾਸ' ਉਚਾਰਦੇ ਨੇ।

'ਜਾਤੀ ਓਛਾ ਪਾਤੀ ਓਛਾ ਓਛਾ ਜਨਮ ਹਮਾਰਾ॥
ਨੀਚੇ ਸੇ ਪ੍ਰਭ ਊਚ ਕੀਓ ਹੈ ਕਹਿ ਰਵਿਦਾਸ ਚਮਾਰਾ॥'
"ਜਾ ਦੇਖਿਆ ਘਿਨ ਉਪਜੈ ਨਰਕ ਕੁੰਡ ਮਹ ਵਾਸ॥
ਪ੍ਰੇਮ ਭਗਤਿ ਸੋਂ ਉਧਰੈ ਪ੍ਰਗਟ ਜਨ ਰਵਿਦਾਸ।
..... ..... ..... .....
ਦੋਮ ਨ ਸੋਮ ਏਕ ਸੋ ਆਹੀ॥

ਕਹਿਰ ਵਿਦਾਸ ਖਲਾਸ ਚਮਾਰਾ।

ਜੋ ਹਮ ਸਹਰੀ ਸੁ ਮੀਤ ਹਮਾਰਾ॥

ਸਤਵੀਰ ਸਿੰਘ ਤੇ ਸੀਮਾ ਨੂੰ ਜਿਵੇਂ ਸੰਤ ਸੀਤਲ ਦਾਸ ਕੋਲੋਂ ਗਿਆਨ ਦਾ ਖਜ਼ਾਨਾ ਮਿਲ ਗਿਆ ਸੀ। ਉਹ ਦੋਵੇਂ ਜਣੇ, ਸ਼ਿਵਾਲਿਕ ਕਾਲਿਜ ਸੀਸਵਾਂ ਵਿੱਚ ਪੜ੍ਹਦੇ ਸਨ। ਉਹ ਦੂਸਰੇ ਦਿਨ ਕਾਲਿਜ ਗਏ... ਚਾਅ-ਮਤੇ ਆਪਣੇ ਜਾਣਕਾਰ ਹਰ ਵਿਦਿਆਰਥੀ ਤੇ ਪ੍ਰੋਫੈਸਰ ਨੂੰ ਖੜ੍ਹਾ ਕੇ ਸੰਤ ਸੀਤਲ ਦਾਸ ਦੇ ਸੰਜਮੀ ਜੀਵਨ ਤੇ ਉਸਦੇ ਦਿੱਤੇ ਗਿਆਨ ਬਾਰੇ ਦੱਸਣ ਲੱਗ ਜਾਂਦੇ ਸਨ। ਕੋਈ...ਕੋਈ ਤਾਂ... ਉਹਨਾਂ ਦੀਆਂ ਗੱਲਾਂ ਨੂੰ ਅਣਸੁਣੀਆਂ ਕਰਕੇ... ਉਹਨਾਂ ਵੱਲ ਹਕਾਰਤ ਭਰੀਆਂ ਨਜ਼ਰਾਂ ਨਾਲ ਦੇਖਦਿਆਂ... ਲੰਘ ਜਾਂਦਾ ਸੀ। ਤੇ ਕੋਈ ਅਣਮੰਨੇ ਮਨ ਨਾਲ 'ਸੰਤ ਜੀ ਦਾ ਪ੍ਰਵਚਨ ਸੁਣਨ ਲਈ ਚੱਲਾਂਗੇ।' ਆਖ ਟਿਬ੍ਹ ਜਾਂਦਾ ਸੀ। ਪਰ ਉਹਨਾਂ ਦੀ ਰਾਜਨੀਤੀ ਸ਼ਾਸਤਰ ਦੀ ਪ੍ਰੋਫੈਸਰ ਪ੍ਰੋਮਿਲਾ ਨੇ ਉਹਨਾਂ ਦੀ ਗੱਲ ਕੋਲ ਬਿਠਾ ਕੇ ਪੂਰੇ ਧਿਆਨ ਨਾਲ ਸੁਣੀ ਤੇ ਦੱਸਣ ਲੱਗੀ, "ਸੰਤ ਸੀਤਲ ਦਾਸ ਦੀ ਗੱਲ ਬਿਲਕੁਲ ਠੀਕ ਏ... ਕਿ ਉਸਨੇ ਸਿੱਧਾਂ, ਸੰਤਾਂ, ਜੋਗੀਆਂ ਤੇ ਗੁਲਾਬਦਾਸੀਆਂ ਦੇ ਕਥਨ... ਉਚਾਰਨ ਕਰਨੇ ਹੀ ਕਰਨੇ ਨੇ... ਕਿਸੇ ਨੂੰ ਚੰਗੇ ਲੱਗਣ... ਜਾਂ ਚੰਗੇ ਨਾ ਲੱਗਣ...।"

ਪ੍ਰੋ. ਪ੍ਰੋਮਿਲਾ ਉਨ੍ਹਾਂ ਨੂੰ ਤੇ ਹੋਰ 'ਕੱਠੇ ਹੋਏ ਵਿਦਿਆਰਥੀਆਂ ਨੂੰ ਸਮਝਾਉਣ ਲੱਗੇ, "ਹਜ਼ਾਰਾਂ ਸਾਲਾਂ ਤੋਂ ਲੋਕਾਇਤਾਂ, ਬੋਧਾ, ਸਿਧਾਂ, ਨਾਥਾਂ, ਨਿਰਗੁਣ ਸੰਤਾਂ, ਗੁਲਾਬ ਦਾਸੀਆਂ ਆਦਿ ਦਾ ਵਰਣ ਵਿਵਸਥਾ ਅਧਾਰਿਤ ਸਮਾਜ ਨੂੰ ਊਚ-ਨੀਚ ਵਿੱਚ ਵੰਡਣ ਵਾਲੀ ਵਿਚਾਰਧਾਰਾ ਵਿਰੁੱਧ ਲਿਖਣ ਅਤੇ ਬੋਲਣ ਕਰਕੇ... ਉੱਚ ਵਰਣ ਦੇ ਲੋਕਾਂ ਦੁਆਰਾ ਵਿਰੋਧ ਕੀਤਾ ਜਾਂਦਾ ਰਿਹਾ। ਅਤੇ ਉਨ੍ਹਾਂ ਦੇ ਸਮਰਥਕ ਰਾਜਿਆਂ ਦੁਆਰਾ ਸਖਤ ਸਜ਼ਾਵਾਂ ਦਿਤੀਆਂ ਜਾਂਦੀਆਂ ਰਹੀਆਂ।

ਮੌਜੂਦਾ ਕਾਲ ਵਿੱਚ ਭਾਰਤੀ ਸੰਵਿਧਾਨ ਦੇ ਆਰਟੀਕਲ 19 ਅਨੁਸਾਰ ਹਰੇਕ ਨਾਗਰਿਕ ਨੂੰ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ ਦਿੱਤੀ ਗਈ। ਪਰ ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਦੁਆਰਾਂ ਆਰਟੀਕਲ 19 ਵਿੱਚ ਸੋਧ ਕਰਕੇ ਪ੍ਰਗਟਾਵੇ ਦੀ ਅਜ਼ਾਦੀ ਨੂੰ ਸੀਮਿਤ ਕੀਤਾ ਜਾਂਦਾ ਰਿਹਾ ਤੇ ਲੋਕ ਇਸ ਦਾ ਵਿਰੋਧ ਕਰਦੇ ਰਹੇ।... ਤੇ ਹੁਣ ਮੌਜੂਦਾ ਸਰਕਾਰ ਦੁਆਰਾ 'ਸਿਟੀਜਨ ਅਮੈਂਡਮੈਂਟ ਐਕਟ, 1955' (3.1.1.) ਵਿੱਚ, ਪੱਖਪਾਤ ਪੂਰਨ ਸੋਧ ਕਰਨ ਦਾ ਲੋਕਾਂ ਦੁਆਰਾ ਧਰਨੇ, ਮੁਜ਼ਾਹਰੇ ਕਰਕੇ ਇਸ ਲਈ ਵਿਰੋਧ ਕੀਤਾ ਜਾ ਰਿਹਾ ਹੈ...ਕਿਉਂਕਿ ਇਸ ਐਕਟ ਵਿੱਚ ਕੀਤੀ ਸੋਧ ਅਨੁਸਾਰ, ਗਵਾਂਢੀ ਦੇਸ਼ਾਂ ਤੋਂ ਭਾਰਤ ਵਿਚ ਆਉਣ ਵਾਲੇ ਹਿੰਦੂ, ਸਿੱਖ, ਬੋਧੀ, ਜੈਨੀ, ਪਾਰਸੀ ਆਦਿ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਤਾਂ, ਭਾਰਤ ਦੀ ਨਾਗਰਿਕਤਾ ਪ੍ਰਦਾਨ ਕਰਨ ਦਾ ਪ੍ਰੋਵੀਜ਼ਨ ਕੀਤਾ ਗਿਆ ਹੈ।...ਪਰ ਗਵਾਂਢੀ ਦੇਸ਼ਾਂ ਤੋਂ ਆਉਣ ਵਾਲੇ ਘੱਟ ਗਿਣਤੀ ਮੁਸਲਮਾਨਾਂ ਨਾਲ ਵਿਤਕਰਾ ਕੀਤਾ ਗਿਆ ਹੈ। ਉਨ੍ਹਾਂ ਨੂੰ ਭਾਰਤ ਦੀ ਨਾਗਰਿਕਤਾ ਦੇਣ 'ਤੇ ਰੋਕ ਲਾ ਦਿੱਤੀ ਗਈ ਹੈ।"

'ਨਾਗਰਿਕਤਾ ਸੋਧ ਕਾਨੂੰਨ' ਪਾਸ ਹੋਣ ਉਤੇ ਪ੍ਰੋ. ਪ੍ਰੋਮਿਲਾ ਦਾ ਮਨ ਡਾਢਾ ਦੁਖੀ ਹੋਇਆ ਸੀ। ਪਰ ਉਹਨੇ ਕਾਲਿਜ ਆ ਕੇ...ਵੱਖਰੇ-ਵੱਖਰੇ ਪੱਖ-ਪਾਤ ਪੂਰਨ ਵਿਚਾਰ ਰਖਣ ਵਾਲੇ ਪ੍ਰੋਫੈਸਰਾਂ ਕੋਲ ਇਸਦੇ ਬਾਰੇ ਗੱਲ ਨਹੀਂ ਕੀਤੀ ਸੀ। ਪਰ ਉਹਨਾਂ ਦੇ ਕਾਲਿਜ ਦਾ ਕਾਰਜਕਾਰੀ ਪ੍ਰਿ. ਡਾ. ਜੇ.ਐਸ. ਮਾਨ ਕੁੱਝ ਪ੍ਰੋਫੈਸਰਾਂ ਤੇ ਸਟੂਡੈਂਟਾਂ ਨੂੰ ਨਾਗਰਿਕਤਾ ਸੋਧ

ਕਾਨੂੰਨ ਵਿਰੁੱਧ ਹੁੰਦੇ ਪ੍ਰਦਰਸ਼ਨਾਂ ਵਿਚ ਲੈ ਕੇ ਜਾਣ ਲੱਗ ਪਿਆ ਸੀ।

ਵਿਵਾਦਗ੍ਰਸਤ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਟੂਡੈਂਟ ਸੈਂਟਰ ਤੋਂ ਸੈਕਟਰ 17 ਦੇ ਪਲਾਜਾ ਤੱਕ ਵਿਸ਼ਾਲ ਰੋਸ ਮਾਰਚ ਕੀਤਾ ਗਿਆ ਸੀ। ਇਸ ਵਿਚ ਚੰਡੀਗੜ੍ਹ ਤੋਂ ਬਿਨਾਂ ਮੋਹਾਲੀ ਪੰਚਕੂਲਾ ਤੇ ਨੇੜੇ-ਤੇੜੇ ਦੇ ਸਟੂਡੈਂਟਾਂ, ਪ੍ਰੋਫੈਸਰਾਂ ਵਕੀਲਾਂ ਤੇ ਆਮ ਲੋਕਾਂ ਨੇ ਭਾਗ ਲਿਆ ਸੀ। ਇਸ ਰੋਸ ਮਾਰਚ ਵਿਚ ਸ਼ਿਵਾਲਿਕ ਕਾਲਿਜ ਸੀਸਵਾਂ ਦਾ ਕਾਰਜਕਾਰੀ ਪ੍ਰਿੰਸੀਪਲ ਡਾ. ਜੇ.ਐਸ. ਮਾਨ. ਵੀ ਆਪਣੇ ਕਾਲਿਜ ਦੇ ਪ੍ਰੋਫੈਸਰਾਂ ਤੇ ਸਟੂਡੈਂਟਾਂ ਨੂੰ ਲੈ ਕੇ ਸ਼ਾਮਿਲ ਹੋਇਆ ਸੀ।

ਸੈਕਟਰ 17 ਦੇ ਪਲਾਜਾ ਵਿੱਚ ਰੋਸ ਮਾਰਚ ਇਕ ਭਾਰੀ ਇਕੱਠ ਵਿਚ ਬਦਲ ਗਿਆ ਸੀ। ਹਾਈ ਕੋਰਟ ਦੇ ਸੀਨੀਅਰ ਵਕੀਲ ਐਸ.ਐਸ. ਸ਼ਾਂਤ ਨੇ ਸੰਬੋਧਨ ਕਰਦਿਆਂ ਦੱਸਿਆ ਸੀ, “ਸਾਡੇ ਦੇਸ਼ ਦਾ ਸੰਵਿਧਾਨ ਹਰੇਕ ਨਾਗਰਿਕ ਨੂੰ ਸਮਾਨਤਾ ਤੇ ਬਰਾਬਰੀ ਦਾ ਅਧਿਕਾਰ ਦਿੰਦਾ ਹੈ। ਮੌਜੂਦਾ, ਸਿਟੀਜ਼ਨਸ਼ਿਪ ਅਮੈਂਡਮੈਂਟ ਐਕਟ, ਸੀ.ਏ.ਏ. ਦੀ ਮੁੱਖ ਤੌਰ ਤੇ ਇਸ ਲਈ ਵਿਰੋਧਤਾ ਕੀਤੀ ਜਾ ਰਹੀ ਹੈ। ਕਿਉਂਕਿ ਇਸ ਕਾਨੂੰਨ ਵਿਚ ਦੇਸ਼ ਦੀਆਂ ਘੱਟ ਗਿਣਤੀਆਂ ਵਿਚੋਂ ਮੁਸਲਮਾਨ ਘੱਟ ਗਿਣਤੀ ਦੇ ਲੋਕਾਂ ਨੂੰ ਦੇਸ਼ ਦੀ ਨਾਗਰਿਕਤਾ ਦੇਣ ਦਾ, ਪ੍ਰਾਵਧਾਨ, ਪ੍ਰੋਵੀਜ਼ਨ ਨਹੀਂ ਹੈ। ਜਦਕਿ ਭਾਰਤ ਦਾ ਧਰਮ-ਨਿਰਪੱਖ ਸੰਵਿਧਾਨ ਕਿਸੇ ਵੀ ਧਰਮ ਦੇ ਲੋਕਾਂ ਨੂੰ...ਧਰਮ ਦੇ ਆਧਾਰ ਉਤੇ ਵਿਸ਼ੇਸ਼ ਅਧਿਕਾਰ ਦੇਣ...ਜਾਂ ਧਰਮ ਦੇ ਆਧਾਰ ਉੱਤੇ ਅਧਿਕਾਰ ਖੋਹਣ ਦੀ ਇਜਾਜਤ ਨਹੀਂ ਦਿੰਦਾ।” ਰੋਸ ਪ੍ਰਦਰਸ਼ਨ ਰੈਲੀ ਦਾ ਰੂਪ ਧਾਰਨ ਕਰ ਗਿਆ ਸੀ। ਇਸ ਰੈਲੀ ਨੂੰ ਪ੍ਰੋਫੈਸਰਾਂ, ਵਕੀਲਾਂ, ਸਟੂਡੈਂਟਾਂ ਤੇ ਸਮਾਜ ਸੇਵਕਾਂ ਨੇ ਸੰਬੋਧਨ ਕੀਤਾ ਤੇ ਸਰਕਾਰ ਕੋਲੋਂ ਇਸ ਭੇਦ-ਭਾਵ ਪੂਰਨ ਕਾਨੂੰਨ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ।

ਸੰਵਿਧਾਨ ਅਤੇ ਮਾਨਵਤਾ ਵਿਰੁੱਧ ਪਾਸ ਕੀਤੇ ਨਾਗਰਿਕਤਾ ਸੋਧ ਕਾਨੂੰਨ ਦੀ ਵੱਖ-ਵੱਖ ਬੁਲਾਰਿਆਂ ਵਲੋਂ ਕੀਤੀ ਗਈ ਵਿਸਥਾਰ ਸਹਿਤ ਵਿਆਖਿਆ ਕਿ 'ਆਖਰ ਅਜਿਹਾ ਕਾਨੂੰਨ ਕਿਉਂ ਪਾਸ ਕੀਤਾ ਗਿਆ ?' ਇਸ ਸੋਧੇ ਹੋਏ ਕਾਨੂੰਨ ਨੇ ਸੰਵੇਦਨਸ਼ੀਲ ਤੇ ਕੋਮਲ ਭਾਵਨਾਵਾਂ ਵਾਲੀਆਂ ਲੜਕੀਆਂ ਦੇ ਮਨਾਂ ਉਤੇ ਡਾਢੀ ਠੇਸ ਲਾਈ ਸੀ। ਸ਼ਿਵਾਲਿਕ ਕਾਲਜ ਦੀ ਵਿਦਿਆਰਥਣ ਸੀਮਾ ਤਾਂ ਚੱਕਰ ਖਾ ਕੇ ਡਿੱਗਣ ਲੱਗੀ ਸੀ। ਉਹਦੀ ਫਰੈਂਡ ਨੇ ਉਹਨੂੰ ਆਪਣੇ ਪਰਸ ਵਿੱਚੋਂ ਪਾਣੀ ਦੀ ਬੋਤਲ ਕੱਢ ਕੇ ਪਾਣੀ ਪਿਲਾਇਆ ਸੀ।

ਇਸ ਘੱਟ ਗਿਣਤੀ ਵਿਰੋਧੀ ਕਾਨੂੰਨ ਨੂੰ ਭਾਰਤ ਦੇ ਧਰਮ ਨਿਰਪੱਖ ਚਰਿੱਤਰ ਉੱਤੇ ਸਿੱਧਾ ਹਮਲਾ ਕਰਾਰ ਦਿੱਤਾ ਜਾ ਰਿਹਾ ਸੀ। ਦਿੱਲੀ ਦੇ ਸ਼ਾਹੀਨ ਬਾਗ ਵਿੱਚ ਛੋਟੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਇਸਤਰੀਆਂ ਨੇ ਦਿਨ ਰਾਤ ਦਾ ਸ਼ਾਂਤੀ ਪੂਰਨ ਧਰਨਾ ਪ੍ਰਦਰਸ਼ਨ ਆਰੰਭ ਕਰ ਦਿੱਤਾ ਸੀ। ਜਨਵਰੀ ਮਹੀਨੇ ਦੀਆਂ ਅੱਤ ਠੰਡੀਆਂ ਰਾਤਾਂ ਨੂੰ ਵਰ੍ਹਦੇ ਮੀਂਹ ਵਿੱਚ ਵੀ ਉਹ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਚੁੱਕੀਂ...ਪੱਖਪਾਤੀ ਨਾਗਰਿਕਤਾ ਸੋਧ ਕਾਨੂੰਨ ਨੂੰ ਵਾਪਸ ਕਰਾਉਣ ਲਈ ਸੰਘਰਸ਼ ਕਰ ਰਹੀਆਂ ਸਨ। ਦਿੱਲੀ ਪੁਲਿਸ ਉਨ੍ਹਾਂ ਨੂੰ ਤੰਗ-ਪਰੇਸ਼ਾਨ ਕਰ ਰਹੀ ਸੀ। ਅਜਿਹੇ ਮੁਸ਼ਕਲਾਂ ਭਰੇ ਸਮੇਂ ਦੇ ਪਲਾਂ ਵਿੱਚ ਮੁਲਵਾਨ ਕਲਾ ਕਿਰਤਾਂ-ਜਨਮ ਲੈਂਦੀਆਂ ਹਨ। ਦਿਨ-ਰਾਤ ਧਰਨਾ ਕਾਰੀਆਂ ਲਈ ਲਿਖੀਆਂ, ਉਹਨਾਂ ਦੇ ਦੁੱਖ-ਦਰਦ ਨੂੰ ਪ੍ਰਗਟ ਕਰਦੀਆਂ ਅਤੇ ਉਨ੍ਹਾਂ ਵਿੱਚ ਸੰਘਰਸ਼ ਕਰਨ ਲਈ ਜੋਸ਼ ਭਰਨ ਵਾਲੀਆਂ ਕਵਿਤਾਵਾਂ ਪੜ੍ਹੀਆਂ ਜਾ ਰਹੀਆਂ ਸਨ। ਸਮੂਹ ਗੀਤ ਗਾਏ ਜਾ ਰਹੇ ਸਨ। ਚਿਤਰਕਾਰ ਵਿਰੋਧਾਭਾਸ ਨੂੰ

ਚਿਤ੍ਰਿਤ ਕਰਦੀਆਂ ਕਲਾ ਕਿਰਤਾਂ ਬਣਾ ਰਹੇ ਸਨ। ਦੇਸ਼ ਦੇ ਦੂਰ-ਨੇੜੇ ਦੇ ਪ੍ਰਦੇਸ਼ਾਂ ਤੋਂ ਵਕੀਲ, ਡਾਕਟਰ, ਪ੍ਰੋਫੈਸਰ, ਬੁਧੀਜੀਵੀ, ਕਲਾਕਾਰ ਤੇ ਸਮਾਜ ਸੇਵੀ ਜੱਥੇਬੰਦੀਆਂ ਦੇ ਕਾਰਕੁਨ ਦਿੱਲੀ ਦੇ ਸ਼ਾਹੀਨ ਬਾਗ਼ ਵਿੱਚ ਆਉਂਦੇ ਰਹਿੰਦੇ ਸਨ ਤੇ ਸ਼ਾਂਤੀ-ਪੂਰਵਕ ਧਰਨਾ-ਪ੍ਰਦਰਸ਼ਨ ਕਰ ਰਹੀਆਂ ਇਸਤਰੀਆਂ ਦਾ ਹੌਸਲਾ ਵਧਾਉਂਦੇ ਰਹਿੰਦੇ ਸਨ।

ਅਗਲੇ ਹਫਤੇ ਸ਼ਿਵਾਲਿਕ ਕਾਲਿਜ, ਸੀਸਵਾਂ ਦਾ ਕਾਰਜਕਾਰੀ ਪ੍ਰਿ. ਡਾ. ਜੇ.ਐਸ.ਮਾਨ ਵੀ ਆਪਣੇ ਕਾਲਿਜ ਦੀ ਬੱਸ ਵਿਚ ਆਪਣੇ ਕਾਲਿਜ ਦੇ ਕੁਝ ਪ੍ਰੋਫੈਸਰਾਂ ਤੇ ਸਟੂਡੈਂਟਾਂ ਨੂੰ ਲੈ ਕੇ ਦਿੱਲੀ ਦੇ ਸ਼ਾਹੀਨ ਬਾਗ ਦੀਆਂ, ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਪ੍ਰਦਰਸ਼ਨ ਕਰ ਰਹੀਆਂ ਇਸਤਰੀਆਂ ਨੂੰ ਸਮਰਥਨ ਦੇਣ ਲਈ ਪਹੁੰਚ ਗਿਆ ਸੀ। ਪ੍ਰਿੰ. ਦੇ ਕਹਿਣ ਤੇ ਪ੍ਰੋ. ਪ੍ਰੋਮਿਲਾ ਨੇ ਧਰਨਾਕਾਰੀ ਇਸਤਰੀਆਂ ਨੂੰ ਐਡਰੈਸ ਕੀਤਾ, ਕਿਉਂਕਿ ਸ਼ਾਹੀਨ ਬਾਗ਼ ਵਿਚ ਚਲਦੇ ਧਰਨਾ ਪ੍ਰਦਰਸ਼ਨ ਨੂੰ ਸਮਰਥਨ ਦੇਣ ਲਈ ਦੂਰੋਂ-ਦੂਰੋਂ ਬਹੁਤ ਬੁਲਾਰੇ ਆਏ ਹੋਏ ਸਨ। ਇਸ ਕਰਕੇ ਪ੍ਰੋ. ਪ੍ਰੋਮਿਲਾ ਨੇ ਢਾਈ ਹਰਫੀ, ਸੰਖੇਪ ਗੱਲ ਕੀਤੀ, "ਸੰਵਿਧਾਨ ਦੇ ਆਰਟੀਕਲ 19 ਅਨੁਸਾਰ ਭਾਰਤ ਦੇ ਹਰ ਨਾਗਰਿਕ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਹੈ। ਆਪਣੇ ਇਸ ਹੱਕ ਦਾ ਇਸਤੇਮਾਲ ਕਰਦਿਆਂ ... ਸ਼ਿਵਾਲਿਕ ਕਾਲਿਜ, ਸੀਸਵਾਂ ਦੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਪੱਖਪਾਤੀ 'ਨਾਗਰਿਕਤਾ ਸੋਧ ਕਾਨੂੰਨ' ਨੂੰ ਵਾਪਿਸ ਕਰਵਾਉਣ ਲਈ...ਪੁਰ-ਅਮਨ, ਲੋਕਤੰਤਰੀ ਤਰੀਕੇ ਨਾਲ ਵਿਰੋਧ ਕੀਤਾ ਜਾਂਦਾ ਰਹੇਗਾ।" ਸੀਮਾ ਤੇ ਸਤਵੀਰ ਸਿੰਘ ਪ੍ਰੋ. ਪ੍ਰੋਮਿਲਾ ਨੂੰ ਮਜ਼ਾਕ ਵਿੱਚ ਪੁੱਛਣ ਲੱਗੇ, "ਮੈਡਮ ਜੀ! ਸੰਤ ਸੀਤਲ ਦਾਸ ਦੱਸਦੇ ਹੁੰਦੇ ਨੇ ਕਿ ਮੱਧਕਾਲ ਦੇ ਕਬੀਰ, ਰਵੀਦਾਸ, ਨਾਮਦੇਵ ਆਦਿ ਸੰਤ ਕਵੀਆਂ ਅਤੇ ਗੁਰੂਆਂ ਨੇ ਵਿਵਸਥਾ ਵਿਰੋਧੀ ਬਾਣੀ ਰਚੀ 'ਰਾਜੇ ਸੀਂਹ...ਮੁਕੱਦਮ ਕੁੱਤੇ', ਫਿਰ ਕੀ ਮੌਜੂਦਾ ਕਾਲ ਵਿੱਚ ਵੀ...ਆਪਣੀ ਗੱਲ ਕਹਿਣ ਲਈ...ਸੰਵਿਧਾਨ ਦੇ ਆਰਟੀਕਲ 19 ਦਾ ਸਹਾਰਾ ਲੈਣਾ ਪਵੇਗਾ..." ਏਨੇ ਨੂੰ ਪ੍ਰਿੰ. ਜੇ.ਐਸ. ਮਾਨ ਨੇ ਸਤਵੀਰ ਸਿੰਘ ਨੂੰ ਵੀ ਐਡਰੈੱਸ ਕਰਨ ਦਾ ਇਸ਼ਾਰਾ ਕਰ ਦਿੱਤਾ ਸੀ। ਅਵੇਸਲਾ ਬੈਠਾ ਸਤਵੀਰ ਸੰਭਲਿਆ, "ਅਸੀਂ ਸ਼ਿਵਾਲਿਕ ਕਾਲਿਜ ਦੇ ਵਿਦਿਆਰਥੀ, ਪ੍ਰਿੰਸੀਪਲ ਸਾਹਿਬ ਦੀ ਅਗਵਾਈ ਅਧੀਨ...ਦਿੱਲੀ ਦੇ ਸ਼ਾਹੀਨ ਬਾਗ ਵਿੱਚ ਚਲ ਰਹੇ ਸੀ.ਏ.ਏ. ਵਿਰੁੱਧ ਸੰਘਰਸ਼ ਨੂੰ ਨੇਪਰੇ ਚਾੜ੍ਹਨ ਤੱਕ ਇਸ ਵਿਚ ਵੱਧ ਚੜ੍ਹ ਕੇ ਭਾਗ ਲੈਂਦੇ ਰਹਾਂਗੇ। ਇਹ ਅਸੀਂ ਯਕੀਨ ਦੁਆਉਂਦੇ ਹਾਂ।"

ਤੇ ਹੁਣ ਹਰ ਐਤਵਾਰ ਨੂੰ ਸ਼ਿਵਾਲਿਕ ਕਾਲਿਜ, ਸੀਸਵਾਂ, ਨਿਊ ਚੰਡੀਗੜ੍ਹ ਦੇ ਕੁਝ ਪ੍ਰੋਫੈਸਰ ਤੇ ਵਿਦਿਆਰਥੀ, ਕਾਲਿਜ ਦੀ ਬੱਸ ਲੈ ਕੇ...ਦਿੱਲੀ ਦੇ ਸ਼ਾਹੀਨ ਬਾਗ ਦੇ ਪ੍ਰਦਰਸ਼ਨਕਾਰੀਆਂ ਨਾਲ ਮਿਲਕੇ...ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਅਵਾਜ਼ ਬੁਲੰਦ ਕਰਨ ਲਈ ਜਾਣ ਲੱਗ ਪਏ ਸਨ। ਪ੍ਰਦਰਸ਼ਨਕਾਰੀ ਇਸਤਰੀਆਂ ਦੱਸਦੀਆਂ ਕਿ 'ਉਹ ਆਪਣੇ ਕੰਮਾਂ-ਕਾਰਾਂ, ਸਟੱਡੀ, ਨੌਕਰੀਆਂ, ਕੋਰਸ ਆਦਿ ਛੱਡ ਕੇ ਪੂਰੇ ਜਾਂ ਅੱਧੇ ਦਿਨ ਤੇ ਰਾਤ ਲਈ...ਧਰਨਾ, ਪ੍ਰਦਰਸ਼ਨ ਵਿਚ ਭਾਗ ਲੈਣ ਲਈ ਜ਼ਰੂਰ ਆਉਂਦੀਆਂ ਹਨ। ਉਹ ਦੱਸਦੀਆਂ ਕਿ 'ਉਨ੍ਹਾਂ ਦੇ ਪੁਰਖੇ, ਸੈਂਕੜੇ, ਹਜ਼ਾਰਾਂ ਸਾਲਾਂ ਤੋਂ ਇਸ ਦੇਸ਼ ਵਿੱਚ ਰਹਿੰਦੇ ਆ ਰਹੇ ਹਨ...ਫਿਰ ਉਨ੍ਹਾਂ ਨੂੰ ਦੁਬਾਰਾ ਇਸ ਦੇਸ਼ ਦੀ ਨਾਗਰਿਕਤਾ ਸਾਬਤ ਕਰਨ ਲਈ ਕਿਉਂ ਕਿਹਾ ਜਾ ਰਿਹਾ ਹੈ? ਤੇ ਹੁਣ ਉਨ੍ਹਾਂ ਦਾ ਇਹ ਸੰਘਰਸ਼ ...ਪੱਖਪਾਤ ਪੂਰਨ ਨਾਗਰਿਕਤਾ ਸੋਧ ਕਾਨੂੰਨ ਵਾਪਸ ਕਰਵਾਉਣ ਤੱਕ...ਜਾਰੀ ਰਹੇਗਾ।' ਦਿਲੀ ਦੀ ਪੁਲਿਸ ਉਨ੍ਹਾਂ ਨੂੰ ਤੰਗ ਕਰਨਾ...ਕਰਦੀ ਰਹੇ।

ਭਾਵੇਂ ਸ਼ਿਵਾਲਿਕ ਕਾਲਿਜ, ਸੀਸਵਾਂ ਦੀਆਂ ਹੋਰ ਕੁੜੀਆਂ ਵੀ...ਸ਼ਾਹੀਨ ਬਾਗ ਦੀਆਂ ਪ੍ਰਦਰਸ਼ਨਕਾਰੀ ਇਸਤਰੀਆਂ ਦੀਆਂ ਅਖਾਂ ਵਿੱਚ...ਉਹਨਾਂ ਦੀ ਨਾਗਰਿਕਤਾ ਖੁੱਸ ਜਾਣ ਦੇ ਡਰ ਤੇ ਭੈ ਨੂੰ ਦੇਖਦਿਆਂ... ਉਹਨਾਂ ਦੇ ਦੁੱਖ ਵਿੱਚ ਦੁੱਖੀ ਹੁੰਦੀਆਂ ਸਨ। ਪਰ ਉਹਨਾਂ ਦੇ ਕਾਲਿਜ ਦੀ ਕੁੜੀ ਸੀਮਾ ਦੀਆਂ ਅੱਖਾਂ ਵਿੱਚ ਤਾਂ ਜਿਵੇਂ ਪ੍ਰਦਰਸ਼ਨਕਾਰੀ ਇਸਤਰੀਆਂ ਦੀਆਂ ਅੱਖਾਂ ਵਿਚਲੀ ਅਨਿਸ਼ਚਤਤਾ, ਡਰ, ਭੈਅ ਤੇ ਸਹਿਮ...ਸਦਾ-ਸਦਾ ਲਈ ਸਮਾ ਗਿਆ ਸੀ। ਉਹ ਤਾਂ ਕਾਲਿਜ ਵਿਚ ਵੀ ਭੈ-ਭੀਤ ਹੋਈ ਬੈਠੀ ਰਹਿੰਦੀ ਸੀ।

ਹੁਣ ਤਾਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਹੋਰ ਸਟੇਟਾਂ ਦੇ ਨਾਲ-ਨਾਲ ਪੰਜਾਬ ਦੇ ਮਲੇਰ ਕੋਟਲਾ, ਲੁਧਿਆਣਾ, ਅੰਮ੍ਰਿਤਸਰ, ਸਮਾਣਾ ਆਦਿ ਸ਼ਹਿਰਾਂ ਵਿੱਚ ਵੀ ਦਿਨ ਰਾਤ ਦੇ ਧਰਨਾ ਪ੍ਰਦਰਸ਼ਨ ਸ਼ੁਰੂ ਹੋ ਚੁੱਕੇ ਸਨ। ਧਰਨਿਆਂ ਵਿਚ ਐਲਾਨ ਕੀਤਾ ਜਾਂਦਾ ਕਿ...ਜਦ ਤੱਕ ਭਾਰਤ ਦੇ ਨਾਗਰਿਕਾਂ ਨੂੰ ਧਰਮ ਦੇ ਆਧਾਰ ਉੱਤੇ ਆਪਸ ਵਿੱਚ ਵੰਡਣ ਵਾਲਾ ਨਾਗਰਿਕਤਾ ਸੋਧ ਕਾਨੂੰਨ ਵਾਪਸ ਨਹੀਂ ਲਿਆ ਜਾਂਦਾ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ...ਸਗੋਂ ਹੋਰ ਤਿੱਖਾ ਹੁੰਦਾ ਚਲਿਆ ਜਾਵੇਗਾ। ਸੀ.ਏ.ਏ. ਵਿਰੁੱਧ ਸ਼ੁਰੂ ਹੋਏ ਸੰਘਰਸ਼ ਵਿੱਚ, ਸਤਵੀਰ ਸਿੰਘ, ਨਵਾਂ ਵਿਦਿਆਰਥੀ ਆਗੂ ਉਭਰਕੇ ਸਾਹਮਣੇ ਆਇਆ ਸੀ। ਜਿਉਂ-ਜਿਉਂ ਪੰਜਾਬ ਵਿੱਚ ਸੀ.ਏ.ਏ. ਵਿਰੁੱਧ ਧਰਨਾ ਪ੍ਰਦਰਸ਼ਨ ਕਰਨ ਵਾਲੇ ਸ਼ਹਿਰਾਂ ਦੀ ਗਿਣਤੀ ਵੱਧਦੀ ਜਾਂਦੀ ਸੀ, ਤਿਉਂ-ਤਿਉਂ ਸਤਵੀਰ ਸਿੰਘ ਨਾਲ ਉਹਦੇ ਕਾਲਿਜ ਤੋਂ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੀ ਵੱਧਦੀ ਜਾਂਦੀ ਸੀ। ਹੁਣ ਉਹ ਹਰ ਛੁੱਟੀ ਵਾਲੇ ਦਿਨ ਕਾਲਿਜ ਦੀਆਂ ਇਕ ਦੀ ਥਾਂ ਦੋ ਬੱਸਾਂ ਲੈਕੇ ਕਦੇ ਦਿੱਲੀ ਦੇ ਸ਼ਾਹੀਨ ਬਾਗ ਜੇ.ਐਨ.ਯੂ., ਜਾਮੀਆ ਮਿਲੀਆ ਯੂਨੀਵਰਸਿਟੀ ਕਦੇ ਲੁਧਿਆਣੇ ਮਲੇਰਕੋਟਲੇ ਆਦਿ ਸ਼ਹਿਰਾਂ ਵਿੱਚ ਚਲ ਰਹੇ ਸੀ.ਏ.ਏ. ਵਿਰੁੱਧ ਸੰਘਰਸ਼ ਵਿਚ ਭਾਗ ਲੈਣ ਲਈ ਜਾਣ ਲੱਗ ਪਏ ਸਨ।

ਪਰ ਕਾਲਿਜ ਦੇ ਕੁਝ ਵਿਦਿਆਰਥੀ ਉਨ੍ਹਾਂ ਦਾ ਅੰਦਰੋਗਤੀ ਵਿਰੋਧ ਕਰਨ ਲੱਗ ਪਏ ਸਨ। ਉਹ ਕੁਝ ਪ੍ਰੋਫੈਸਰਾਂ ਦੀ ਦਿੱਤੀ ਹੋਈ ਦਲੀਲ ਦਿੰਦੇ ਕਿ ਸਾਡੇ ਕਾਲਿਜ ਦੇ ਪ੍ਰਿੰਸੀਪਲ ਸਟਾਫ ਤੇ ਸਟੂਡੈਂਟਾਂ ਨੇ ਸੀ.ਏ.ਏ. ਵਿਰੁੱਧ ਪੰਜਾਬ ਯੂਨੀਵਰਸਿਟੀ ਤੋਂ ਸੈਕਟਰ-17 ਦੇ ਪਲਾਜਾ ਤੱਕ ਰੋਸ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਕੀਤੀ। ਫਿਰ ਪ੍ਰਿੰ. ਡਾ. ਜੇ.ਐਸ. ਮਾਨ ਸਟਾਫ਼ ਤੇ ਸਟੂਡੈਂਟਾਂ ਨੂੰ ਲੈ ਕੇ ਦਿੱਲੀ ਦੇ ਸ਼ਾਹੀਨ ਬਾਗ ਵਿਚ ਇਸਤਰੀਆਂ ਵਲੋਂ ਆਰੰਭ ਕੀਤੇ ਦਿਨ, ਰਾਤ ਦੇ ਰੋਸ ਪ੍ਰਦਰਸ਼ਨ ਵਿਚ ਸ਼ਾਮਲ ਹੋਏ, ...ਜਿਸਦਾ ਜ਼ਿਕਰ ਅਖਬਾਰਾਂ ਵਿੱਚ ਛਪਿਆ ਤੇ ਵੀਡਿਓਜ਼ ਵੀ ਬਣਾਈਆਂ ਗਈਆਂ। ...ਤੇ ਹੁਣ ਕੁਝ ਸਿਰ ਫਿਰੇ ਸਟੂਡੈਂਟਾਂ ਦਾ...ਕਾਲਿਜ ਦੇ ਵਿਦਿਆਰਥੀਆਂ ਤੇ ਵਿਦਿਆਰਥਣਾਂ ਨੂੰ ਕਾਲਿਜ ਦੀਆਂ ਬੱਸਾਂ ਵਿੱਚ...ਹਰ ਹਫ਼ਤੇ ਸੀ.ਏ.ਏ., ਵਿਰੁੱਧ ਪ੍ਰਦਰਸ਼ਨਾਂ ਵਿੱਚ ਲੈ ਕੇ ਜਾਣ ਦਾ ਕੀ ਮਤਲਬ ਹੋਇਆ?

ਸੀ.ਏ.ਏ. ਵਿਰੋਧੀ ਪ੍ਰਦਰਸ਼ਨ ਵਿਚ ਜਾਣ ਵਾਲੇ ਵਿਦਿਆਰਥੀਆਂ ਦੀ ਅਗਵਾਈ ਕਰਨ ਵਾਲੇ ਸਤਵੀਰ ਸਿੰਘ, ਸੀਮਾ ਆਦਿ...ਉਹਨਾਂ ਨਾਲ ਜਾਣ ਵਾਲੇ ਵਿਦਿਆਰਥੀਆਂ ਨੂੰ ਸਮਝਾਉਂਦੇ ਕਿ 'ਸਾਨੂੰ ਵਿਵਾਦਿਤ ਨਾਗਰਿਕਤਾ ਸੋਧ ਕਾਨੂੰਨ ਨੂੰ ਵਾਪਸ ਕਰਾਉਣ ਲਈ...ਲੰਬਾ ਸੰਘਰਸ਼ ਕਰਨ ਲਈ ਤਿਆਰ ਰਹਿਣਾ ਚਾਹੀਦਾ ਏ। ...ਜਿਵੇਂ ਕਿ ਕੁਝ ਵਿਦਿਆਰਥੀ ਕਹਿੰਦੇ ਨੇ...ਸੰਕੇਤਕ ਧਰਨੇ-ਮੁਜ਼ਾਹਰਿਆਂ ਨਾਲ ਕੁਝ ਵੀ ਹਾਸਿਲ ਹੋਣ ਵਾਲਾ ਨਹੀਂ।' ਪਰ ਜੇ ਕੁਝ ਪ੍ਰੋਫੈਸਰ ਉਨ੍ਹਾਂ ਨੂੰ ਅੰਦਰ ਖਾਤੇ ਰੋਕਣ ਦੀ ਕੋਸ਼ਿਸ਼ ਕਰਦੇ

ਸਨ...ਤਾਂ ਉਨ੍ਹਾਂ ਨੂੰ ਸਹਿਯੋਗ ਦੇਣ ਵਾਲੇ ਪ੍ਰੋਫੈਸਰ ਵੀ ਉਨ੍ਹਾਂ ਨਾਲ ਖੜ੍ਹੇ ਸਨ, ਪਰ ਰੋਸ ਪ੍ਰਦਰਸ਼ਨ ਵਿਚ ਜਾਣ ਵਾਲੇ ਵਿਦਿਆਰਥੀਆਂ ਕੋਲੋਂ ਕਾਲਿਜ ਮੈਨੇਜਮੈਂਟ ਵਲੋਂ ਬੱਸਾਂ ਵਾਪਸ ਲੈਣ ਤੇ ਅੰਦਰੂਨੀ ਵਿਰੋਧ ਕਰਕੇ...ਉਨ੍ਹਾਂ ਨਾਲ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਹਰ ਹਫ਼ਤੇ ਘਟਦੀ ਜਾ ਰਹੀ ਸੀ।

ਜਦੋਂ ਤੋਂ ਕਾਰਜਕਾਰੀ ਪ੍ਰਿੰ. ਜੇ.ਐਸ. ਮਾਨ. ਕਾਲਿਜ ਦੀ ਪ੍ਰਬੰਧਕੀ ਕਮੇਟੀ ਨੇ ਨਵੇਂ ਬਣੇ ਸਰਕਾਰ ਪੱਖੀ ਪ੍ਰਧਾਨ ਦੇ ਘਰ ਜਾਣ ਲਗਿਆ ਸੀ, ਉਹਦੇ ਕਾਲਿਜ ਵਿਚ ਵਿਚਰਨ ਦੇ ਤੌਰ ਤਰੀਕੇ ਹੀ ਬਦਲ ਗਏ ਸਨ। ਕਾਲਿਜ ਵਿੱਚ ਤਣਾਅਪੂਰਨ ਮਾਹੌਲ ਬਣਦਾ ਜਾ ਰਿਹਾ ਸੀ। ਵਿਦਿਆਰਥੀ ਵਿਹਲੇ ਸਮੇਂ ਵਿੱਚ, ਕਾਲਿਜ ਦੇ ਮੇਨ ਗੇਟ ਤੋਂ ਬਾਹਰਲੇ ਪਾਰਕ ਵਿੱਚ, ਨਾਗਰਿਕਤਾ ਸੋਧ ਕਾਨੂੰਨ ਤੇ ਹੋਰ ਵੱਖ-ਵੱਖ ਵਿਸ਼ਿਆਂ ਉਤੇ ਵਿਚਾਰ ਚਰਚਾ ਕਰਨ ਲਈ ਜਾ ਖੜ੍ਹਦੇ ਸਨ। ਵਿਹਲੇ ਪੀਰੀਅਡ ਵਿਚ ਕੋਈ ਪ੍ਰੋਫੈਸਰ ਵੀ ਆਪਣੇ ਪੜ੍ਹਾਏ ਜਾਂਦੇ ਵਿਸ਼ੇ ਤੇ ਹੋਰ ਵਿਸ਼ਿਆਂ ਬਾਰੇ ਗੱਲ-ਬਾਤ ਕਰਨ ਲਈ ਜਾ ਖੜ੍ਹਦਾ ਸੀ। ਪਰ ਅੱਜ ਕਲ੍ਹ ਗੇਟ ਤੋਂ ਬਾਹਰਲੇ ਪਾਰਕ ਵਿਚ ਖੜ੍ਹਨ ਵਾਲੇ ਵਿਦਿਆਰਥੀਆਂ ਨੂੰ ਕਾਲਿਜ ਵਿਚ ਬਦ-ਅਮਨੀ ਫੈਲਾਉਣ ਵਾਲੇ ਵਿਦਿਆਰਥੀ ਕਿਹਾ ਜਾਣ ਲੱਗ ਪਿਆ ਸੀ। ਪ੍ਰੋ. ਪ੍ਰੋਮਿਲਾ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗੀ। ਉਹਨੇ ਇਕ ਦਿਨ ਕਾਲਿਜ ਤੋਂ ਬਾਹਰਲੇ ਪਾਰਕ ਵਿਚ ਜਾ ਕੇ ਵਿਦਿਆਰਥੀਆਂ ਦੁਆਰਾ ਕੀਤੇ ਜਾਂਦੇ ਵਿਚਾਰ-ਵਟਾਂਦਰੇ ਨੂੰ ...ਬਦ-ਅਮਨੀ ਫੈਲਾਉਣ ਦੀ ਥਾਂ...'ਪ੍ਰਗਟਾਵੇ ਦੀ ਆਜ਼ਾਦੀ' ਦਾ ਨਾਂ ਦੇ ਦਿੱਤਾ ਸੀ। ...ਹੁਣ ਪ੍ਰਿੰਸੀਪਲ ਪੱਖੀ ਕੁਝ ਪ੍ਰੋਫੈਸਰ ਵੀ ਸੀ.ਏ.ਏ. ਵਿਰੁੱਧ ਪ੍ਰਦਰਸ਼ਨਾਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਦੇ ਖੁੱਲ੍ਹ ਕੇ ਵਿਰੋਧ ਵਿਚ ਆ ਗਏ ਸਨ। ਕਾਲਿਜ਼ ਦੇ ਨੋਟਿਸ ਬੋਰਡ ਉੱਤੇ ਲੱਗਿਆ ਇਕ ਨੋਟਿਸ ਪੜ੍ਹਕੇ ਵਿਦਿਆਰਥੀ ਹੈਰਾਨ ਹੋ ਰਹੇ ਸਨ 'ਸਤਵੀਰ ਸਿੰਘ...ਕੁਝ ਵਿਦਿਆਰਥੀਆਂ ਨੂੰ ਲੈ ਕੇ...ਕਾਲਿਜ ਵਿਚ ਬਦ-ਅਮਨੀ ਫੈਲਾਉਣ ਸਬੰਧੀ ਇਕ ਹਫ਼ਤੇ ਵਿਚ ਆਪਣੀ ਸਥਿਤੀ ਸਪਸ਼ਟ ਕਰੇ। ਨਹੀਂ ਤਾਂ...'

ਪ੍ਰੋ. ਪ੍ਰੋਮਿਲਾ ਵੀ ਚੁੱਪ ਕਿਵੇਂ ਬਹਿ ਸਕਦੀ ਸੀ। ਉਹਨੇ ਕਾਰਜਕਾਰੀ ਪ੍ਰਿੰ. ਡਾ. ਜੇ.ਐਸ. ਮਾਨ ਨੂੰ ਬੇਨਤੀ ਕੀਤੀ "ਸੰਵਿਧਾਨ ਦਾ ਆਰਟੀਕਲ-19" ਭਾਰਤ ਦੇ ਨਾਗਰਿਕਾਂ ਨੂੰ ਸ਼ਾਂਤੀ ਪੂਰਨ ਇਕੱਤਰ ਹੋ ਕੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਦਿੰਦਾ ਹੈ। ਸੋ ਕਾਲਿਜ ਦੇ ਵਿਦਿਆਰਥੀਆਂ ਤੋਂ ਖੋਹੀ ਹੋਈ...ਉਹਨਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਮੁੜ ਬਹਾਲ ਕੀਤੀ ਜਾਵੇ।"

ਐਤਵਾਰ ਨੂੰ ਵਿਦਿਆਰਥੀਆਂ ਨੇ ਇੱਕਤਰ ਹੋ ਕੇ 'ਨਾਗਰਿਕਤਾ ਸੋਧ ਕਾਨੂੰਨ' ਵਿਰੁੱਧ ਲੁਧਿਆਣਾ, ਮਲੇਰਕੋਟਲਾ ਤੇ ਦਿੱਲੀ ਸ਼ਾਹੀਨ ਬਾਗ ਵਿੱਚ ਕੀਤੇ ਜਾ ਰਹੇ ਪੁਰ-ਅਮਨ ਪ੍ਰਦਰਸ਼ਨ ਵਿਚ ਭਾਗ ਲੈਣ ਲਈ ਜਾਣਾ ਸੀ, ਪਰ ਸ਼ਨੀਵਾਰ ਹੀ ਕਾਲਿਜ ਦੀ ਪ੍ਰਬੰਧਕੀ ਕਮੇਟੀ ਨੇ, ਕਾਲਿਜ ਦੇ ਸਟਾਫ਼ ਦੀ ਮੀਟਿੰਗ ਸੱਦ ਲਈ ਸੀ। ਮੀਟਿੰਗ ਦਾ ਏਜੰਡਾ ਲੰਮੀ ਬਿਮਾਰੀ ਕਾਰਨ ਪ੍ਰਿੰਸੀਪਲ ਐਸ. ਸ਼ੁਕਲਾ ਦੇ ਦਿੱਤੇ ਅਸਤੀਫੇ ਕਾਰਨ, ਪ੍ਰਿੰਸੀਪਲ ਦੀ ਖਾਲੀ ਹੋਈ ਪੋਸਟ ਉਤੇ ਨਿਯੁਕਤੀ ਕਰਨਾ ਸੀ।

ਕਾਲਿਜ ਦੀ ਪ੍ਰਬੰਧਕੀ ਕਮੇਟੀ ਦਾ ਨਵ-ਨਿਯੁਕਤ ਪ੍ਰਧਾਨ ਦੱਸ ਰਿਹਾ ਸੀ, "ਕਾਲਿਜ ਦੇ ਬਹੁ-ਗਿਣਤੀ ਸਟਾਫ ਵੱਲੋਂ ਪ੍ਰੋ. ਪ੍ਰੋਮਿਲਾ ਨੂੰ ਆਪਣੇ ਵਿਸ਼ੇ ਦੀ ਮਾਹਿਰ, ਨਿਰਪੱਖ, ਨਿਧੜਕ ਤੇ ਕੁਸ਼ਲ ਪ੍ਰਬੰਧਕ ਹੋਣ ਕਰਕੇ, ਕਾਲਿਜ ਦੀ ਪ੍ਰਿੰਸੀਪਲ ਨਿਯੁਕਤ ਕਰਨ

ਦੀ ਸਿਫ਼ਾਰਸ਼ ਕੀਤੀ ਗਈ ਹੈ। ਪ੍ਰਬੰਧਕ ਕਮੇਟੀ ਕੋਲ ਕਾਲਿਜ ਤੋਂ ਬਾਹਰੋਂ ਕਿਸੇ ਪ੍ਰਤਿਭਾਸ਼ਾਲੀ ਪ੍ਰੋਫੈਸਰ ਨੂੰ ਕਾਲਿਜ ਦਾ ਪ੍ਰਿੰ. ਬਣਾਏ ਜਾਣ ਦਾ ਵਿਕਲਪ ਵੀ ਹੈ। ...ਪਰ ਨਾਗਰਿਕਤਾ ਸੋਧ ਕਾਨੂੰਨ' ਹੋਂਦ ਵਿੱਚ ਆਉਣ ਨਾਲ ... ਸਥਿਤੀ ਬਦਲ ਗਈ ਹੈ।" ਪ੍ਰਧਾਨ ਜੀ ਦੱਸਣ ਲੱਗੇ, "ਪਰ ਕਾਰਜਕਾਰੀ ਪ੍ਰਿੰ. ਡਾ. ਜੇ.ਐਸ. ਮਾਨ ਨੇ ਕਾਲਿਜ ਵਿਚ ਫੈਲੀ ਬਦਅਮਨੀ ਉਤੇ ਜਿਸ ਕੁਸ਼ਲਤਾ ਨਾਲ ਕਾਬੂ ਪਾਇਆ ਹੈ, ਉਹਦੀ ਸ਼ਲਾਘਾ ਕਰਨੀ ਬਣਦੀ ਹੈ। ਇਸੇ ਲਈ ਹੀ ਡਾ. ਜੇ.ਐਸ.ਮਾਨ ਨੂੰ ਕਾਲਿਜ ਦਾ ਪ੍ਰਿੰ. ਨਿਯੁਕਤ ਕੀਤਾ ਜਾਂਦਾ ਹੈ।" ਤੇ ਪ੍ਰਧਾਨ ਨੇ ਡਾ. ਜੇ.ਐਸ. ਮਾਨ ਦਾ ਮੂੰਹ ਮਿੱਠਾ ਕਰਵਾਕੇ ਉਹਨੂੰ ਤਾੜੀਆਂ ਦੀ ਗੜ-ਗੜਾਹਟ ਵਿੱਚ ਪ੍ਰਿੰਸੀਪਲ ਦੀ ਖਾਲੀ ਪਈ ਕੁਰਸੀ ਉੱਤੇ ਬਿਠਾ ਦਿੱਤਾ ਸੀ। ਪਰ ਇਹ ਤਾੜੀਆਂ ਦੇ ਸ਼ੋਰ ਨੇ ਪ੍ਰੋ. ਪ੍ਰੋਮਿਲਾ ਦਾ ਮਨ ਡੋਲਣ ਲਾ ਦਿੱਤਾ ਸੀ।

ਨਵ-ਨਿਯੁਕਤ ਪ੍ਰਿੰ. ਡਾ. ਜੇ.ਐਸ.ਮਾਨ ਨੇ ਪ੍ਰੋ. ਪ੍ਰੋਮਿਲਾ ਦੀ 'ਵਿਦਿਆਰਥੀਆਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੇਣ ਦੀ ਅਪੀਲ...' ਭਰੀ ਸਭਾ ਵਿੱਚ ਰੱਦ ਕਰ ਦਿੱਤੀ ਸੀ। ਪ੍ਰੋ. ਪ੍ਰੋਮਿਲਾ ਨੂੰ ਡਾਢਾ ਦੁੱਖ ਹੋਇਆ ਸੀ ਕਿ ਕਲਾਸਾਂ ਵਿੱਚ ਭਾਰਤੀ ਸੰਵਿਧਾਨ ਦਾ ਪ੍ਰਗਟਾਵੇ ਦੀ ਆਜ਼ਾਦੀ ਦਾ ਆਰਟੀਕਲ-19, ਪੜ੍ਹਾਉਣ ਵਾਲਾ...ਕੋਈ ਵੀ ਪ੍ਰੋਫੈਸਰ ਉਹਦੇ ਨਾਲ ਨਹੀਂ ਖੜ੍ਹਿਆ ਸੀ। ਉਹ ਨੂੰ ਆਪਣੇ-ਆਪ ਤੋਂ ਗਲਾਜਤ ਹੋਣ ਲੱਗੀ ਕਿ ਉਹ ਵਿਦਿਆਰਥੀਆਂ ਤੋਂ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਖੋਹਣ ਵਾਲੀ ... ਇਸ ਪਾਰਟੀ ਵਿਚ ਬੈਠੀ ਹੀ ਕਿਉਂ ਹੈ ? ਉਹਨੇ ਪਲੇਟ ਵਿੱਚੋਂ ਖਾਣ ਲਈ ਚੁਕਿਆ ਬਰਫ਼ੀ ਦਾ ਟੁਕੜਾ ... ਮੁੜ ਪਲੇਟ ਵਿਚ ਰੱਖ ਦਿੱਤਾ ... ਤੇ ਇਕ ਕਾਗਜ਼ ਦੇ ਟੁਕੜੇ ਤੇ ਲਿਖਿਆ..."ਮੈਂ ਵਿਦਿਆਰਥੀਆਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਦਿਵਾਉਣ ਵਿਚ ਅਸਮਰਥ ਰਹਿਣ ਕਰਕੇ... ਆਪਣੀ ਰਾਜਨੀਤੀ ਸ਼ਾਸਤਰ ਦੀ ਪ੍ਰੋਫੈਸਰ ਦੀ ਪੋਸਟ ਤੋਂ ਅਸਤੀਫਾ ਦਿੰਦੀ ਹਾਂ।"

ਸਤਵੀਰ ਅਤੇ ਸੀਮਾ ਕਾਲਿਜ ਦੇ ਗੇਟ ਉੱਤੇ ਖੜ੍ਹੇ ਉਡੀਕ ਰਹੇ ਸਨ ਕਿ ਉਨ੍ਹਾਂ ਦੀ ਚਹੇਤੀ ਪ੍ਰੋ. ਪ੍ਰੋਮਿਲਾ ਉਹਨਾਂ ਲਈ ... ਉਹਨਾਂ ਦੀ ਖੋਹੀ ਪ੍ਰਗਟਾਵੇ ਦੀ ਆਜ਼ਾਦੀ ਨੂੰ ਮੁੜ ਬਹਾਲ ਕਰਨ ਦਾ ... ਸ਼ੁਭ ਸਮਾਚਾਰ ਲੈ ਕੇ ਆਵੇਗੀ। ਪਰ ਪ੍ਰੋ. ਪ੍ਰੋਮਿਲਾ ਦਾ ਉਤਰਿਆ ਹੋਇਆ ਚਿਹਰਾ ਦੇਖ ਕੇ ... ਉਹ ਸਮਝ ਗਏ ਸਨ। ਸਤਵੀਰ ਸਿੰਘ ਨੂੰ ਕਾਲਿਜ ਵਿਚੋਂ ਕੱਢੇ ਜਾਣ ਬਾਰੇ ਦੱਸਕੇ ... ਪ੍ਰੋਮਿਲਾ ਹੱਥ ਹਿਲਾਉਂਦੀ ਹੋਈ ... ਕਾਰ ਸਟਾਰਟ ਕਰਕੇ ਚਲੀ ਗਈ ਸੀ। ਸਤਵੀਰ, ਸੀਮਾ ਵੱਲ ਮੁੜਕੇ ਦੇਖਣ ਦਾ ਹੌਂਸਲਾ ਨਾ ਕਰ ਸਕਿਆ ... ਮੋਟਰ ਸਾਇਕਲ ਤੇ ਬਹਿ ਕੇ ਕਾਲਿਜ ਦਾ ਗੇਟ ਟੱਪ ਗਿਆ ਸੀ।

ਸੀਮਾ ਹੌਲੀ-ਹੌਲੀ ਤੁਰਦੀ, ਉਹਦੇ ਪਿੰਡਾਂ ਵੱਲ ਜਾਣ ਵਾਲੀ ਕਾਲਿਜ-ਬੱਸ ਵਿਚ ਬਹਿ ਗਈ। ਕਾਲਿਜ ਦੇ ਗੇਟ ਤੋਂ ਬਾਹਰਲਾ 'ਮੀਟਿੰਗ-ਪਲੇਸ' ਜੀਹਨੂੰ 'ਨਾਗਰਿਕਤਾ ਸੋਧ ਕਾਨੂੰਨ' ਵਿਰੁੱਧ ਧਰਨਾ ਪ੍ਰਦਰਸ਼ਨਾਂ ਵਿਚ ਜਾਣ ਵਾਲੇ ਵਿਦਿਆਰਥੀ 'ਮਿੰਨੀ ਸ਼ਾਹੀਨ ਬਾਗ' ਕਹਿੰਦੇ ਹੁੰਦੇ ਸਨ... ਬੱਸ ਦੇ ਸਪੀਡ ਫੜਨ ਨਾਲ ... ਪਿਛੇ ਛੁੱਟਦਾ ਜਾ ਰਿਹਾ ਸੀ। ... ਤੇ ਦਿੱਲੀ ਦੇ ਸ਼ਾਹੀਨ ਬਾਗ ਵਿੱਚ...ਘੱਟ ਗਿਣਤੀ ਵਿਰੋਧੀ ਸੀ.ਏ.ਏ. ਵਿਰੁੱਧ ਪ੍ਰਦਰਸ਼ਨ ਕਰ ਰਹੀਆਂ ਇਸਤਰੀਆਂ ਦੀਆਂ ਡਰੀਆਂ ਸਹਿਮੀਆਂ...ਉਹਦਾ ਪਿੱਛਾ ਕਰਦੀਆਂ ਅੱਖਾਂ...ਜਿਵੇਂ ਉਹਨੂੰ ਤਿੱਖੇ ਤੀਰਾਂ ਨਾਲ ਵਿੰਨ੍ਹ ਰਹੀਆਂ ਸਨ। ... ਉਨ੍ਹਾਂ ਲਈ ਕੁਝ ਨਾ ਕਰ ਸਕਣ ਦੀਆਂ ਭਾਵਨਾਵਾਂ ਨਾਲ ਪਰੁੰਨੀ ... ਉਹ ਘਰ ਜਾ ਕੇ ... ਪਿਛਲੀ ਕੋਠੜੀ ਵਿੱਚ ਘਾਇਲ ਹਿਰਨੀ

ਵਾਂਗ ... ਜਾ ਡਿੱਗੀ ਸੀ।

ਸੀਮਾ ਦਾ ਮਨ ਰੂਪੀ ਪੰਛੀ ... ਜਿਵੇਂ ਪਿੰਡ ਬਹਾਲਪੁਰ ਤੋਂ ਉਡਕੇ... ਸੀਸਵਾਂ ਦੇ ਸ਼ਿਵਾਲਿਕ ਕਾਲਿਜ ਤੇ ਫਿਰ ਲੁਧਿਆਣਾ, ਮਾਨਸਾ, ਮਲੇਰਕੋਟਲਾ ਤੋਂ ਦਿੱਲੀ ਦੇ ਸ਼ਾਹੀਨ ਬਾਗ ਪਹੁੰਚ ਗਿਆ ਸੀ। ਤੇ ਫਿਰ ਉਥੋਂ ਜ਼ਖਮੀ ਹੋ ਕੇ ਫੜ-ਫੜਾਉਂਦਾ ਹੋਇਆ ਵਾਪਸ ਬਹਾਲਪੁਰ ਪਿੰਡ ਵਿੱਚ ਉਹਨਾਂ ਦੇ ਘਰ ਦੀ ਪਿਛਲੀ ਕੋਠੜੀ ਵਿੱਚ ਆ ਡਿਗੀਆ ਸੀ। ਉਹਦੇ ਮਨ ਉਤੇ ਹੋਇਆ ਜਖ਼ਮ ਏਨਾ ਗਹਿਰਾ ਸੀ ... ਕਿ ਉਹਨੂੰ ਆਪਣੇ ਆਪ ਦਾ ਕੋਈ ਪਤਾ ਨਹੀਂ ਸੀ। ਉਹ ਨਾ ਤਾਂ ਕੁੱਝ ਖਾਂਦੀ-ਪੀਂਦੀ ਸੀ ਤੇ ਨਾ ਹੀ ਕਿਸੇ ਨਾਲ ਬੋਲਦੀ ਸੀ। ਬੂਹਾ ਬੰਦ ਕਰਕੇ ਮੰਜੇ ਉੱਤੇ ਪਈ ਸੀ।

ਜਦ ਸੀਮਾ ਖਾਣਾ-ਪੀਣਾ ਛੱਡ ਬੈਠੀ ਸੀ, ਤਾਂ ਉਹਦੀ ਮੰਮੀ ਪਾਲੋ ਦਾ ਭਲਾ ਖਾਣ-ਪੀਣ ਨੂੰ ਕੀ ਮਨ ਕਰਨਾ ਸੀ? ਪਰ ਮੁਹੱਲੇ ਦੀਆਂ ਤੀਵੀਆਂ ਨੂੰ ਉਹਨਾਂ ਦੇ ਘਰ ਵਿਚ ਦਖ਼ਲ ਅੰਦਾਜ਼ੀ ਕਰਨ ਦਾ ਜਿਵੇਂ ਮਸਾਂ ਮੌਕਾ ਮਿਲਿਆ ਸੀ।

"ਕੁੜੇ ਕੁੜੀ ਨਾਲ ਗੱਲ ਤਾਂ ਕਰਵਾ ... ਸਵੇਰੇ ਚੰਗੀ ਭਲੀ ਕਾਲਜ ਨੂੰ ਤਿਆਰ ਹੋ ਕੇ ਗਈ ... ਆਉਂਦੀ ਨੂੰ ਈ ਕਿਆ ਹੋ ਗਿਐ ... ਮੈਨੂੰ ਲਗਦਾ ਕੁੜੀ ਓਪਰੀ ਕਸਰ ਵਿਚ ਆਈ ਹੋਈ ਐ?"

"ਬੇਬੇ ਜੀ! ... ਬਥੇਰਾ ਜ਼ੋਰ ਲਾ ਲਿਆ ... ਮੂੰਹੋਂ ਬੋਲਦੀ ਨੀ ਹੈਗੀ।" ਪਾਲੋ ਐਨੀ ਗੱਲ ਆਖ ਅੰਦਰ ਵੜ ਜਾਂਦੀ।

ਤੀਵੀਆਂ ਆਨੀਂ-ਬਹਾਨੀਂ ਉਨ੍ਹਾਂ ਦੇ ਘਰ ਮੂਹਰੇ ਨੂੰ ਲੰਘਦੀਆਂ ਤੇ ਅੱਗੇ ਜਾ ਕੇ ਟੋਲਾ ਬਣਾ ਕੇ ਖੜ ਜਾਂਦੀਆਂ। ਪਰ ਉਨ੍ਹਾਂ ਦੀ ਗੁਆਂਢਣ ਪੂਰੋ ਬੋਲਣ ਲੱਗੀ ਅੱਗਾ ਪਿੱਛਾ ਨਹੀਂ ਸੀ ਦੇਖਦੀ। ਉਹ ਦੂਰੋਂ ਹੀ ਪਾਲੋ ਦੇ ਘਰ ਵੱਲ ਉਂਗਲੀ ਖੜੀ ਕਰਕੇ, ਉੱਚੀ-ਉੱਚੀ ਬੋਲ ਰਹੀ ਸੀ, "... ਸਾਡੀ ਕੁੜੀ ਨੂੰ ਬੀ ਬਾਹਰ ਦੀ ਕਸਰ ਹੋਗੀ ਤੀ ... ਇਹ ਹੋ ਈ ਜਾਂਦੀ ਐ, ਜਦ ਅਸੀਂ ਸਿਆਣੇ ਨੂੰ ਬੁਲਾਉਣ ਲੱਗੇ ਇਹ ਸੀਮਾ ਦੀ ਬੱਚੀ ਸਾਡੇ ਘਰ ਆ ਕੇ ਆਕੜ ਕੇ ਖੜ੍ਹ ਗਈ, ਕਹਿੰਦੀ, ਸਿਆਣਾ ਮੇਰੀਆਂ ਗੱਲਾਂ ਦਾ ਜਵਾਬ ਦਵੇ ... ਮੈਂ ਪੰਜ ਲੱਖ ਦਵਾਵਾਂਗੀ ... ਟਰੱਕਸੀਲ ਆਲਿਆਂ ਤੋਂ। ਮੈਂ ਤਾਂ ਭਾਈ ਇਸ ਤੋਂ ਡਰਦੀ ਨੇ ਆਪਣੀ ਕੁੜੀ ਨੂੰ ਨਾਨਕੇ ਭੇਜ ਕੇ ਸਿਆਣੇ ਤੋਂ ਭੂਤ ਕਢਵਾਏ।" ਪਾਲੋ ਦੇ ਘਰ ਵੱਲ ਉਂਗਲੀ ਖੜੀ ਕਰਕੇ, "ਪਾਲੋ ਓ! ਹੁਣ ਤੈਨੂੰ ਦੇਖਾਂਗੇ ... ਕਿੱਥੇ-ਕਿੱਥੇ ਚੁੱਕੀ ਫਿਰੂੰਗੀ ਸਿਆਣਿਆਂ ਕੋਲ ਨੂੰ... ਆਪਣੀ ਨੀਂਗਰੀ ਨੂੰ... ਜਦ ਆਪਣੀ ਦਾ ਟਰੱਕ ਸੀਲ ਹੰਦਾ। ਫਿਰ ਲਗਦਾ ਪਤਾ ਆ ...।"

ਪੂਰੋ ਬੁੜ੍ਹੀ ਦੀਆਂ ਗਾਲ-ਮੁਹਾਲ ਤੇ ਤਰਕਸ਼ੀਲ ਕਰਨ ਦੀਆਂ ਗੱਲਾਂ ਸੁਣ ਕੇ ਪਿੰਡ ਦੇ ਬਹੁਤੇ ਲੋਕ ਮੁਸਕੜੀਆਂ ਹੱਸ ਰਹੇ ਸਨ ਮਜ਼ਾਕ ਉਡਾ ਰਹੇ ਸਨ। ਜਿਵੇਂ ਹੁਣ ਲੋਕੀਂ ਤਰਕਸ਼ੀਲ ਵਾਲਿਆਂ ਦਾ ਮਜ਼ਾਕ ਉਡਾ ਰਹੇ ਸਨ ... ਬਾਪੂ ਬੂਟਾ ਸਿੰਘ ਨੇ ਸਤਵੀਰ ਨੂੰ ਦੱਸਿਆ ਸੀ ਕਿ ਇਸੇ ਤਰ੍ਹਾਂ ਸੰਤ ਸੀਤਲ ਦਾਸ ... ਜਦ ਪਹਿਲੇ ਦਿਨ ਗੁਲਾਬ ਦਾਸੀਆਂ ਦੇ ਨਾਂ ਉਤੇ ਭਿਕਸ਼ਾ ਮੰਗਣ ਲਈ ਨਿਕਲਿਆ ਸੀ ... ਤਾਂ ਲੋਕਾਂ ਨੇ ਗੁਲਾਬ ਦਾਸੀਏ ਸੰਤਾਂ ਦਾ ਮਜ਼ਾਕ ਉਡਾਇਆ ਸੀ। ਸਤਵੀਰ ਨੇ ਮਨ ਹੀ ਮਨ ਸੋਚਿਆ ਸੀ "ਇਹਨਾਂ ਸੰਵੇਦਨਹੀਨ ਲੋਕਾਂ ਨੂੰ ਕਿਸੇ ਦਾ ਕੀ ਦਰਦ ਏ। ਇਹਨਾਂ ਨੇ ਜ਼ਖਮੀ ਪੰਛੀ ਵਾਂਗ ਆਪਣੇ ਘਰ ਰੂਪੀ ਆਲ੍ਹਣੇ ਵਿਚ ਆਣ ਡਿਗੀ ਸੀਮਾ ਨੂੰ ਵੀ ਮਾਨਸਿਕ ਤੌਰ ਤੇ ਕਿੱਥੇ ਉਭਰਨ ਦੇਣਾ ਏ? ਮਰ ਜਾਊਗੀ

ਵਿਚਾਰੀ ਅੰਦਰ ਪਈ।"

ਸਤਵੀਰ, ਸੀਮਾ ਨੂੰ ਸਮਝਾਉਣ ਉਨ੍ਹਾਂ ਦੇ ਘਰ ਜਾਂਦਾ ਸੀ। ਸੀਮਾ ਤਾਂ 'ਹਾਂ' 'ਹੂੰ' ਕਰਦੀ ਨਹੀਂ ਸੀ ... ਪਰ ਉਹ ਆਪ ਲੋਕਾਂ ਦੀਆਂ ਤੁਹਮਤਾਂ ਦਾ ਸ਼ਿਕਾਰ ਜ਼ਰੂਰ ਹੋ ਗਿਆ ਸੀ। ਪਾਲੋ ਦੀਆਂ ਗੁਆਂਢਣਾਂ ਮੂੰਹ ਜੋੜ-ਜੋੜ ਕੇ ਗੱਲਾਂ ਕਰਨ ਲੱਗ ਪਈਆਂ ਸਨ। "ਨੀ ਆਹ ਜਿਹੜਾ ਇਨ੍ਹਾਂ ਦੇ ਘਰ ਗੇੜੇ ਮਾਰਦਾ ... ਨਾ ਇਨ੍ਹਾਂ ਦੀ ਜਾਤ ਦਾ ... ਨਾ ਗੋਤ ਦਾ ਐ। ਨੀ ਇਸੇ ਦਾ ਕਾਰਾ ਕੀਤਾ ਹੋਇਆ ... ਨੀ ਆਹ ਹੁਣ ਆਪਣਾ ਖਹਿੜਾ ਛੁਡਾਉਣ ਨੂੰ ਫਿਰਦੈ? ਦੇਖ ਲੀਂ ਫਸਣਾ ਇਸੇ ਨੇ ਐ ਜਿਹੜਾ ਪੇਟ ਪਿਐ ... ਬਾਹਰ ਤਾਂ ਨਿਕਲਣਾ ਈ ਐ।" ਨਾਲ ਦੀ ਟੋਣਾ ਲਾਉਂਦੀ, "ਕੁੜੇ ਗੱਲ ਤਾਂ ਤੇਰੀ ਠੀਕ ਐ ... ਨੀ ਆਹ ਮੀਸਣਾਂ ਜਾ ... ਕਈ ਬਾਰੀ ਕੁੜੀ ਨੂੰ ਘਰ ਤੋਂ ਈ ਮੋਟਰ ਸੈਕਲ ਉਪਰ ਬਿਠਾ ਲਿਜਾਂਦਾ ਤਾ ...।"

ਪਰ ਲੋਕਾਂ ਦੀ ਤਾਂ ਗੱਲ ਛੱਡੋ, ਪਾਲੋ ਸਭ ਤੋਂ ਵੱਧ ਆਪਣੇ ਪਤੀ, ਕਾਕਾ ਸਿੰਘ ਤੋਂ ਦੁਖੀ ਸੀ। ਉਹ ਲੋਕਾਂ ਦਾ ਚੁੱਕਿਆ ਹੋਇਆ, ਦਾਰੂ ਦਾ ਘੁੱਟ ਪੀ ਕੇ ਉਹਨੂੰ ਬਹੁਤ ਅਵਾ ਤਵਾ ਬੋਲਦਾ ਸੀ, "ਮਾਂ ਝਾਵੀਏ ਜਦ ਮੈਂ ਸਮਝਾਉਂਦਾ ਤਾ ਬਈ ਕੁੜੀ ਨੂੰ ਬਾਰਾਂ ਜਮਾਤਾਂ ਪੜ੍ਹਾ ਕੇ ਇਹਦਾ ਫਾਹਾ ਬੱਢ ... ਪਰ ਤੈਂ ਮੇਰੀ ਇਕ ਨੀ ਸੁਣੀ ... ਕਹਿੰਦੀ ਮੈਂ ਤਾਂ ਇਹ ਨੂੰ ਕਾਲਜ ਵਿਚ ਪੜ੍ਹਾ ਕੇ ਅਫ਼ਸਰ ਬਣਾਉਣੈ ... ਹੁਣ ਲਾ 'ਤਾ ਕੁਲ ਨੂੰ ਦਾਗ਼ ... ਮੈਂ ਅਣਖੀ ਬੰਦਾ ਆਂ ...ਤਲਵਾਰ ਨਾਲ ਵੱਢਕੇ ਇਹਦੇ ਤਿੰਨ ਟੋਟੇ ਕਰਦੂੰਗਾ।"

ਪਾਲੋ ਵੀ ਗੁੱਸੇ ਵਿਚ ਲਾਲ-ਪੀਲੀ ਹੋਈ ਉਹਦੇ ਅੱਗੇ ਅੜ ਕੇ ਖੜ੍ਹ ਜਾਂਦੀ "ਤੇਰੀ ਗੰਦੀ ਆਵਾਜ਼ ਮਰਨ ਕਿਨਾਰੇ ਪਈ ਮੇਰੀ ਕੁੜੀ ਦੇ ਕੰਨਾਂ ਤੱਕ ਨੀ ਪੁਜਣੀ ਚਾਹੀਦੀ ... ਨਹੀਂ ਤਾ ਮੈਤੋਂ ਬੁਰਾ ਕੋਈ ਨੀ ਹੋਊਗਾ। ਰੁਦ ਬਕਦਾ ਕਿਤੇ ਗਲੀ 'ਚੋਂ ਅੰਦਰ ਨਾ ਆ ਜੀਂ ... ਜੇ ਮੈਂ ਪੜ੍ਹੀ-ਲਿਖੀ ਨੀ ਹੈਗੀ ... ਤਾਂ ਪੜ੍ਹੀ ਲਿਖੀ ਕੁੜੀ ਦੀ ਮਾਂ ਤਾਂ ਆਂ।"

"ਆਹੋ ... ਆ ... ਕੁੜੀ ਨੇ ਪੱਕੀ ਕੀਤੀ ਹੋਈ ਐ?"

"ਪੱਕੀ ਕੀਤੀ ਹੋਈ ... ਭਾਵੇਂ ਕੱਚੀ ਕੀਤੀ ਹੋਈ ਐ... ਕਦੇ ਤੂੰ ਤਲਵਾਰ ਨਾਲ ਤਿੰਨ ਟੋਟੇ ਕਰਨ ਨੂੰ ਕਹਿੰਦਾ ... ਕਦੇ ਬੇਦਖਲ ਕਰਨ ਨੂੰ ਕਹਿੰਦਾ। ਅੱਧ ਦੀ ਮਾਲਕਣ ਆਂ ... ਚਾਰ ਖਣਾਂ ਦੇ ਅੱਗੇ ਪਿੱਛੇ ਤਿੰਨ ਕਮਰਿਆਂ ਦੇ ਬਚਾਲੇ ਨੂੰ ਕੰਧ ਕਰਕੇ ਇਕ ਪਾਸੇ ਜੁਦਾ ਕਰ ਦੂੰਗੀ। ... ਦੇਖ ਲੈ...।" ਬਜ਼ੁਰਗ ਬਖਤੌਰਾ ਆਕੇ ਉਹਨੂੰ ਢੈਲਾ ਕਰਦਾ, "ਭਾਈ ਪਾਲੋ! ਰੋਟੀ ਦੇ ਇਹਨੂੰ..." ਤੇ ਸਮਝਾਉਂਦਾ, ਓਏ ਤੂੰ ਮੇਰੇ ਸਾਹਮਣੇ ਜੰਮ ਕੇ ਬਾਲ-ਬੱਚਿਆਂ ਵਾਲਾ ਹੋ ਗਿਆ ... ਪਰ ਸੋਚ-ਸਮਝ ਪੱਖੋਂ ਅਜੇ ਕਾਕਾ ਈ ਰਿਹਾ। ਤਾਂ ਹੀ ਤੇਰੀ ਬੁੜ੍ਹੀ ਨੇ ਤੇਰਾ ਨਾਂ ਕਾਕਾ ਰੱਖਿਆ ... ਗੱਲਾਂ ਤੂੰ ਨਿਆਣਿਆਂ-ਆਲੀਆਂ ਈ ਕਰਦੈਂ?"

ਪਰ ਜਦ ਏਹੀ ਗੱਲ ਸਤਵੀਰ ਨੇ ਬਾਪੂ ਬੂਟਾ ਸਿੰਘ ਨੂੰ ਦੱਸੀ, "ਬਾਪੂ! ਬਾਬਾ ਬਖਤੌਰਾ ਬੜੀ ਸਮਝ ਰੱਖਦਾ ਆ।" ਤਾਂ ਬਾਪੂ ਨੇ ਕਿਹਾ, ਪਰ ਬਖਤੌਰੇ ਨੂੰ ਘਰ, ਵਿੱਚ ਤਾਂ ਕੋਈ ਨੀ ਪੁੱਛਦਾ। ਨਾਲੇ ਪੁੱਤਰਾ! ਉਹ ਵੀ ਸਾਡੇ ਨਾਲ ਤਿਉੜ ਗੁਲਾਬ ਦਾਸੀਆਂ ਦੇ ਡੇਰੇ ਵਿੱਚ ਜਾਂਦਾ ਰਿਹਾ ਆ ਤੇ ਹੁਣ ਸੰਤ ਸੀਤਲ ਦਾਸ ਦੇ ਪ੍ਰਵਚਨ ਸੁਣਨ ਤੇ ਚਾਰ-ਯਾਰੀ ਵਿਚ ਬਹਿਕੇ ਹੁਕਾ ਪੀਣ ਵਾਸਤੇ, ਸਾਡੇ ਘਰ ਆ ਜਾਂਦਾ ਆ।"

"ਪਰ ਬਾਪੂ ਸੰਤ ਸੀਤਲ ਦਾਸ ਹੁਣ ਆਪਣੇ ਪਿੰਡ ਕਦ ਆਉਣਗੇ? ਉਹਨਾਂ ਨੂੰ ਆਇਆਂ ਨੂੰ ਖਾਸੀ ਦੇਰ ਨੀ ਹੋਗੀ?"

"ਪੁੱਤਰਾ! ਸੰਤ ਜੀ ਦਾ ਕੀ ਪਤਾ? ਆਉਣ ਨੂੰ ਹੁਣੇ ਆ ਜਾਣ ... ਨਾ ਆਉਣ ... ਨਾ ਹੀ ਆਉਣ।" "ਬਾਪੂ ਐਂ ਨਾ ਕਹਿ ... ਮੇਰਾ ਉਨ੍ਹਾਂ ਨੂੰ ਮਿਲਣ ਨੂੰ ਬਹੁਤ ਦਿਲ ਕਰਦੈ!" "ਲੈ ਫੇਰ ਆ ਗਏ! ਪੁੱਤਰਾ ਮੈਂ ਉਹਨਾ ਨੂੰ ਸਾਹਮਣੇ ਤੋਂ ਆਉਂਦਿਆਂ ਨੂੰ ਦੇਖ ਕੇ ਈ ਕਿਹਾ ਸੀ।"

ਸੰਤ ਜੀ ਨੂੰ ਕਾਫੀ ਥੱਕਿਆ ਹੋਇਆ ਦੇਖ ਕੇ ਬਾਪੂ ਬੂਟਾ ਸਿੰਘ ਨੇ ਪੁੱਛਿਆ, "ਸੰਤ ਜੀ ਕਿਥੋਂ ਆ ਰਹੇ ਓ?" "ਅਰੇ ਭਾਈ ਯੇ ਤੋ ਮਤ ਪੂਛੋ ਕਹਾ ਸੇ ਆਏ ਔਰ ਕਹਾਂ ਜਾਨਾ ਹੈ ... ਹਾਂ ਸਾਰੀ ਰਾਤ ਤੁਰਦਾ ਆਇਆ ਹਾਂ ... ਇਹ ਦੇਖ ਲਓ ਪੈਰਾਂ ਵਿਚ ਛਾਲੇ ਪੈ ਗਏ ਨੇ।" ਦੁਪਹਿਰ ਨੂੰ ਉਹਨਾਂ ਨੇ ਭਿਕਸ਼ਾ ਦੇ ਚਾਰ ਫੁਲਕੇ ਖਾ ਕੇ ਆਰਾਮ ਕੀਤਾ ਤੇ ਸੰਝ ਨੂੰ ਉਠਕੇ ਕੀਰਤਨ ਕਰਨ ਲੱਗ ਪਏ ਸਨ।

"ਅਰੇ ਸਤਵੀਰ! ... ਅੱਜ ਉਹ ਲੜਕੀ ਸੀਮਾ ਨਹੀਂ ਆਈ ... ਉਹਦੀ ਤਾਂ ਸ਼ਾਦੀ ਹੋ ਗਈ ਹੋਵੇਗੀ?" "ਹਾਂ ਸੰਤ ਜੀ! ... ਕੁਝ ਦਿਨ ਦੀ ਓ ਪ੍ਰਾਹੁਣੀ ਏ ... ਵਿਚਾਰੀ ਕਬਰਾਂ ਵੱਲ ਤੁਰਨ ਦੀ ਤਿਆਰੀ ਕਰ ਰਹੀ ਐ!" "ਅਰੇ! ਐਸਾ ਕਿਆ ਹੁਆ?" "ਸੰਤ ਜੀ..." ਅਗੋਂ ਸਤਵੀਰ ਤੋਂ ਕੁਝ ਬੋਲਿਆ ਨਹੀਂ ਸੀ ਗਿਆ, ਉਹਦਾ ਮਨ ਭਰ ਆਇਆ ਸੀ। ਦੂਸਰੇ ਦਿਨ ਸੰਤ ਜੀ ਨੇ ਸੀਮਾ ਹੁਰਾਂ ਦੇ ਮੁਹਲੇ ਵਿਚ ਜਾ ਕੇ ਅਲਖ ਜਗਾਈ। "...ਅ ਲ ਖ ਨਿ ਰੰ ਜ ਨ..." ਬੇਸੁਧ ਜਹੀ ਪਈ ਸੀਮਾ ਦੇ ਕੰਨ ਖੜੇ ਹੋਏ ... "ਹੈਂ... ਐਂ ਸੰਤ ਸੀਤਲ ਦਾਸ ਜੀ..." ਸੀਮਾ ਦੀ ਮਾਂ, ਪਾਲੋ ਇਕ ਰੋਟੀ ਉੱਤੇ ਸਬਜੀ ਧਰ ਕੇ ਬਾਹਰ ਨਿਕਲੀ, ਸੰਤ ਜੀ ਨੇ ਚਿੱਪੀ ਅਗੇ ਕਰ ਦਿੱਤੀ। "ਬੇਟੀ ਸੀਮਾ ਕਹਾਂ ਹੈ?" "ਅੰਦਰ ਪਈ ਐ ਜੀ ... ਮਰਨ ਕਿਨਾਰੇ ..." ਸੀਮਾ ਦੀ ਮਾਂ ਨੇ ਅੱਖਾਂ ਵਿੱਚ ਆਏ ਹੰਝੂ ਪੂੰਝ ਕੇ ਕਿਹਾ, "ਬੇਟੀ! ਇਸ ਕੋ ਬਾਪੂ ਬੂਟਾ ਸਿੰਘ ਦੇ ਘਰ ਮੇਂ ਲੇਕਰ ਆ ਜਾਨਾ...।"

ਸੰਤ ਜੀ ਦੇ ਨਾਂ 'ਤੇ ਸੀਮਾ ਜਾਣ ਲਈ ਤਿਆਰ ਤਾਂ ਹੋ ਗਈ ਸੀ ... ਪਰ ਜੇ ਉਸ ਤੋਂ ਉਠ ਹੋਵੇ ... ਤਾਂ ਹੀ...। ਪਾਲੋ ਦੇ ਸਹਾਰੇ ਨਾਲ ਉਹ ਉੱਠ ਕੇ ਖੜੀ ਤਾਂ ਹੋ ਗਈ ... ਪਰ ... ਉਸ ਦੇ ਚਿਹਰੇ ਉਤੇ ਜੰਮੇ ਹੋਏ ਹੰਝੂ ... ਕਪੜਿਆਂ ਚੋਂ ਆਉਂਦੀ ਪਸੀਨੇ ਦੀ ਬੂ ... ਤੇ ਉਸ ਤੋਂ ਪੈਰਾਂ ਵਿੱਚ ਚੱਪਲਾਂ ਵੀ ਨਹੀਂ ਪਾਈਆਂ ਜਾ ਰਹੀਆਂ ਸਨ। ਅੰਤ ਖੱਬੇ ਪੈਰ ਦੀ ਚੱਪਲ ਸੱਜੇ ਤੇ, ਸੱਜੇ ਦੀ ਖੱਬੇ ਵਿਚ ਪਾ ਕੇ ਉਹ ਆਪਣੀ ਮੰਮੀ, ਪਾਲੋ ਦੇ ਸਹਾਰੇ ਨਾਲ ਹੌਲੀ-ਹੌਲੀ ਡਿੰਘਾ ਭਰਦੀ ... ਬਾਪੂ ਬੂਟਾ ਸਿੰਘ ਦੇ ਘਰ ਪਹੁੰਚ ਗਈ ਸੀ। ਉਹ ਡੌਰ-ਭੌਰ, ਏਧਰ-ਉਧਰ ਦੇਖੀ ਜਾ ਰਹੀ ਸੀ,ਜਿਵੇਂ ਕਿਸੇ ਨੂੰ ਜਾਣਦੀ ਓ ਨਾ ਹੋਵੇ। ਸੰਤ ਸੀਤਲ ਦਾਸ ਨੇ ਪੁੱਛਿਆ "ਸੀਮਾ ਬੇਟੀ! ਤੂੰ ਮੈਨੂੰ ਪਛਾਣਦੀ ਏਂ?" ਉਹਨੇ 'ਹਾਂ' ਵਿੱਚ ਸਿਰ ਹਿਲਾਇਆ। ਸੰਤ ਜੀ ਨੇ ਦੋ ਫੁਲਕਿਆਂ ਉਤੇ ਆਲੂ ਗੋਭੀ ਦੀ ਸਬਜ਼ੀ ਰੱਖ ਕੇ ਫੜਾਉਂਦਿਆਂ ਕਿਹਾ, "ਸੀਮਾ ਬੇਟੀ! ਲੈ ਆਹ ਰੋਟੀ ਖਾ ਲੈ।" ਸੀਮਾ ਨੇ ਸੰਤਾਂ ਦੇ ਹੱਥੋਂ ਰੋਟੀ ਫੜੀ ਤੇ ਹੌਲੀ-ਹੌਲੀ ਖਾਣ ਲੱਗ ਪਈ। ਪਾਣੀ ਵੀ ਪੀ ਲਿਆ। ਸੰਤਾਂ ਨੇ ਪਾਲੋ ਨੂੰ ਕਿਹਾ, "ਬੇਟੀ, ਕੱਲ੍ਹ ਨੂੰ ਇਸ ਨੂੰ ਫਿਰ ਲੈ ਕੇ ਆ ਜਾਣਾ।"

ਦੂਸਰੇ ਦਿਨ, ਸੰਤ ਜੀ ਨੇ ਸਤਵੀਰ ਨੂੰ ਭੇਜ ਕੇ ਫਿਰ ਸੀਮਾ ਨੂੰ ਬੁਲਾ ਲਿਆ ਸੀ। ਅੱਜ ਸੀਮਾ ਦੀ ਮੰਮੀ ਨੇ ਕਹਿ ਸੁਣ ਕੇ ਉਹਦੇ ਪਤਾ ਨਹੀਂ ਕਿੰਨੇ ਚਿਰ ਤੋਂ ਪਾਏ ਕੱਪੜੇ ਬਦਲ ਦਿੱਤੇ ਸਨ ਤੇ ਉਹਦਾ ਹੱਥ ਮੂੰਹ ਧੋ ਕੇ ਸਹਾਰੇ ਨਾਲ ਉਹਨੂੰ ਫਿਰ ਬੂਟਾ ਸਿੰਘ ਦੇ ਘਰ ਲੈ ਆਈ ਸੀ।

ਅੱਜ ਸੰਤ ਜੀ ਨੇ ਉਹਨੂੰ ਚਾਰ ਫੁਲਕੇ ਤੇ ਦਾਲ ਦੀ ਕੌਲੀ ਫੜਾਉਂਦਿਆਂ ਕਿਹਾ, "ਸੀਮਾ ਬੇਟੀ! ਲਓ ਖਾਣਾ ਖਾ ਲਓ।" ਸੀਮਾ ਨੇ ਸੰਤ ਜੀ ਦੇ ਕਹਿਣ ਉਤੇ ਰੋਟੀ ਖਾ ਲਈ ਸੀ ਤੇ ਸੰਤ ਜੀ ਨੇ ਉਹਨੂੰ, ਉਹਦੀ ਮੰਮੀ ਦੇ ਨਾਲ ਘਰ ਭੇਜ ਦਿੱਤਾ ਸੀ।

ਪੰਜਵੇਂ ਦਿਨ ਐਤਵਾਰ ਸੀ। ਸਤਵੀਰ ਨੇ, ਸੰਤ ਜੀ ਤੋਂ ਆਗਿਆ ਲੈ ਕੇ 'ਗੁਲਾਬ ਦਾਸੀ ਪਰੰਪਰਾ' ਨੂੰ ਜਾਣਨ ਵਾਲਿਆਂ ਨੂੰ ਕੀਰਤਨ ਵਿੱਚ ਸ਼ਾਮਿਲ ਹੋਣ ਲਈ ਬੁਲਾ ਲਿਆ ਸੀ। ਕੁਝ ਲੋਕ ਕਾਰਾਂ ਤੇ ਮੋਟਰਸਾਇਕਲਾਂ 'ਤੇ ਵੀ ਆਏ ਸਨ। ਹਮੇਸ਼ਾਂ ਹੀ ਗੰਭੀਰ ਮੁਦਰਾ ਵਿੱਚ ਵਿਚਰਨ ਵਾਲੇ ਸੰਤ ਸੀਤਲ ਦਾਸ ਅੱਜ ਕੀਰਤਨ ਵਿੱਚ ਦੂਰ-ਦੁਰਾਡੇ ਤੋਂ ਆਏ ਲੋਕਾਂ ਨੂੰ ਦੇਖ ਕੇ ਮੁਸਕਰਾਏ ਸਨ। ਏਨੀ ਕੁ ਸੰਗਤ ਕਈ ਵਾਰ ਉਹਨਾਂ ਦੇ ਤਿਊੜ ਦੇ, ਗੁਲਾਬ ਦਾਸੀਆਂ ਦੇ ਡੇਰੇ ਵਿੱਚ ਹੁੰਦੀ ਸੀ। ਸਤਵੀਰ ਨੇ ਦੱਸਿਆ, "ਸੰਤ ਜੀ! ਮੈਂ ਤਾਂ ਆਪਣੇ ਮੁਬਾਇਲ ਫੋਨ ਉੱਤੇ ਸੰਤ ਸੀਤਲ ਦਾਸ ਜੀ ਦੁਆਰਾ ਗੁਲਾਬ ਦਾਸੀਏ ਸੰਤਾਂ ਦੀ ਬਾਣੀ ਦਾ ਕੀਰਤਨ ਕੀਤੇ ਜਾਣ ਦਾ ਮੈਸਿਜ ਪਾ ਦਿੱਤਾ ਸੀ। 'ਗੁਲਾਬ ਦਾਸੀ ਪਰੰਪਰਾ' ਗਰੁਪ ਨਾਲ ਜੁੜੇ ਵਿਅਕਤੀਆਂ ਵਿਚੋਂ ਜਿਹੜੇ ਆ ਸਕਦੇ ਸਨ, ਥੁਆਡਾ ਕੀਰਤਨ ਸੁਣਨ ਲਈ ਆ ਗਏ ਸਨ।" ਕੀਰਤਨ ਸੁਣਨ ਲਈ ਆਉਣ ਵਾਲਿਆਂ ਨੂੰ ਬਾਪੂ ਬੂਟਾ ਸਿੰਘ ਆਦਰ ਸਹਿਤ ਦੁੱਧ ਤੇ ਪਿੰਨੀਆਂ ਜਾਂ ਬਿਸਕੁੱਟ ਖਾਣ ਲਈ ਦਿੰਦਾ ਸੀ।

ਕੀਰਤਨ ਸੁਣਨ ਲਈ ਤਾਂ ਪਾਲੋ ਵੀ ਨਿੱਤ ਆਉਂਦੀ ਸੀ, ਸੀਮਾ ਨੂੰ ਨਾਲ ਲੈ ਕੇ। ਪਰ ਸੀਮਾ ਸੰਤ ਸੀਤਲ ਦਾਸ ਨੂੰ ਪਛਾਣਨ ਤੋਂ ਬਿਨਾਂ ਕਿਸੇ ਨੂੰ ਪਛਾਣਦੀ ਹੀ ਨਹੀਂ ਸੀ। ਪਾਲੋ ਨੂੰ ਚਿੰਤਾ ਹੋਈ। 'ਸੰਤ ਜੀ ਦਾ ਕੀ ਪਤਾ? ਬਿਨਾਂ ਦੱਸੇ... ਕਦ ਕਿਧਰ ਨੂੰ ਤੁਰ ਜਾਣ। 'ਆਈ ਮੌਜ ਫਕੀਰ ਦੀ ਗਿਆ ਝੌਂਪੜੀ ਫੂਕ' ਪਰ ਇਨ੍ਹਾਂ ਦੇ ਜਾਣ ਪਿੱਛੋਂ... ਮੇਰੀ ਸੀਮਾ ਦਾ ਕੀ ਬਣੇਗਾ?... ਇਹਨੇ ਤਾਂ ਭੁੱਖੀ ਪਿਆਸੀ ਨੇ ਚਾਰ ਦਿਨਾਂ ਨੂੰ ਮਰ ਜਾਣਾ।' ਪਾਲੋ ਨੇ ਸੰਤ ਜੀ ਅੱਗੇ ਹੱਥ ਜੋੜੇ... ਸੰਤ ਜੀ ਬੋਲੇ, "ਅਰੇ ਭਾਈ! ਜਦ ਲੋਕਾਇਤਾਂ ਸਿੱਧਾਂ, ਨਾਥਾਂ, ਜੋਗੀਆਂ, ਗੁਲਾਬਦਾਸੀਆਂ ਦੀ ਵਿਚਾਰਧਾਰਾ ਨੂੰ ਜਾਣਨ ਵਾਲੇ ਵਿਦਿਆਰਥੀ ਹੀ... ਪਿੱਛੇ ਹੱਟ ਕੇ ਘਰ ਬੈਠ ਜਾਣ... ਫਿਰ... "

"ਸੰਤ ਜੀ!... ਅਸੀਂ ਵਿਦਿਆਰਥੀਆਂ ਨੂੰ ਘਰ ਨਹੀਂ ਬੈਠਣ ਦੇਣਾ...।" ਸੰਤ ਜੀ ਦਾ ਕੀਰਤਨ ਸੁਣਨ ਆਈ ਪ੍ਰੋ. ਪ੍ਰੋਮਿਲਾ ਨੇ ਕਿਹਾ। ਹੁਣ ਉਹ ਇੰਡੋ ਗਲੋਬਲ ਕਾਲਿਜ, ਅਭੀਪੁਰ ਵਿੱਚ ਪੜ੍ਹਾਉਂਦੀ ਸੀ। ਉਸਨੇ ਸਤਵੀਰ ਨੂੰ ਕਿਹਾ, "ਸੀਮਾ ਕੱਲ੍ਹ ਤੱਕ ਸੰਤ ਸੀਤਲ ਦਾਸ ਨੂੰ ਹੀ ਪਛਾਣਦੀ ਸੀ। ਸਤਵੀਰ! ਅੱਜ ਇਹ ਮੈਨੂੰ ਤੇ ਤੈਨੂੰ ਵੀ ਪਛਾਣਨ ਲੱਗ ਪਈ ਏ। ਕੱਲ ਨੂੰ ਤੂੰ ਆ ਕੇ ਮੇਰੇ ਕਾਲਿਜ ਵਿੱਚ ਦਾਖ਼ਲਾ ਲੈ ਲੈ। ... ਮੈਂ ਕੱਲ ਤੋਂ ਕਾਲਜ ਨੂੰ ਜਾਂਦਿਆਂ ... ਇਸ ਦੇ ਘਰ ਤੋਂ ... ਇਹਨੂੰ (ਸੀਮਾ ਨੂੰ) ਆਪਣੀ ਕਾਰ ਵਿੱਚ ਬਿਠਾ ਕੇ ... ਆਪਣੇ ਨਾਲ ਲਿਜਾਣ ਲੱਗ ਪੈਣੈ। ਇਹਦੀ ਯਾਦ-ਦਾਸ਼ਤ ਪਰਤ ਰਹੀ ਏ।... ਕੁਝ ਦਿਨਾਂ ਤੱਕ ਇਹਨੇ ਹੋਰਾਂ ਨੂੰ ਵੀ ਪਛਾਨਣ ਲੱਗ ਪੈਣੈ। ਤੇ ਕੁਝ ਹੋਰ ਦਿਨਾਂ ਤੱਕ... ਇਹਨੇ ਮੇਰੇ ਕਾਲਿਜ ਦੇ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਨਾਲ ਸੀ.ਏ.ਏ. ਵਿਰੁੱਧ ਦਿੱਲੀ, ਮਲੇਰਕੋਟਲਾ, ਲੁਧਿਆਣਾ, ਅਮ੍ਰਿਤਸਰ ਆਦਿ ਸ਼ਹਿਰਾਂ ਵਿੱਚ ਚੱਲ ਰਹੇ ਧਰਨਾ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਣ ਲਈ ਜਾਣ ਲੱਗ ਪੈਣੈ...।"

✲✲✲

**ਕਹਾਣੀ**

# ਸੱਜਣ ਮੈਂਡੇ ਰੰਗਲੇ

**-ਦੀਪ ਦੇਵਿੰਦਰ ਸਿੰਘ**

ਸੂਰਜ ਚੜ੍ਹਦਿਆਂ ਸਾਰ ਹੀ ਅੱਗ ਦੇ ਗੋਲੇ ਵਾਂਗ ਮਘਦਾ ਦੂਰ ਖਲਾਅ ਦੀ ਬੁੱਕਲ ਵਿੱਚੋਂ ਬਾਹਰ ਆਇਆ ਸੀ। ਜਿਉਂ ਹੀ ਪਿੰਡੋਂ ਵੱਡੀ ਨਹਿਰ ਦੇ ਨਾਲ-ਨਾਲ ਆਉਂਦੀ ਇਸ ਸੜਕ 'ਤੇ ਚੜ੍ਹਿਆ, ਸੂਰਜ ਸਾਹਮਣਿਉਂ ਇਸੇ ਤਰ੍ਹਾਂ ਮੱਥੇ ਨਾਲ ਹੀ ਟਕਰਾਉਂਦਾ ਰਿਹਾ। ਸੂਲਾਂ ਵਰਗੀਆਂ ਤਿੱਖੀਆਂ ਕਿਰਨਾਂ ਮੇਰੀਆਂ ਅੱਖਾਂ ਨਹੀਂ ਖੁੱਲ੍ਹਣ ਦੇ ਰਹੀਆਂ। ਇਸੇ ਲਈ ਮੈਂ ਮੁੜ-ਮੁੜ ਸੱਜਾ ਹੱਥ ਮੱਥੇ 'ਤੇ ਧਰ ਸਾਹਮਣਿਉਂ ਆਉਂਦੇ-ਜਾਂਦੇ ਨੂੰ ਵੇਖਦਾਂ। ਮੇਰੇ ਖੱਬੇ ਹੱਥ ਨਹਿਰ ਹੈ ਤੇ ਸੱਜੇ ਹੱਥ ਨਵੀਂ ਕੱਟੀ ਕਲੋਨੀ ਦੇ ਬੇਤਰਤੀਬੇ ਵਿਰਲੇ ਟਾਵੇਂ ਘਰ।

ਨਹਿਰ ਦੀ ਪਟੜੀ ਦੇ ਨਾਲ-ਨਾਲ ਲੱਗੇ ਉੱਚੇ-ਲੰਮੇ ਰੁੱਖ ਸਹਿਜ-ਸਹਿਜ ਝੂਲਦੇ ਹਨ ਤੇ ਉਨ੍ਹਾਂ ਦੇ ਲੰਮੇ-ਲੰਮੇ ਪ੍ਰਛਾਵੇਂ ਨਹਿਰੋਂ ਪਾਰ ਤੀਕ ਹੇਠ ਵਿਛੇ ਵਿਖਾਈ ਦੇ ਰਹੇ ਹਨ। ਭਾਵੇਂ ਮੇਰੇ ਤੇ ਇਨ੍ਹਾਂ ਪਾਲ ਦੀ ਪਾਲ ਰੁੱਖਾਂ ਦੇ ਵਿਚਕਾਰੇ ਐਵੇਂ ਦੋ-ਚਹੁੰ ਕਦਮਾਂ ਦੀ ਵਿੱਥ ਹੈ ਮਸਾਂ। ਫਿਰ ਵੀ ਇਨ੍ਹਾਂ ਦੇ ਲੰਮੇ-ਲੰਮੇ ਪ੍ਰਛਾਵਿਆਂ ਦੀ ਛਾਂ ਪਾਰਲੇ ਪਾਸੇ ਹੋਣ ਕਰਕੇ ਇਨ੍ਹਾਂ ਦੇ ਕੋਲ-ਕੋਲ ਤੁਰਦਿਆਂ ਮੈਂ ਤਿੱਖੀ ਧੁੱਪ ਦਾ ਸਾਹਮਣਾ ਕਰ ਰਿਹਾ ਸਾਂ। ਇਨ੍ਹਾਂ ਰੁੱਖਾਂ ਦੇ ਥਾਂ-ਥਾਂ ਖਿੱਲਰੇ ਪੱਤੇ ਮੇਰੇ ਤੁਰੇ ਜਾਂਦੇ ਦੇ ਪੈਰਾਂ ਹੇਠ ਆ ਕੇ ਅਜੀਬ ਕਿਸਮ ਦੀ ਆਵਾਜ਼ ਪੈਦਾ ਕਰਕੇ ਮੈਨੂੰ ਹੋਰ ਚਿੜ੍ਹਾਅ ਰਹੇ ਹਨ।

ਡੇਢ ਦੋ ਕਿਲੋਮੀਟਰ ਇੰਝ ਸਾਇਕਲ ਨੂੰ ਰੇੜ੍ਹ ਕੇ ਲਿਆਉਂਦਿਆਂ ਮੇਰੀ ਬਸ ਹੋ ਗਈ ਹੈ। ਸਵੇਰੇ ਪ੍ਰੇਸ਼ਾਨੀ ਜਿਹੀ 'ਚ ਘਰੋਂ ਨਿਕਲਦਿਆਂ ਅਜੇ ਪਿੰਡ ਦੀ ਫਿਰਨੀ ਹੀ ਮਸਾਂ ਟੱਪਿਆ ਸਾਂ, ਜਦੋਂ ਚੰਗੇ ਭਲੇ ਰਵਾਂ-ਰਵੀਂ ਚਲਦੇ ਸਾਇਕਲ ਦੇ ਕੁੱਤੇ ਫਿਰ ਗਏ ਸਨ। ਪੈਡਲਾਂ ਅਤੇ ਚੈਨ ਦੇ ਨਾਲ ਪਿਛਲਾ ਫਰਾਈਵੀਲ ਉਂਝ ਹੀ ਘੁੰਮੀ ਜਾਂਦਾ ਸੀ, ਜਿਵੇਂ ਪਿਛਲੇ ਚੱਕੇ ਨਾਲ ਉਨ੍ਹਾਂ ਦਾ ਹੁਣ ਕੋਈ ਵਾਹ-ਵਾਸਤਾ ਹੀ ਨਾ ਹੋਵੇ।

ਗਰਮੀ ਅਤੇ ਹੁੰਮਸ ਕਰਕੇ ਗਲ ਪਾਇਆ ਕਮੀਜ਼ ਪਸੀਨੇ ਨਾਲ ਗੜੁੱਚ ਹੋਇਆ ਪਿਆ। ਹੁਣ ਤਾਂ ਮੱਥੇ 'ਤੇ ਟਪਕਦੀਆਂ ਪਸੀਨੇ ਦੀਆਂ ਬੂੰਦਾਂ ਪੂੰਝਣ ਨੂੰ ਵੀ ਕੋਈ ਥਾਂ ਨਹੀਂ ਬਚੀ। ਮੈਂ ਦੂਰ ਹਟਵੀਂ ਜਿਹੀ ਦੁਕਾਨ ਸਾਹਮਣੇ ਟਾਇਰ ਟੰਗੇ ਵੇਖ ਸਾਇਕਲ ਓਧਰ ਮੋੜਿਆ ਸੀ ਤੇ ਪਿਛਾੜੀ ਕਰਕੇ ਬੈਠੇ ਮਾੜਚੂ ਜਿਹੇ ਸਾਇਕਲ ਵਾਲੇ ਨੂੰ ਹਲੀਮੀ ਜਿਹੀ ਨਾਲ ਕਿਹਾ ਵੀ ਸੀ ਕਿ "ਵੀਰ ਸਾਇਕਲ ਵੇਖੀਂ ਜ਼ਰਾ, ਕੁੱਤੇ ਫੇਲ੍ਹ ਹੋ ਗਏ ਇਹਦੇ।" ਉਹਨੇ ਧੌਣ ਉੱਪਰ ਚੁੱਕ ਕੇ ਮੇਰੇ ਵੱਲ ਵੇਖਣ ਦੀ ਵੀ ਜਹਿਮਤ ਨਹੀਂ ਸੀ ਕੀਤੀ। ਉਂਝ ਹੀ ਬੈਠੇ-ਬੈਠੇ ਨੇ ਖ਼ਰਵੀਂ ਆਵਾਜ਼ ਵਿੱਚ ਕਿਹਾ ਸੀ "ਅਜੇ ਟੈਮ ਲੱਗਣਾ ਭਾਊ, ਆਹ ਕਾਰ ਵਾਲੇ ਤੋਂ ਪਹਿਲਾਂ ਦੇ ਉਹ ਭਾਪਾ ਜੀ ਤੇ ਹਾਅ ਮੁੰਡਾ ਖੜ੍ਹਾ। ਪਹਿਲਾਂ ਜਿਹੜੇ ਇਨ੍ਹਾਂ ਦੇ ਮੋਟਰਸਾਇਕਲ ਦੇ ਟੈਰ ਖੋਲ੍ਹ ਕੇ ਰੱਖੇ ਐ, ਉਹ ਵੇਖਣੇ ਐਂ ਅਜੇ।" ਕੋਲ ਖਲੋਤੇ ਗਾਹਕਾਂ ਵੱਲ ਵੇਖ ਕੇ ਮੈਂ ਅਜੇ ਅੰਦਾਜ਼ਾ ਹੀ ਲਾ ਰਿਹਾ ਸਾਂ ਕਿ ਕਿੰਨਾ ਕੁ ਟੈਮ ਲੱਗੂ, ਉਹ ਫਿਰ ਬੋਲ ਪਿਆ ਸੀ, "ਐਵੇਂ ਖੜ੍ਹਾ ਰਹੇਂਗਾ,

ਉਹ ਅਗਲੇ ਮੋੜ ਵਾਲੇ ਨੂੰ ਵਿਖਾ ਲੀਂ।” ਤੇ ਨਾਲ ਹੀ ਗਜ਼ ਲੰਮੀ ਬਾਂਹ ਕੱਢ ਕੇ ਮੈਨੂੰ ਰਸਤਾ ਮਾਪਣ ਲਈ ਕਿਹਾ ਸੀ। ਉਹਦੇ ਆਸ-ਪਾਸ ਖੜ੍ਹੇ ਗਾਹਕ ਕਦੀ ਮੇਰੇ ਵੱਲ ਤੇ ਕਦੀ ਘੱਟਿਉਂ ਘੱਟੀ ਹੋਏ ਸਾਇਕਲ ਵੱਲ ਝਾਕ ਰਹੇ ਸਨ, ਜਿਵੇਂ ਉਹ ਸਾਰੇ ਮੈਨੂੰ ਝੇਡਾਂ ਕਰ ਰਹੇ ਹੋਣ। ਮੈਂ ਉਨ੍ਹਾਂ ਨੂੰ ਅਣਡਿੱਠੇ ਜਿਹੇ ਕਰਦਿਆਂ ਖੜ੍ਹੇ ਸਾਇਕਲ ਦੀ ਕਾਠੀ ਤੇ ਆਪਣੇ ਸੱਜੇ ਹੱਥ ਨਾਲ ਐਵੇਂ ਹੀ ਪਹਿਲਾਂ ਮੁੱਕੀ ਤੇ ਫਿਰ ਦੋ ਤਿੰਨ ਧੱਫੇ ਮਾਰੇ। ਫਿਰ ਅਣਮੰਨੇ ਜਿਹੇ ਮਨ ਨਾਲ ਢਿੱਲੇ ਜਿਹੇ ਸਪਰਿੰਗ ਵਾਲੀ ਕਿੱਲੀ ਨੂੰ ਪੈਰ ਦੀ ਅੜੇਸ ਨਾਲ ਪਿਛਾਂਹ ਕੀਤਾ ਤੇ ਸਟੈਂਡ ਲਾਹ ਕੇ ਕਿਸੇ ਹੋਰ ਦੀ ਆਸ ਨਾਲ ਅਗਾਂਹ ਨੂੰ ਤੁਰ ਪਿਆ ਸਾਂ।

ਗਾਹਕ ਆਇਆ ਵੇਖ ਉਸਨੂੰ ਵੀ ਕੋਈ ਚਾਅ ਨਹੀਂ ਸੀ ਚੜ੍ਹਿਆ, ਸਗੋਂ ਕਾਲਖੀ ਜਿਹੇ ਬੈਂਚ ’ਤੇ ਬੈਠ ਫ਼ੋਨ ਚਲਾਉਂਦੇ ਨੇ ਟਿੱਚਰ ਜਿਹੀ ਨਾਲ ਕਿਹਾ ਸੀ, “ਭਾਅ ਵੱਡਿਆ, ਆਪਾਂ ਤਾਂ ਐਹੋ ਜਿਹੀਆਂ ਗੱਡੀਆਂ ਲੰਮੇ ਪਾਉਣੀਆਂ ਛੱਡਤੀਆਂ ਕਦੋਂ ਦੀਆਂ। ਟਿਊਬਲੈੱਸ ਟਾਇਰਾਂ ਨੂੰ ਪੰਚਰ ਲਾਉਂਦੇ ਆਂ ਖੜ੍ਹੇ-ਖੜ੍ਹੇ। ਯਾਰ ਇਹਦੇ ਤਾਂ ਕੁੱਤੇ ਫੇਲ੍ਹ ਹੋਏ ਐ। ਮੈਂ ਆਪਣੇ ਵੱਲੋਂ ਉਸਨੂੰ ਹੋਰ ਸਮਝੌਣ ਦਾ ਯਤਨ ਕਰਦਿਆਂ ਕਿਹਾ। ਸੁਣਦਿਆਂ ਉਹਦੀਆਂ ਅੱਖਾਂ ‘ਤੇ ਚਿਹਰੇ ‘ਤੇ ਗੁੱਝੀ ਜਿਹੀ ਮਸ਼ਕਰੀ ਝਲਕਣ ਲੱਗੀ। ਥੋੜ੍ਹੀ ਧੌਣ ਇਧਰ-ਉਧਰ ਘੁੰਮਾ ਕੇ ਆਸੇ-ਪਾਸੇ ਦਾ ਮੁਆਇਨਾ ਜਿਹਾ ਕਰਦਿਆਂ ਉਹ ਬੋਲਿਆ ‘ਥੋੜ੍ਹਾ ਉਹਲੇ ਹੋ ਕੇ ਧਾਰ ਮਾਰ ਪਿਛਲੇ ਫਰਾਈਵੀਲ ‘ਤੇ, ਇਹੋ ਜਿਹੇ ਅੜੇ ਫਸੇ ਕਦੀ-ਕਦੀ ਇੰਝ ਹੀ ਚੱਲ ਪੈਂਦੇ ਹੁੰਦੇ ਈ।’ ਸੁਣਦਿਆਂ ਮੈਂ ਕੱਚਾ ਜਿਹਾ ਹੋ ਗਿਆ ਸਾਂ।

ਮੈਨੂੰ ਪਤਾ ਸੀ ਕਿ ਉੱਥੋਂ ਵੀ ਚੱਲਣ ਤੋਂ ਬਗ਼ੈਰ ਮੇਰੇ ਕੋਲ ਕੋਈ ਚਾਰਾ ਨਹੀਂ ਸੀ। ਮੈਂ ਜਿਉਂ ਹੀ ਹੈਂਡਲ ਘੁੰਮਾ ਕੇ ਤੁਰਨ ਦੀ ਕੋਸ਼ਿਸ਼ ਕੀਤੀ ਤਾਂ ਹੈਂਡਲ ਦੇ ਖੱਬੇ ਹੱਥ ਵਾਲੀ ਖੋਚਲੀ ਹੋਈ ਮੁੱਠੀ ਨਿਕਲ ਕੇ ਮੇਰੇ ਹੱਥ ਵਿੱਚ ਰਹਿ ਗਈ ਤੇ ਹੈਂਡਲ ਹੱਥੋਂ ਛੁੱਟ ਗਿਆ। ਡਿੱਗਦੇ ਸਾਇਕਲ ਨੂੰ ਮੈਂ ਮਸਾਂ ਸੰਭਾਲਿਆ। ਹੋਰਥੇ ਜ਼ੋਰ ਨਾ ਚੱਲਣ ਕਰਕੇ ਮੇਰੇ ਤੋਂ ਬੁੜ੍ਹ-ਬੁੜ੍ਹ ਕਰਦਿਆਂ ਦੋ ਚਾਰ ਗਾਲ੍ਹਾਂ ਸਾਇਕਲ ਨੂੰ ਹੀ ਕੱਢ ਹੋਈਆਂ ਸਨ।

ਉਂਝ ਸੰਭਾਲਦੀ ਤਾਂ ਰਾਣੀ ਵੀ ਮੈਨੂੰ ਇੰਝ ਹੀ ਰਹੀ ਐ। ਹਰ ਰੋਜ਼ ਮੇਰੇ ਨਾਲ ਬੈਠ ਕੇ ਸ਼ਹਿਰ ਕੋਠੀਆਂ ’ਚ ਝਾੜੂ ਪੋਚਾ ਲਾਉਣ ਆਉਂਦੀ ਐ ਤੇ ਘਰ ਦੇ ਗੁਜ਼ਾਰੇ ‘ਚ ਮੇਰਾ ਸਾਥ ਦਿੰਦੀ ਐ। ਉਹ ਵੀ ਤਾਂ ਹੁਣ ਅਕਸਰ ਕਹਿੰਦੀ ਰਹਿੰਦੀ ਹੈ ਕਿ, ‘ਇਹਦੇ ‘ਤੇ ਰੋਜ਼-ਰੋਜ਼ ਪੈਸੇ ਲਾਉਣ ਨਾਲੋਂ ਕੋਈ ਪੁਰਾਣੀ ਸਕੂਟਰੀ ਕਿਉਂ ਨਹੀਂ ਵੇਖ ਲੈਂਦੇ ਆਪਾਂ। ਆਪੇ ਪੈਸੇ ਫੜ੍ਹ-ਦੜ੍ਹ ਕੇ ਦਿੱਤੇ ਲਏ ਜਾਣਗੇ, ਨਾਲੇ ਹਾਅ ਜਿਹੜੀਆਂ ਲੱਤਾਂ ਮਾਰਦਾ ਜਾਨੈ ਕੋਹ ਵਾਰ-ਵਾਰ, ਤੇਰੀ ਜਾਨ ਨੂੰ ਵੀ ਸੌਖ ਹੋਜੂ।’

ਰਾਣੀ ਹਰ ਰੋਜ਼ ਮੇਰੇ ਨਾਲ ਆਉਂਦੀ ਜਾਂਦੀ ਇੰਝ ਹੀ ਨਿੱਕੀਆਂ-ਨਿੱਕੀਆਂ ਗੱਲਾਂ ਦੀ ਲੜੀ ਛੋਹੀ ਰੱਖਦੀ ਐ। ਆਪਣੇ ਘਰ ਪਰਿਵਾਰ ਨਾਲੋਂ ਉਹ ਬਹੁਤੀਆਂ ਗੱਲਾਂ ਵੱਡੀਆਂ ਕੋਠੀਆਂ ਵਾਲੇ ਸ਼ਹਿਰੀਆਂ ਦੀਆਂ ਕਰਦੀ ਐ। ਹੁਣ ਤਾਂ ਸ਼ਹਿਰਨਾਂ ਵਾਂਗ ਆਪ ਵੀ ਲੀੜਾ ਕੱਪੜਾ ਪਾਉਣ ਲੱਗ ਪਈ। ਨੌਕਰੀ ਕਰਨ ਵਾਲਿਆਂ ਵਾਂਗ ਬਣ-ਫਬ ਕੇ ਨਿਕਲਦੀ ਐ। ਰੰਗ ਭਾਵੇਂ ਇਹਦਾ ਥੋੜ੍ਹਾ ਮੈਲਾ ਜਿਹਾ ਹੀ ਐ, ਪਰ ਸਰੀਰ ਭਰਵਾਂ ਹੋਣ ਕਰਕੇ ਲੀੜਾ-ਕੱਪੜਾ ਪਾਇਆ ਜੱਚਦਾ ਐ ਇਹਨੂੰ।

ਆਉਂਦਿਆਂ ਜਾਂਦਿਆਂ ਕੋਲੋਂ ਲੰਘਣ ਵਾਲੇ ਲੋਕ ਸਾਨੂੰ ਭਉਂ-ਭਉਂ ਕੇ ਵੇਖਦੇ ਐ। ਪਿੱਛੇ ਬੈਠੀ ਰਾਣੀ ਭਾਵੇਂ ਇਹਨਾਂ ਦੀ ਕੋਈ ਪ੍ਰਵਾਹ ਨਹੀਂ ਕਰਦੀ, ਸਗੋਂ ਵੇਖ ਉਹਦਾ ਹਾਸਾ ਹੋਰ ਉੱਚੀ ਛਣਕਦਾ। ਪਰ ਜਦੋਂ ਵੀ ਇੰਝ ਸਾਨੂੰ ਵੇਹੰਦਿਆਂ ਕੋਲੋਂ ਦੇ ਲੰਘਦੇ ਕਿਸੇ ਨਾਲ ਵੀ ਮੇਰੀ ਨਿਗਾਹ ਮਿਲਦੀ ਐ ਤਾਂ ਮੈਂ ਆਪਣੀਆਂ ਅੱਖਾਂ ਨੀਵੀਆਂ ਕਰ ਲੈਂਦਾ ਤੇ ਸਾਂਵੀਂ ਪੱਧਰੀ ਚਾਲੇ ਚਲਦੇ ਸਾਇਕਲ ਦੇ ਪੈਡਲ ਹੋਰ ਤੇਜ਼ ਮਾਰਨ ਲੱਗਦਾ ਤਾਂ ਜੋ ਇਹੋ ਜਿਹੀਆਂ ਨਜ਼ਰਾਂ ਤੋਂ ਰਾਣੀ ਨੂੰ ਲੈ ਕੇ ਕਿਤੇ ਦੂਰ ਨਿਕਲ ਜਾਵਾਂ।

ਅੱਜ ਰਾਣੀ ਮੇਰੇ ਨਾਲ ਨਹੀਂ ਆਈ। ਭਾਵੇਂ ਮੈਂ ਅੱਜ ਤੁਰਨ ਵੇਲੇ ਉਸਨੂੰ ਨਾ ਤਾਂ ਆਵਾਜ਼ ਮਾਰੀ ਸੀ ਤੇ ਨਾ ਹੀ ਸਾਇਕਲ ਦੀ ਘੰਟੀ ਵਜਾਈ ਸੀ। ਫਿਰ ਵੀ ਬਾਹਰਲੇ ਦਰਵਾਜਿਉਂ ਸਾਇਕਲ ਹੇਠਾਂ ਲਾਹ ਕੇ ਪਿਛਾਂਹ ਨੂੰ ਝਾਤੀ ਜ਼ਰੂਰ ਮਾਰੀ ਸੀ। ਪਿਛਲੇ ਕਮਰੇ ਵਿੱਚ ਪਿਛਾੜੀ ਕਰਕੇ ਲੇਟੀ ਰਾਣੀ ਕੋਈ ਹਿਲਜੁਲ ਨਹੀਂ ਸੀ ਕਰ ਰਹੀ। ਮੂੰਹ-ਸਿਰ 'ਤੇ ਚੁੰਨੀ ਤਾਣੀ ਹੋਣ ਕਰਕੇ ਉਸਦਾ ਸੁੱਤੀ-ਜਾਗਦੀ ਦਾ ਵੀ ਕੋਈ ਪਤਾ ਨਹੀਂ ਸੀ ਲੱਗ ਰਿਹਾ। ਸਾਇਕਲ 'ਤੇ ਕੱਪੜਾ ਮਾਰਦਿਆਂ ਮੈਂ ਆਪਣੇ ਪੈਰਾਂ ਦਾ ਇੱਕ ਦੋ ਵਾਰ ਖੜਾਕ ਵੀ ਕੀਤਾ ਸੀ ਅਤੇ ਖੰਘੂਰਾ ਵੀ ਮਾਰਿਆ ਸੀ। ਅਗਿਉਂ ਕੋਈ ਵੀ ਹਿਲਜੁਲ ਨਾ ਵੇਖ ਮੈਂ ਅਣਮੰਨੇ ਜਿਹੇ ਮਨ ਨਾਲ ਗਲੀ ਵਾਲਾ ਮੋੜ ਮੁੜ ਗਿਆ ਸਾਂ।

ਸਾਇਕਲ ਰੇੜ੍ਹਦਾ ਮੈਂ ਪੁਲ 'ਤੇ ਆਣ ਪਹੁੰਚਿਆਂ। ਵੱਡੀ ਜਰਨੈਲੀ ਸੜਕ ਨਹਿਰ ਦੇ ਓਪਰੋਂ ਦੀ ਲੰਘਦੀ ਐ ਏਥੋਂ। ਪੁੱਲ ਦੇ ਹੇਠੋਂ ਗੁਜ਼ਰਦਾ ਅਣਕਿਆਸਾ ਪਾਣੀ ਢਲਾਨ ਤੋਂ ਹੇਠਾਂ ਨੂੰ ਡਿੱਗਦਾ ਅਜੀਬ ਕਿਸਮ ਦੀ ਆਵਾਜ਼ ਪੈਦਾ ਕਰ ਰਿਹਾ ਹੈ। ਮੈਂ ਖੜ੍ਹਾ-ਖੜ੍ਹਾ ਅੱਡੀਆਂ ਚੁੱਕ ਕੇ ਵੇਖਣ ਦੀ ਕੋਸ਼ਿਸ਼ ਕਰਦਾਂ। ਤੇਜ਼ ਰਫ਼ਤਾਰ ਨਾਲ ਡਿੱਗਦੇ ਖੌਰੂ ਪਾਉਂਦੇ ਪਾਣੀ ਦੇ ਗੋਲ-ਗੋਲ ਛੱਲੇ ਜਿਹੇ ਵੇਖ ਦਿਮਾਗ਼ ਵਿੱਚ ਚੱਕਰ ਜਿਹਾ ਘੁੰਮਣ ਲੱਗਦੈ। ਮੈਨੂੰ ਨੇਰ੍ਹੀ ਜਿਹੀ ਆਉਣ ਲੱਗੀ ਐ। ਮੈਨੂੰ ਲੱਗਦਾ ਜਿਵੇਂ ਮੈਂ ਤਿਲਕ ਕੇ ਡੂੰਘੇ ਪਾਣੀ 'ਚ ਜਾ ਪਵਾਂਗਾ। ਰਿੜ੍ਹਨੋਂ ਵੀ ਆਤਰ ਹੋਏ ਖਲੋਤੇ ਸਾਇਕਲ ਦੀਆਂ ਬਰੇਕਾਂ ਨੂੰ ਮੈਂ ਦੋਹਾਂ ਹੱਥਾਂ ਦੀ ਪਕੜ ਨਾਲ ਹੋਰ ਟੈਟ ਕਰ ਕੇ ਫੜ ਲਿਆ ਹੈ। ਇਸ ਉਲਝਣ 'ਚੋਂ ਬਾਹਰ ਆਉਣ ਲਈ ਮੈਂ ਦੋ ਪੈਰ ਪਿਛਾਂਹ ਹੱਟ ਜਾਂਦਾ ਹਾਂ ਅਤੇ ਪਾਸੇ ਹੋ ਕੇ ਕਿਤੇ ਬੈਠਣ ਦੀ ਕੋਸ਼ਿਸ਼ ਕਰਦਾ ਹਾਂ।

ਰਾਣੀ ਪਿੰਡੋਂ ਮੇਰੇ ਨਾਲ ਇਸੇ ਮੋੜ ਤੀਕ ਆਉਂਦੀ ਹੈ। ਇੱਥੋਂ ਸਾਡੇ ਰਾਹ ਵੱਖਰੇ-ਵੱਖਰੇ ਹੋ ਜਾਂਦੇ ਹਨ। ਉਹ ਇਥੋਂ ਖੱਬੇ ਹੱਥ ਮੁੜਦਿਆਂ ਸ਼ਹਿਰ ਵੱਲ ਨੂੰ ਜਾਂਦੀ ਸੜਕੇ ਜਾ ਚੜ੍ਹਦੀ ਹੈ ਤੇ ਮੈਂ ਸੱਜੇ ਹੱਥ ਬਾਹਰਵਾਰ ਕਵਾੜੀਆਂ ਦੀਆਂ ਦੁਕਾਨਾਂ ਨੂੰ ਜਾਂਦੇ ਉੱਬੜ-ਖਾਬੜ ਰਸਤੇ 'ਤੇ ਚੜ੍ਹਦਿਆਂ ਜਦੋਂ ਪਿਛਾਂਹ ਨੂੰ ਝਾਤੀ ਮਾਰਦਾ ਹਾਂ ਤਾਂ ਛੋਹਲੇ ਪੈਰੀਂ ਤੁਰੀ ਜਾਂਦੀ ਰਾਣੀ ਥੋੜ੍ਹਾ ਕੁ ਅਟਕਦੀ ਐ ਤੇ ਫਿਰ ਧੌਣ ਭੂੰਆਂ ਕੇ ਦੂਰੋਂ ਮੇਰੇ ਵੱਲ ਝਾਕਦਿਆਂ ਹਵਾ 'ਚ ਹਲਕਾ ਜਿਹਾ ਹੱਥ ਹਿਲਾਉਂਦੀ ਐ। ਸਾਡੇ ਦੋਹਾਂ ਦੇ ਵਿਚਕਾਰ ਤੇਜ਼ ਸਪੀਡ 'ਚ ਭੱਜੀਆਂ ਜਾਂਦੀਆਂ ਗੱਡੀਆਂ ਹੋਣ ਕਰਕੇ ਉਸਦਾ ਹਿਲਦਾ ਹੱਥ ਭਾਵੇਂ ਬਹੁਤੀ ਵਾਰੀ ਵਿਖਾਈ ਨਹੀਂ ਵੀ ਦਿੰਦਾ ਐਂ, ਫਿਰ ਵੀ ਰਾਣੀ ਦਾ ਭਉਂ ਕੇ ਵੇਖਣਾ ਮੰਨ ਅੰਦਰ ਇੱਕ ਤਰੰਗ ਜਿਹੀ ਜ਼ਰੂਰ ਛੇੜਦਾ। ਵਾਪਸ ਜਾਣ ਵੇਲੇ ਉਹ ਮੈਨੂੰ ਇੱਥੇ ਹੀ ਮਿਲਦੀ ਐ। ਅੱਖ ਮਿਲਦੇ ਸਾਰ ਉਹ ਬੁੱਲ੍ਹੀਆਂ 'ਚ ਨਿੰਮ੍ਹਾ ਜਿਹਾ ਹੱਸਦੀ ਐ। ਫਿਰ ਪਿੱਛੇ ਬਹਿਣ ਲੱਗੀ ਪੋਲਾ ਜਿਹਾ ਹੱਥ ਮੇਰੇ

ਡੌਲੇ ਨੂੰ ਪਾਉਂਦੀ ਹੈ ਤਾਂ ਦਿਨ ਭਰ ਦਾ ਥਕੇਵਾਂ ਲਹਿ ਜਾਂਦਾ।

ਨਹਿਰ ਵਾਲੇ ਪਾਸਿਉਂ ਕਦੀ-ਕਦੀ ਹਵਾ ਦਾ ਝੋਕਾ ਜਿਹਾ ਆਉਣ ਲੱਗਿਆ। ਮੱਥੇ 'ਤੇ ਟਪਕਦੀਆਂ ਪਸੀਨੇ ਦੀਆਂ ਬੂੰਦਾਂ ਸਹਿਜ-ਸਹਿਜ ਸੁੱਕਣ ਲੱਗੀਆਂ ਹਨ। ਗਲ ਪਾਏ ਕਮੀਜ਼ ਦੇ ਉਪਰਲੇ ਬਟਨ ਇੱਕ-ਇੱਕ ਕਰਕੇ ਖੋਲ੍ਹਣ ਦੀ ਕੋਸ਼ਿਸ਼ ਕਰਦਾ ਤਾਂ ਮੱਠੀ-ਮੱਠੀ ਵਗਦੀ ਹਵਾ ਹਿੱਕ ਦੇ ਧੁਰ ਅੰਦਰ ਤੀਕ ਠੰਡਕ ਜਿਹੀ ਦਾ ਅਹਿਸਾਸ ਕਰਵਾਉਂਦੀ ਐ। ਗੁਜ਼ਰੇ ਸਮੇਂ ਦੀ ਤੰਦ ਮੈਨੂੰ ਬਹੁਤ ਪਿੱਛੇ ਲੈ ਜਾਂਦੀ ਐ।

ਕਿਤੇ ਮੁਕਲਾਵੇ-ਤਰਾਜ਼ਵੇਂ ਵੇਲਿਆਂ ਦੀ ਗੱਲ ਹੈ ਜਦੋਂ ਪੇਕੇ ਗਈ ਰਾਣੀ ਨੂੰ ਮੈਂ ਲੈਣ ਗਿਆ ਸਾਂ। ਪਿੰਡ ਦੀ ਫਿਰਨੀ ਤੋਂ ਅਗਾਂਹ ਤੀਕ ਲਾਗੇ-ਚਾਗੇ ਦੀਆਂ ਕੁੜੀਆਂ ਤੇ ਘਰ ਦੇ ਜੀਅ ਸਾਨੂੰ ਤੋਰਨ ਆਏ ਸਨ। ਐਟਲਸ ਸਾਇਕਲ ਮੈਂ ਨਵਾਂ-ਨਵਾਂ ਕਢਵਾਇਆ ਸੀ ਉਦੋਂ। ਰਾਣੀ ਹੱਥੋਂ ਮੈਂ ਗੁਲਾਬੀ ਬੂਟੀਆਂ ਵਾਲਾ ਝੋਲਾ ਫੜ ਕੇ ਅੱਗੇ ਟੋਕਰੀ ਵਿੱਚ ਟਿਕਾ ਲਿਆ ਸੀ। ਮੈਂ ਸਹਿਜ ਨਾਲ ਪੈਡਲ ਮਾਰੇ। ਸਾਇਕਲ ਰਿੜ੍ਹਿਆ। ਰਾਣੀ ਕੈਰੀਅਰ ਨੂੰ ਹੱਥ ਪਾ ਕੇ ਫੁਰਤੀ ਨਾਲ ਪਿੱਛੇ ਬੈਠ ਗਈ ਸੀ। ਭਾਵੇਂ ਮੇਰਾ ਹੱਥ ਡੋਲਿਆ ਸੀ ਪਰ ਮੈਂ ਮਹਿਸੂਸ ਨਹੀਂ ਸੀ ਹੋਣ ਦਿੱਤਾ। ਦਿਵਾਲੀ ਦਾ ਲਾਗਾ-ਬੰਨਾ ਜਿਹਾ ਸੀ ਉਦੋਂ। ਸਾਡੇ ਦੋਵੇਂ ਪਾਸੇ ਬਾਸਮਤੀਆਂ ਨਿਸਰੀਆਂ ਖੜੀਆਂ ਝੂਮ ਰਹੀਆਂ ਸਨ। ਮੱਠੀ-ਮੱਠੀ ਚਾਲੇ ਆਉਂਦੇ ਅਸੀਂ ਰਾਣੀ ਦੇ ਪਿੰਡ ਵਾਲੀ ਜੂਹ ਕਦੋਂ ਦੀ ਪਿੱਛੇ ਛੱਡ ਆਏ ਸਾਂ।

ਬੇਸ਼ੱਕ ਰਾਣੀ ਹੁਣ ਤਕ ਚੁੱਪ-ਚਾਪ ਹੀ ਬੈਠੀ ਸੀ ਪਿੱਛੇ; ਫਿਰ ਵੀ ਉਹਦੀਆਂ ਬਾਹਵਾਂ ਵਿਚਲੇ ਲਾਲ ਚੂੜੇ ਦੀ ਛਣਕਾਹਟ ਕਦੀ ਕਦੀ ਸੁਣਾਈ ਦੇਂਦੀ ਤਾਂ ਦਿਮਾਗ਼ 'ਚ ਇੱਕ ਤਿਰੰਗ ਜਿਹੀ ਛਿੜਦੀ। ਜਿਹੜੀ ਹਿੱਕ ਚੀਰਦੀ ਹੇਠਾਂ ਵੱਲ ਜਾਂਦਿਆਂ ਇੱਕ ਝੁਣਝੁਣੀ ਜਿਹੀ ਛੇੜਦੀ ਜਾਂਦੀ। ਮੈਂ ਇੱਕ ਦੋ ਵਾਰੀ ਹਲਕਾ ਜਿਹਾ ਖੰਘੂਰਾ ਮਾਰਦਿਆਂ ਕੋਈ ਨਾ ਕੋਈ ਗੱਲ ਦਾ ਮੁੱਢ ਬੰਨ੍ਹਣ ਦੀ ਕੋਸ਼ਿਸ਼ ਤਾਂ ਕੀਤੀ ਪਰ ਅਗਾਂਹ ਕੋਈ ਵੀ ਤੰਦ ਮੇਰੇ ਹੱਥ ਨਹੀਂ ਸੀ ਆ ਰਹੀ। ਸ਼ਾਇਦ ਰਾਣੀ ਮੇਰੀ ਇਸ ਦੁਚਿੱਤੀ ਨੂੰ ਭਾਂਪ ਗਈ ਸੀ ਤਾਂ ਹੀ ਉਸ ਨੇ ਪਹਿਲ ਕਦਮੀ ਕਰਦਿਆਂ ਗੱਲ ਸ਼ੁਰੂ ਕੀਤੀ ਸੀ।

'ਹੈਂ ਜੀ, ਇੱਕ ਗੱਲ ਕਹਿਣੀ ਸੀ।' ਘੁੰਗਰੂਆਂ ਦੀ ਟੁਣਕਾਰ ਵਰਗੇ ਬੋਲ ਮੇਰੇ ਕੰਨੀ ਪਏ ਸਨ।

'ਹਾਂ ਦੱਸ', ਮੈਂ ਅਗਿਉਂ ਝੱਟ ਬੋਲਿਆ ਸਾਂ।

'ਸ਼ੈਕਲ ਮੈਂ ਚਲਾਵਾਂ।' ਉਹਦੀ ਆਵਾਜ਼ ਵਿੱਚ ਉਤਸ਼ਾਹ ਸੀ।

'ਜਾਚ ਐ ਤੈਨੂੰ ?' ਮੈਂ ਹੈਰਾਨੀ ਜਿਹੀ 'ਚ ਪੁੱਛਿਆ।

'ਲੈ ਹੋਰ' ਉਹ ਬੇਫ਼ਿਕਰੀ ਨਾਲ ਬੋਲੀ ਸੀ।

'ਡਿੱਗ ਪਾਂਗੇ', ਮੈਂ ਡਰਦਿਆਂ ਕਿਹਾ ਸੀ।

'ਲੈ ਮੈਂ ਵੀਹ ਵਾਰੀ ਬੀਬੀ ਨੂੰ ਮਗਰ ਬਿਠਾਇਆ।'

ਉਸ ਦ੍ਰਿੜ੍ਹਤਾ ਨਾਲ ਕਿਹਾ ਸੀ।

ਮੇਰੇ ਤੋਂ ਨਾ ਚਾਹੁੰਦਿਆਂ ਹੋਇਆਂ ਵੀ ਬਰੇਕ ਵੱਜ ਗਈ ਸੀ। ਅਗਾਂਹ ਹੁੰਦਿਆਂ ਰਾਣੀ ਨੇ ਮੇਰੇ ਹੱਥੋਂ ਸਾਇਕਲ ਦਾ ਹੈਂਡਲ ਆ ਫੜਿਆ। ਉਹ ਮੇਰੇ ਵਾਂਗ ਕਿਸੇ ਉੱਚੀ ਥਾਂ ਦੇ ਆਸਰੇ

ਨਾਲ ਸਾਇਕਲ 'ਤੇ ਨਹੀਂ ਸੀ ਚੜ੍ਹੀ। ਸਗੋਂ ਖੱਬੇ ਪੈਰ ਨਾਲ ਇੱਕ ਦੋ ਵਾਰੀ ਅੱਧਾ-ਅੱਧਾ ਪੈਡਲ ਮਾਰਿਆ ਤੇ ਪਲਾਕੀ ਮਾਰ ਕੇ ਕਾਠੀ ਉੱਤੇ ਜਾ ਬੈਠੀ ਸੀ। ਮੇਰੇ ਪਿੱਛੇ ਬਹਿਣ ਨਾਲ ਨਾ ਉਸ ਤੋਂ ਹੈਂਡਲ ਡੋਲਿਆ ਸੀ ਤੇ ਨਾ ਹੀ ਰਫ਼ਤਾਰ ਵਿੱਚ ਕੋਈ ਫ਼ਰਕ ਪਿਆ ਸੀ।

ਸੂਰਜ ਲਹਿੰਦੇ ਵੱਲ ਬਹੁਤ ਦੂਰ ਰੁੱਖਾਂ ਦੇ ਸੰਘਣੇ ਝੁੰਡ ਉਹਲੇ ਛਿੱਪ ਜਾਣ ਲਈ ਕਾਹਲਾ ਪੈ ਰਿਹਾ ਸੀ। ਚਿੱਟੇ ਰੂੰ ਦੇ ਫੰਬਿਆਂ ਵਰਗੇ ਵਿਰਲੇ-ਟਾਵੇਂ ਬੱਦਲ ਦੂਰ ਨੀਲੇ ਅੰਬਰਾਂ 'ਚ ਇੱਕ ਦੂਜੇ ਦੇ ਅੱਗੇ ਪਿੱਛੇ ਭੱਜਦੇ ਹਵਾ 'ਚ ਤਾਰੀਆਂ ਲਾ ਰਹੇ ਸਨ। ਬਾਸਮਤੀਆਂ ਦੇ ਦੋਧੇ ਦਾਣਿਆਂ ਨੂੰ ਸੁੰਗਦੀਆਂ ਘੁੱਗੀਆਂ ਗਟਾਰਾਂ ਚੀਂ-ਚੀਂ ਕਰਦੀਆਂ ਸਾਡੇ ਉੱਤੋਂ ਦੀ ਉੱਡ ਰਹੀਆਂ ਸਨ। ਬੱਝਵੀਂ ਚਾਲੇ ਚੱਲਦੇ ਸਾਇਕਲ ਨੇ ਘੂਕਰ ਬੰਨ੍ਹ ਲਈ ਸੀ। ਪਤਾ ਨਹੀਂ ਮੈਨੂੰ ਛੇੜਨ ਬਹਾਨੇ ਜਾਂ ਕੁੱਝ ਹੋਰ, ਉਹ ਸ਼ਰਾਰਤ ਜਿਹੀ ਨਾਲ ਮੁੜ-ਮੁੜ ਘੰਟੀ ਵਜਾਉਂਦੀ। ਮੈਨੂੰ ਪਤਾ ਸੀ ਉਹ ਮੇਰਾ ਧਿਆਨ ਹੋਰ ਪਾਸੇ ਨਹੀਂ ਸੀ ਹੋਣ ਦੇਣਾ ਚਾਹੁੰਦੀ। ਉਹਦਾ ਇੰਝ ਕਰਨਾ ਮੈਨੂੰ ਚੰਗਾ ਲੱਗ ਰਿਹਾ ਸੀ। ਉਹਦੀ ਲੰਬੀ ਕਾਲੀ ਗੁੱਤ ਦੇ ਫੁੰਮਣ ਮੇਰੇ ਪਿੱਛੇ ਬੈਠੇ ਦੀ ਝੋਲੀ 'ਚ ਪਏ ਉਪਰ ਹੇਠਾਂ ਹੁੰਦਿਆਂ ਅੱਠਖੇਲੀਆਂ ਕਰ ਰਹੇ ਸਨ। ਉਹਦੇ ਸਿਰ 'ਤੇ ਸੁਨਹਿਰੀ ਗੋਟੇ ਵਾਲੇ ਜ਼ਹਿਰ ਮੋਹਰੇ ਲੀੜੇ ਦੇ ਦੋਵੇਂ ਸਿਰੇ ਬੇਫ਼ਿਕਰੀ ਨਾਲ ਹਵਾ 'ਚ ਉੱਡਦਿਆਂ ਮੇਰੇ ਮੋਢਿਆਂ ਨਾਲ ਖਹਿ-ਖਹਿ ਜਾ ਰਹੇ ਸਨ, ਜਿਵੇਂ ਆਪਣੇ ਕਲਾਵੇ 'ਚ ਲੈਣ ਲਈ ਕਾਹਲੇ ਪੈ ਰਹੇ ਹੋਣ।

ਕਾਹਲਾ ਤਾਂ ਮੈਂ ਵੀ ਕੱਲ੍ਹ ਇਸੇ ਮੋੜ 'ਤੇ ਖਲੋਤਾ ਖਲੋਤਾ ਬਹੁਤ ਪਿਆ ਸਾਂ ਜਦੋਂ ਰਾਣੀ ਮੈਨੂੰ ਰੋਜ਼ ਦੀ ਤਰ੍ਹਾਂ ਘਰ ਜਾਣ ਵੇਲੇ ਇੱਥੇ ਨਹੀਂ ਸੀ ਮਿਲੀ। ਮੈਂ ਕਮਲਿਆਂ ਵਾਂਗ ਹਨੇਰਾ ਹੋਣ ਤੀਕ ਸ਼ਹਿਰੋਂ ਆਉਂਦੀ ਭੀੜ ਦੇ ਹੜ੍ਹ ਨੂੰ ਆਪਣਿਆਂ ਦੀਦਿਆਂ ਨਾਲ ਛਾਣਦਾ ਰਿਹਾ ਸਾਂ ਤੇ ਉਹ ਕਿਤੇ ਵੀ ਨਜ਼ਰੀ ਨਹੀਂ ਸੀ ਪਈ।

ਕੱਲ੍ਹ ਦੁਪਹਿਰ ਤੋਂ ਹੀ ਸ਼ੁਰੂ ਹੋਈ ਆਵਾਜਾਈ ਅਜੇ ਤੀਕ ਵੀ ਖ਼ਤਮ ਨਹੀਂ ਸੀ ਹੋਈ। ਸਾਇਕਲ ਦੀ ਕਾਠੀ 'ਤੇ ਕੂਹਣੀ ਦਾ ਆਸਰਾ ਲੈ ਕੇ ਖਲੋਤੇ ਦੀਆਂ ਲੱਤਾਂ ਸੁੰਨ ਹੋਣ ਲੱਗੀਆਂ ਸਨ। ਪੈਰਾਂ ਤੋਂ ਪਿੰਨੀਆਂ ਵੱਲ ਨੂੰ ਨਾੜਾਂ 'ਚ ਉੱਠਦੀਆਂ ਕੀੜੀਆਂ ਜਿਹੀਆਂ ਤੋਂ ਨਿਯਾਤ ਦਿਵਾਉਣ ਲਈ ਮੈਂ ਵਾਰੋ-ਵਾਰੀ ਦੋਹਾਂ ਕੱਛਾਂ ਨੂੰ ਛੰਡਦਾ ਹਾਂ ਤੇ ਖਲੋਤਾ-ਖਲੋਤਾ ਐਵੇਂ ਬੇਮਤਲਬਾ ਹੀ ਸਾਇਕਲ ਦੇ ਪੈਡਲ ਪਿੱਛੇ ਨੂੰ ਘੁੰਮਾਉਣ ਲੱਗਦਾ ਹਾਂ। ਢਿੱਲੀ ਹੋਈ ਚੇਨ ਅੱਧਿਉਂ ਬਹੁਤੇ ਘੱਸ ਗਏ ਫਰਾਈਵੀਲ ਦੇ ਦੰਦਿਆਂ ਉਪਰੋਂ ਦੀ ਚਲਦਿਆਂ ਅਜੀਬ ਜਿਹੀ ਆਵਾਜ਼ ਪੈਦਾ ਕਰਦੀ ਹੈ, ਜਿਸ ਨਾਲ ਦਿਮਾਗ਼ ਅੰਦਰਲੀ ਘੁੰਮਣਘੇਰੀ ਮੱਠਾ ਪੈਣ ਦੀ ਬਜਾਏ ਹੋਰ ਤੇਜ਼ ਹੋਣ ਲਗਦੀ ਹੈ। ਮਨ ਹੋਰ ਥੇ ਪਾਉਣ ਲਈ ਮੈਂ ਸਾਇਕਲ ਉਸੇ ਤਰ੍ਹਾਂ ਖੜ੍ਹਾ ਛੱਡ ਆਪ ਏਧਰ ਉਧਰ ਟਹਿਲਣ ਲੱਗਿਆ ਸਾਂ।

ਕਾਰ ਦੇ ਹੂਟਰ ਵਰਗੇ ਹਾਰਨ ਨੇ ਮੇਰੇ ਕੰਨ ਖੜ੍ਹੇ ਕੀਤੇ। ਚਾਂਦੀ ਵਾਲਾ ਸਰਦਾਰ ਲੰਘ ਕੇ ਗਿਆ। ਕਾਲੇ ਰੰਗ ਦੀ ਨਵੀਂ ਨਿਕੋਰ ਗੱਡੀ ਛੂੰ ਕਰਕੇ ਮੇਰੇ ਕੋਲੋਂ ਦੀ ਗੁਜ਼ਰੀ ਐ। ਗੱਡੀ ਦੇ ਪਿੱਛੇ-ਪਿੱਛੇ ਮਿੱਟੀ ਘੱਟਾ ਤੇ ਹੋਰ ਕੱਖ-ਕਾਨ ਆਪਣੇ ਨਾਲ ਧੂਹੀ ਆਉਂਦਾ ਤੇਜ਼ ਹਵਾ ਦਾ ਬੁੱਲ੍ਹਾ ਮੇਰੇ ਵਿੱਚ ਵੱਜਿਆ ਹੈ। ਅੱਖਾਂ ਵਿੱਚ ਉੱਡਦਾ ਘੱਟਾ ਮਿੱਟੀ ਪੈਣ ਕਰਕੇ ਮੈਂ ਬੌਂਦਲ ਜਿਹਾ ਗਿਆ ਸਾਂ ਤੇ ਮੇਰੇ ਪੈਰ ਉੱਖੜ ਗਏ ਸਨ। ਮੈਂ ਕਿੰਨਾ ਚਿਰ ਦੋਹਾਂ ਹੱਥਾਂ ਨਾਲ ਆਪਣੀਆਂ ਅੱਖਾਂ ਨੂੰ ਮਲਦਾ ਰਿਹਾ ਸਾਂ ਤਾਂ ਵੀ ਅੱਖਾਂ ਵਿਚਲੀ ਰੜਕ ਮੈਨੂੰ ਪ੍ਰੇਸ਼ਾਨ ਕਰ ਰਹੀ ਸੀ।

ਸ਼ਹਿਰੋਂ ਹਟਵੀਂ ਨਵੀਂ ਬਣੀ ਆਲੀਸ਼ਾਨ ਕਾਲੋਨੀ ਵਿੱਚ ਕੋਠੀ ਪਾਈ ਐ ਸਰਦਾਰ ਨੇ। ਲੋਕ ਚਾਂਦੀ ਵਾਲਿਆਂ ਦੀ ਕੋਠੀ ਕਹਿੰਦੇ ਐ ਉਸਨੂੰ। ਅੱਗੇ ਪਿੱਛੇ ਖੁੱਲ੍ਹੀਆਂ ਸੜਕਾਂ ਲਗਦੀਆਂ ਨੇ ਤੇ ਦੋਹਾਂ ਸੜਕਾਂ ਉੱਤੇ ਹੀ ਆਉਣ ਜਾਣ ਲਈ ਗੇਟ। ਕੋਠੀ ਤਿਆਰ ਐ ਪੂਰੀ। ਸਰਦਾਰ ਨੇ ਰਿਹਾਇਸ਼ ਨਹੀਂ ਕੀਤੀ ਅਜੇ। ਸਾਫ਼-ਸਫ਼ਾਈਆਂ ਤੇ ਰੰਗ ਰੋਗਨ ਦੇ ਛੋਟੇ ਮੋਟੇ ਕੰਮ ਚਲ ਰਹੇ ਹਨ।

ਕਈ ਦਿਨਾਂ ਦਾ ਮੈਂ ਵੀ ਉੱਥੇ ਹੀ ਕੰਮ ਕਰ ਰਿਹਾਂ। ਚਾਂਦੀ ਵਾਲਾ ਸਰਦਾਰ ਖਾਣ ਪੀਣ ਦਾ ਸ਼ੁਕੀਨ ਐ। ਕੋਈ ਨਾ ਕੋਈ ਇਹਦੇ ਨਾਲ ਆਇਆ ਹੀ ਰਹਿੰਦਾ। ਹਰ ਰੋਜ਼ ਉਪਰ ਵਾਲੇ ਕਮਰੇ ਵਿੱਚ ਵੜੇ ਰਹਿੰਦੇ ਐ ਕਿੰਨਾ-ਕਿੰਨਾ ਚਿਰ ਬੂਹਾ ਢੋਅ ਕੇ।

ਕੱਲ੍ਹ ਦੁਪਹਿਰੇ ਵੀ ਸਰਦਾਰ ਆਇਆ ਸੀ ਚੁੱਪ ਚੁਪੀਤੇ ਤੇ ਦੱਬੇ ਪੈਰੀਂ ਉੱਪਰ ਜਾ ਚੜ੍ਹਿਆ ਸੀ। ਮੈਂ ਬਾਹਰਲੇ ਪਾਰਕ ਵਿੱਚ ਮਿੱਟੀ ਪੱਧਰੀ ਕਰ ਰਿਹਾ ਸਾਂ। ਫ਼ੋਨ ਸੁਣਦਾ-ਸੁਣਦਾ ਹੇਠਾਂ ਉਤਰਿਆ ਸੀ। ਗੱਡੀ ਵਿੱਚੋਂ ਪਾਣੀ ਦੀ ਬੋਤਲ ਕੱਢ ਕੇ ਮੈਨੂੰ ਇਸ਼ਾਰੇ ਜਿਹੇ ਨਾਲ ਪਾਣੀ ਉੱਪਰ ਛੱਡ ਕੇ ਆਉਣ ਲਈ ਕਹਿੰਦਿਆਂ ਆਪ ਉਸੇ ਤਰ੍ਹਾਂ ਫੋਨ ਸੁਣਦਾ-ਸੁਣਦਾ ਬਾਹਰ ਵੱਲ ਨੂੰ ਹੋ ਗਿਆ ਸੀ।

ਮਹਿੰਗੇ ਸੰਗਮਰਮਰੀ ਪੱਥਰ ਵਾਲੀਆਂ ਪੌੜੀਆਂ ਚੜ੍ਹਨ ਤੋਂ ਪਹਿਲਾਂ ਮੈਂ ਪੈਰੀਂ ਪਾਈਆਂ ਅੱਧੋਰਾਣੀਆਂ ਚੱਪਲਾਂ ਬਾਹਰ ਹੀ ਲਾਹ ਦਿੱਤੀਆਂ ਸਨ ਤੇ ਵਾਰੋ-ਵਾਰੀ ਆਪਣੇ ਦੋਹਾਂ ਹੱਥਾਂ ਨੂੰ ਆਪਣੇ ਗਲ ਪਾਏ ਕਮੀਜ਼ ਦੇ ਪਿਛਲੇ ਪਾਸੇ ਚੰਗੀ ਤਰ੍ਹਾਂ ਘਿਸਾ ਕੇ ਸਾਫ਼ ਕਰ ਲਿਆ ਸੀ ਤਾਂ ਜੋ ਪੌੜੀਆਂ ਦੁਆਲੇ ਲੱਗੀ ਸਟੀਲ ਦੀ ਮਹਿੰਗੀ ਗਰਿਲ ਮੇਰੇ ਮਿੱਟੀ-ਘੱਟੇ ਵਾਲੇ ਹੱਥਾਂ ਨਾਲ ਗੰਦੀ ਨਾ ਹੋ ਜਾਏ, ਜਿਸ ਨੂੰ ਸਰਦਾਰ ਦਿਹਾੜੀ 'ਚ ਦੋ ਵਾਰ ਕੱਪੜਾ ਮਰਵਾ ਕੇ ਰੱਖਦਾ ਸੀ। ਮੈਂ ਇਕੱਲੀ-ਇਕੱਲੀ ਪੌੜੀ ਤੇ ਪੋਲੇ ਜਿਹੇ ਕਦਮ ਧਰਦਾ ਉਪਰਲੀ ਮੰਜ਼ਿਲ 'ਤੇ ਆਣ ਪਹੁੰਚਿਆ ਸਾਂ। ਸਾਹਮਣੇ ਕਮਰੇ ਦੇ ਦਰਵਾਜ਼ੇ ਨੂੰ ਮੈਂ ਸਹਿਜ ਨਾਲ ਖੋਲ੍ਹਿਆ ਸੀ। ਸ਼ਾਇਦ ਕਬਜ਼ੇ ਨਵੇਂ ਲੱਗੇ ਹੋਣ ਕਰਕੇ ਦਰਵਾਜ਼ੇ ਦੀ ਅਜੀਬ ਕਿਸਮ ਦੀ ਘੀਂ ਕਰਕੇ ਆਵਾਜ਼ ਆਈ ਸੀ।

ਬਾਹਰਵਾਰ ਨੂੰ ਸ਼ੀਸ਼ੇ ਦੀ ਵੱਡੀ ਬਾਰੀ ਲੱਗੀ ਹੋਣ ਕਰਕੇ ਕਮਰੇ ਅੰਦਰ ਚਿੱਟੇ ਦਿਨ ਵਰਗਾ ਹੀ ਚਾਨਣ ਸੀ। ਹੱਥ 'ਚ ਫੜੀ ਪਾਣੀ ਦੀ ਬੰਦ ਬੋਤਲ ਫੜਾਉਣ ਲਈ ਮੈਂ ਖੱਬੇ ਹੱਥ ਡਿੱਠੇ ਬੈੱਡ ਵੱਲ ਨੂੰ ਸਹਿਜ ਨਾਲ ਗਿਆ ਸੀ। ਸਾਹਮਣੇ ਨਿਗ੍ਹਾ ਪੈਂਦਿਆਂ ਹੀ ਮੇਰਾ ਕਲੇਜਾ ਫੱਕ-ਫੱਕ ਕਰਕੇ ਵੱਜਣ ਲੱਗਿਆ ਸੀ। ਜਿਵੇਂ ਫੱਟ ਜਾਣ ਲੱਗਿਆ ਹੋਵੇ। ਮੇਰੇ ਦੋਵੇਂ ਪੈਰ ਜ਼ਮੀਨ 'ਤੇ ਇੰਝ ਗੱਡੇ ਗਏ ਸਨ, ਜਿਵੇਂ ਕਿਸੇ ਨੇ ਮੋਟੇ ਕਿੱਲ ਠੋਕ ਦਿੱਤੇ ਹੋਣ। ਮੇਰੇ ਲੱਖ ਯਤਨ ਕਰਨ 'ਤੇ ਵੀ ਰੱਤੀ ਭਰ ਵੀ ਹਿੱਲਿਆ ਨਹੀਂ ਸੀ ਜਾ ਰਿਹਾ ਤੇ ਖਲੋਤੇ ਦੀਆਂ ਲੱਤਾਂ ਵਿੱਚ ਕੰਬਣੀਆਂ ਛਿੜਨ ਲੱਗੀਆਂ ਸਨ। ਮੈਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਹੀਂ ਸੀ ਆ ਰਿਹਾ ਤਾਂ ਹੀ ਮੈਂ ਹੇਠ ਉੱਤੇ ਝਪਕੀਆਂ ਜਿਹੀਆਂ ਵੀ ਮਾਰੀਆਂ ਸਨ ਅਤੇ ਸਿਰ ਨੂੰ ਵੀ ਛੰਡਿਆ ਸੀ। ਨਿਗਾਹ ਭਰ ਕੇ ਬੈੱਡ ਵੱਲ ਮੁੜ ਝਾਤੀ ਮਾਰੀ ਤਾਂ ਢੋਅ ਦਾ ਆਸਰਾ ਲੈ ਕੇ ਲੱਤ 'ਤੇ ਲੱਤ ਚੜਾਅ ਕੇ ਬੈਠੀ ਰਾਣੀ ਨੂੰ ਵੇਖਦਿਆਂ ਮੈਂ ਧੁਰ ਅੰਦਰ ਤੀਕ ਝੰਜੋੜਿਆ ਗਿਆ ਸਾਂ। ਗਰਮੀਆਂ ਦੀ ਸਿਖ਼ਰ ਦੁਪਹਿਰੇ ਮੇਰੇ ਹੱਥ ਪੈਰ ਠੰਡੇ ਹੋਣ ਲੱਗੇ ਸਨ। ਨਿਗਾਹ ਮਿਲਦਿਆਂ

ਸਾਰ ਰਾਣੀ ਕੱਚੀ ਜਿਹੀ ਹੋ ਗਈ ਸੀ ਤੇ ਮੇਰੇ ਵਿੰਹਦਿਆਂ-ਵਿੰਹਦਿਆਂ ਉਹਦੇ ਚਿਹਰੇ ਦਾ ਰੰਗ ਫੱਕ ਹੋ ਗਿਆ ਸੀ। ਉਸ ਕਾਹਲੀ ਨਾਲ ਆਪਣਾ ਮੂੰਹ ਸਿਰ ਚੁੰਨੀ ਹੇਠ ਛੁਪਾਉਂਦਿਆਂ ਮੇਰੇ ਤੋਂ ਅੱਖਾਂ ਫੇਰ ਲਈਆਂ ਸਨ, ਜਿਵੇਂ ਮੈਨੂੰ ਜਾਣਦੀ ਤਕ ਨਾ ਹੋਵੇ।

ਕਮਰੇ ਅੰਦਰ ਤੇਜ਼ ਗਤੀ ਨਾਲ ਘੁੰਮਦੇ ਪੱਖੇ ਦੇ ਪਰਾਂ ਨਾਲ ਮੇਰੇ ਸਿਰ ਨੂੰ ਵੀ ਘੁੰਮਣ ਘੇਰੀ ਜਿਹੀ ਚੜ੍ਹਨ ਲੱਗੀ ਸੀ। ਮੈਨੂੰ ਲੱਗਿਆ ਜਿਵੇਂ ਚਲਦੇ ਪੱਖੇ ਦੁਆਲੇ ਬਣਿਆ ਗੋਲ ਘੇਰਾ ਘੁੰਮਦਾ-ਘੁੰਮਦਾ ਮੇਰੀ ਸਾਹ ਰਗ ਨੂੰ ਵੱਢ ਦਏਗਾ ਅਤੇ ਮੈਂ ਲਹੂ-ਲੁਹਾਣ ਹੋਇਆ ਏਸੇ ਬੈੱਡ ‘ਤੇ ਮੂਧੜੇ-ਮੂੰਹ ਜਾ ਪਵਾਂਗਾ।

ਭਾਵੇਂ ਮੈਂ ਹੁਣ ਤੀਕ ਆਪਣੇ ਆਪ ਨੂੰ ਕਾਬੂ ’ਚ ਰੱਖਿਆ ਹੋਇਆ ਸੀ ਫਿਰ ਵੀ ਗੁੱਸਾ ਤੇ ਕ੍ਰੋਧ ਮੇਰੇ ਸਿਰ ਨੂੰ ਚੜ੍ਹ ਰਿਹਾ ਸੀ ਤੇ ਅੱਖਾਂ ’ਚ ਜਿਵੇਂ ਖ਼ੂਨ ਉੱਤਰ ਆਇਆ ਸੀ। ਮੇਰਾ ਚਿੱਤ ਕਰੇ ਮੈਂ ਢੋਅ ਲਾ ਕੇ ਬੈਠੀ ਰਾਣੀ ਨੂੰ ਜਾ ਦਬੋਚਾਂ ਅਤੇ ਉਹਦੇ ਮੋਢਿਆਂ ਤੋਂ ਹੇਠਾਂ ਲਮਕਦੀ ਉਹਦੀ ਮਹਿੰਦੀ ਰੰਗੀ ਚੁੰਨੀ ਨਾਲ ਹੀ ਉਹਦਾ ਗਲ਼ ਘੁੱਟ ਦਿਆਂ।

ਰਾਣੀ ਨੂੰ ਵੀ, ਮੈਨੂੰ ਦੇਖਦਿਆਂ ਹੱਥਾਂ ਪੈਰਾਂ ਦੀ ਪੈ ਗਈ ਸੀ। ਉਹਨੇ ਕਾਹਲੀ ਨਾਲ ਪੈਰੀਂ ਜੁੱਤੀ ਅੜਾਈ ਤੇ ਵਗੈਰ ਮੇਰੇ ਨਾਲ ਅੱਖ ਲੜਾਇਆਂ ਕਮਰਿਉਂ ਬਾਹਰ ਹੋ ਗਈ ਸੀ। ਕਾਹਲ ਅਤੇ ਘਬਰਾਹਟ ਕਰਕੇ ਉਹਦੀ ਪਿੱਛੇ-ਪਿਛੇ ਫਰਸ਼ ‘ਤੇ ਧੂਹੀ ਜਾਂਦੇ ਉਹਦੇ ਸਿਰ ਵਾਲੇ ਲੀੜੇ ਦਾ ਇੱਕ ਸਿਰ ਦਰਵਾਜ਼ੇ ਦੇ ਹੈਂਡਲ ਨਾਲ ਅੜ ਕੇ ਉਹਦੇ ਸਿਰ ਤੋਂ ਲਹਿਣ ਹੀ ਲੱਗਿਆ ਸੀ, ਜਿਸ ਨੂੰ ਰਾਣੀ ਨੇ ਹੜਬੜਾਹਟ ਜਿਹੀ ’ਚ ਖੱਬੇ ਹੱਥ ਨਾਲ ਸੂਤ ਕਰਦਿਆਂ ਆਪਣਾ ਸਿਰ ਨੰਗਾ ਹੋਣ ਤੋਂ ਬਚਾਅ ਲਿਆ ਸੀ। ਗੁੱਸੇ ਦਾ ਭਰਿਆ ਪੀਤਾ ਮੈਂ ਵੀ ਉਸਦੀ ਪੈੜ ਨੱਪਦਾ ਉਹਦੇ ਪਿੱਛੇ-ਪਿੱਛੇ ਉਸੇ ਕਾਹਲ ’ਚ ਬਾਹਰ ਨਿਕਲਿਆ ਸਾਂ। ਸੰਨ੍ਹ ਤੋਂ ਫੜੇ ਗਏ ਚੋਰ ਵਾਂਗ ਮੈਂ ਵੀ ਰਾਣੀ ਨੂੰ ਇੰਝ ਨੱਠਣ ਨਹੀਂ ਸਾਂ ਦੇਣਾ ਚਾਹੁੰਦਾ।

ਰਾਣੀ ਦੇ ਤੇ ਮੇਰੇ ਵਿਚਕਾਰ ਐਵੇਂ ਡੇਢ ਕੁ ਕਦਮਾਂ ਦੀ ਵਿੱਥ ਸੀ ਮਸਾਂ। ਮੈਂ ਇੰਝ ਮੂੰਹ ਛੁਪਾ ਕੇ ਭੱਜੀ ਜਾਂਦੀ ਰਾਣੀ ਨੂੰ ਅੱਗੇ ਹੋ ਕੇ ਡੱਕਣਾ ਚਾਹੁੰਦਾ ਸਾਂ ਤਾਂ ਜੋ ਮੈਂ ਉਹਦੀਆਂ ਸ਼ਰਮਿੰਦੀਆਂ ਹੋਈਆਂ ਅੱਧ ਝੁਕੀਆਂ ਅੱਖਾਂ ’ਚ ਅੱਖਾਂ ਪਾ ਕੇ ਇਸ ਗੱਲ ਦਾ ਨਿਬੇੜਾ ਕਰ ਸਕਾਂ। ਇਸੇ ਲਈ ਮੈਂ ਤੇਜ਼ੀ ਨਾਲ ਉਹਦੇ ਪੱਬ ਤੋਂ ਹੋਰ ਅੱਗੇ ਪੱਬ ਧਰਦਿਆਂ ਥੋੜ੍ਹਾ ਜਿਹਾ ਉਸ ਤੋਂ ਹੋਰ ਅੱਗੇ ਹੋਇਆ ਸਾਂ ਤੇ ਨਾਲ ਹੀ ਹੇਠਾਂ ਮੁਆਇਨਾ ਕਰਨ ਲਈ ਮੈਂ ਪੌੜੀਆਂ ਉਪਰੋਂ ਦੀ ਤਿਲਕਵੀਂ ਜਿਹੀ ਝਾਤੀ ਹੇਠਾਂ ਵੀ ਮਾਰੀ ਸੀ। ਸਾਹਮਣੀ ਕੰਧ ‘ਤੇ ਰੰਗ ਰੋਗਨ ਕਰਨ ਲਈ ਘੋੜਾ-ਪੌੜੀ ‘ਤੇ ਚੜ੍ਹਿਆ ਲੱਕੀ ਹੇਠਲਾ ਕੰਮ ਵਿੱਚੇ ਰੋਕ ਕੇ ਸਾਡੇ ਵੱਲ ਝਾਕ ਰਿਹਾ ਸੀ। ਚਿਹਰੇ ਅਤੇ ਅੱਖਾਂ ਵਿੱਚ ਖਚਰੀ ਜਿਹੀ ਮੁਸਕਾਨ ਖਿੰਡਰੀ ਹੋਈ ਸੀ, ਜਿਸ ਨੂੰ ਵੇਖਦਿਆਂ ਮੇਰੇ ‘ਤੇ ਸੌ ਘੜਾ ਪਾਣੀ ਡੁੱਲ੍ਹ ਗਿਆ ਸੀ। ਮੇਰੇ ਪੈਰਾਂ ਨੂੰ ਜੰਜ਼ੀਰ ਵੱਜ ਗਈ ਸੀ। ਮੇਰੇ ਤੋਂ ਪੁੱਟਿਆ ਪੈਰ ਵੀ ਅਗਾਂਹ ਨਹੀਂ ਸੀ ਧਰ ਹੋਇਆ ਤੇ ਮੈਂ ਸਿਖਰ ਦੀ ਪੌੜੀ ਉੱਤੇ ਕੰਧ ਦਾ ਆਸਰਾ ਲਈ ਖੜ੍ਹਾ ਕਾਹਲੀ-ਕਾਹਲੀ ਪੌੜ੍ਹੀਆਂ ਉਤਰ ਰਹੀ ਰਾਣੀ ਦੀ ਪਿਛਾੜੀ ਨੂੰ ਝਾਕਦਿਆਂ ਸੋਚ ਰਿਹਾ ਸਾਂ ਕਿ ਅੱਜ ਤੋਂ ਘਰ ’ਚ ਇਹ ਰਹੂ ਜਾਂ ਮੈਂ, ਗੱਲ ਕਿਸੇ ਨਾ ਕਿਸੇ ਬੰਨੇ ਲਾ ਕੇ ਹਟਣੀ ਐਂ।

ਦਿਮਾਗ ਦੇ ਖੂੰਜਿਆਂ ’ਚੋਂ ਉਤਰਦੇ ਚੜ੍ਹਦੇ ਰਹੇ ਕਈ ਕਿਸਮ ਦੇ ਖਿਆਲਾਂ ਕਰਕੇ ਘਰ ਪਹੁੰਚਣ ਤੀਕ ਮੇਰਾ ਦਿਮਾਗ਼ ਫੱਟ ਜਾਣ ਨੂੰ ਆਇਆ ਸੀ। ਬਾਹਰਲੇ ਦਰਵਾਜਿਉਂ

ਅੰਦਰ ਲੰਘਦਿਆਂ ਹੀ ਵੱਡੀ ਕੁੜੀ ਹੱਥਲਾ ਕੰਮ ਵਿਚਾਲੇ ਛੱਡ ਕਾਹਲੀ ਨਾਲ ਮੇਰੇ ਕੋਲ ਆਈ ਤੇ ਡੁਸਕਦੀ ਹੋਈ ਬੋਲੀ ਸੀ, 'ਡੈਡੀ ਏਨਾ ਕੁਵੇਲਾ ਕੀਤਾ ਅੱਜ ਤੁਸੀਂ। ਅੰਦਰ ਮੰਮੀ ਵੱਲ ਵੇਖੋ। ਵਾਪਸ ਆਉਂਦੀ ਕਿਤੇ ਲਾਗੇ ਚੱਕਰ ਖਾ ਕੇ ਡਿੱਗ ਪਈ, ਨਾਲ ਹੀ ਸਿਰ ਮੱਥਾ ਪਾਟ ਗਿਆ। ਚਾਰ ਪੰਜ ਟਾਂਕੇ ਲਾਏ ਐ ਡਾਕਟਰ ਨੇ।' ਦਸਦਿਆਂ ਉਹਦਾ ਮਨ ਭਰ ਆਇਆ ਸੀ। ਚਿੰਤਾ ਕਰਕੇ ਉਹਦੇ ਚਿਹਰੇ ਦਾ ਰੰਗ ਪਹਿਲਾਂ ਹੀ ਫਿੱਕਾ ਪਿਆ ਹੋਇਆ ਸੀ। ਮੈਨੂੰ ਵਿਹੜੇ 'ਚ ਆਇਆ ਵੇਖ ਅੰਦਰ ਰਾਣੀ ਲਾਗੇ ਖਲੋਤੀਆਂ ਆਂਢ-ਗੁਆਂਢ ਦੀਆਂ ਔਰਤਾਂ ਵੀ ਹੌਲੀ-ਹੌਲੀ ਬਾਹਰ ਆਉਣ ਲੱਗੀਆਂ ਸਨ। ਬਿੱਲੇ ਦੀ ਝਾਈ ਥੋੜ੍ਹਾ ਆਪਣੇ ਚਿੱਟੇ ਵਾਲਾਂ ਉਪਰੋਂ ਲੀੜਾ ਸੰਵਾਰਦੀ ਮੇਰੇ ਕੋਲ ਆਣ ਖਲੋਤੀ ਸੀ ਤੇ ਸਹਿਜ ਨਾਲ ਬੋਲੀ ਸੀ, 'ਪੁੱਤ ਸ਼ੁਕਰ ਕਰੋ, ਕੋਈ ਦਿੱਤਾ ਲਿਆ ਅੱਗੇ ਆ ਗਿਆ ਤੁਹਾਡੇ। ਨਹੀਂ ਤੇ ਜਿਵੇਂ ਵੱਡੀ ਸੜਕ ਪਾਰ ਕਰਦੀ ਅਗਲੀ ਮੂਧੜੇ ਮੂੰਹ ਡਿੱਗੀ ਸੀ, ਸੌ ਮੋਟਰ ਗੱਡੀ ਅੰਨ੍ਹੇਵਾਹ ਲੰਘਦੀ ਐ। ਰੱਬ ਨੇ ਰੱਖ ਲਏ ਤੁਹਾਡੇ। ਅਗਲੀ ਆਪਣੀ ਜੀਅ ਜੰਤ 'ਚ ਆ ਕੇ ਬੈਠੀ ਐ। ਰਾਜ਼ੀ ਰਹੇ। ਸੱਟਾਂ ਦਾ ਕੀ ਐ, ਭਰ ਜਾਂਦੀਆਂ ਹੌਲੀ-ਹੌਲੀ। ਜੀਆਂ ਦੀ ਤੰਦਰੁਸਤੀ ਚਾਹੀਦੀ ਐ।

ਪਾਣੀ ਵਾਲਾ ਖ਼ਾਲੀ ਗਿਲਾਸ ਕੁੜੀ ਦੇ ਹੱਥ ਫੜਾ ਮੈਂ ਖੜ੍ਹਾ-ਖੜ੍ਹਾ ਕਮਰੇ ਅੰਦਰ ਝਾਤੀ ਮਾਰਦਾ ਹਾਂ। ਪਾਸੇ ਪਰਨੇ ਲੇਟੀ ਹੋਣ ਕਰਕੇ ਰਾਣੀ ਦਾ ਚਿਹਰਾ ਪੂਰੀ ਤਰ੍ਹਾਂ ਵਿਖਾਈ ਨਹੀਂ ਦਿੰਦਾ। ਸਿਰ ਬੰਨ੍ਹੀ ਜਾਲੀਦਾਰ ਪੱਟੀ ਸਾਫ਼ ਵਿਖਾਈ ਦਿੰਦੀ ਐ। ਨਾ ਚਾਹੁੰਦਿਆਂ ਹੋਇਆਂ ਵੀ ਮੈਂ ਅਣਮੰਨੇ ਜਿਹੇ ਮੰਨ ਨਾਲ ਕਮਰੇ ਅੰਦਰ ਦਾਖ਼ਲ ਹੋਇਆ ਸਾਂ। ਪਤਾ ਨਹੀਂ ਦਵਾਈ-ਟੀਕੇ ਦਾ ਅਸਰ ਸੀ ਜਾਂ ਕੁੱਝ ਹੋਰ। ਉਹ ਅੱਧ ਮੀਚੀਆਂ ਜਿਹੀਆਂ ਅੱਖਾਂ ਕਦੀ-ਕਦੀ ਝਮਕਦੀ ਸੀ। ਧੀਮੀ ਜਿਹੀ ਹੂੰਗਰ ਤੋਂ ਬਿਨਾਂ ਕੁੱਝ ਵੀ ਬੋਲ ਚਾਲ ਨਹੀਂ ਸੀ ਰਹੀ। ਉਹਦੇ ਚਿਹਰੇ ਤੋਂ ਪਹਿਲਾਂ ਵਾਲੀ ਰਵਾਨਗੀ ਕਿਤੇ ਖੰਭ ਲਾ ਕੇ ਉੱਡ ਗਈ ਸੀ। ਨਮੋਸ਼ੀ ਦੀ ਸੰਘਣੀ ਪਰਤ ਹੇਠ ਪੀੜਾਂ ਦੇ ਭੰਨੇ ਚਿਹਰੇ ਤੋਂ ਉਹ ਕਈ ਚਿਰਾਂ ਦੀ ਬਿਮਾਰ ਲਗਦੀ ਸੀ।

ਕਮਰੇ ਵਿੱਚ ਖਲੋਤਿਆਂ ਮੇਰਾ ਦਮ ਘੁੱਟਣ ਲੱਗਿਆ ਸੀ। ਇਸੇ ਲਈ ਮੈਂ ਪੈਰ ਘਸੀਟਦਾ ਬਾਹਰ ਆ ਗਿਆ ਸਾਂ ਤੇ ਵੇਲੇ ਸਿਰ ਹੀ ਹੱਥ ਮੂੰਹ ਧੋ ਵਿਹੜੇ ਵਿੱਚ ਡਿੱਠੀ ਅਲਾਣੀ ਮੰਜੀ 'ਤੇ ਟੇਢਾ ਹੋ ਗਿਆ ਸਾਂ। ਕਮਰੇ 'ਚ ਲੇਟੀ ਰਾਣੀ ਦੇ ਮੱਠਾ-ਮੱਠਾ ਹੂੰਗਣ ਦੀ ਆਵਾਜ਼ ਲਗਾਤਾਰ ਮੇਰੇ ਕੰਨੀਂ ਪੈ ਰਹੀ ਸੀ, ਜਿਸ ਤੋਂ ਖਹਿੜਾ ਛੁਡਵਾਉਣ ਲਈ ਮੈਂ ਕਈ ਵਾਰੀ ਪਾਸਾ ਪਰਤ ਕੇ ਤੇ ਕਈ ਵਾਰੀ ਮੂੰਹ 'ਤੇ ਲੀੜਾ ਲੈ ਕੇ ਪੈਣ ਦੀ ਕੋਸ਼ਿਸ਼ ਕੀਤੀ ਸੀ। ਫਿਰ ਵੀ ਆਵਾਜਾਰੀ ਨੇ ਮੇਰਾ ਖਹਿੜਾ ਨਹੀਂ ਸੀ ਛੱਡਿਆ।

ਮੈਂ ਜਾਗੋ-ਮੀਟਾ ਜਿਹਾ ਹੀ ਸਾਂ ਜਦੋਂ ਅੱਧੀ ਰਾਤੀਂ ਪੈਰ ਘਸੀਟਦੀ ਰਾਣੀ ਮੇਰੀ ਮੰਜੀ ਦੀ ਹੀਂਅ 'ਤੇ ਆਣ ਬੈਠੀ ਸੀ। ਨਿਆਣਿਆਂ ਤੋਂ ਅੱਖ ਬਚਾਅ ਕੇ ਉਹ ਪਹਿਲਾਂ ਵੀ ਇੰਝ ਹੀ ਰਾਤ-ਬਰਾਤੇ ਮੇਰੇ ਨਾਲ ਆਣ ਪੈਂਦੀ ਸੀ। ਜਿਸਨੂੰ ਮੈਂ ਆਪ ਵੀ ਉਡੀਕਦਾ ਹੁੰਨੈ। ਉਹਦੇ ਬਹਿਣ ਨਾਲ ਮੰਜੀ ਦੀ ਕਮਜ਼ੋਰ ਹੀਂਅ 'ਚੋਂ ਕੜਿਕ-ਕੜਿਕ ਦੀ ਆਵਾਜ਼ ਆਈ ਐ, ਜਿਸ ਨੇ ਸੰਘਣੀ ਰਾਤ ਦੇ ਸੰਨ੍ਹਾਟੇ ਦੀ ਚੁੱਪ ਨੂੰ ਭੰਗ ਕੀਤਾ।

ਮੈਂ ਚਾਹੁੰਦਾਂ ਰਾਣੀ ਮੇਰੇ ਕੋਲੋਂ ਉੱਠ ਜਾਏ। ਇਸੇ ਲਈ ਮੈਂ ਪਏ-ਪਏ ਨੇ ਉਸ ਤੋਂ ਥੋੜ੍ਹੀ ਵਿੱਥ ਪਾਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਪਰ ਮੰਜੀ ਦੀ ਢਿੱਲੀ ਹੋਈ-ਹੋਈ ਪੈਂਦ,

ਜਿਹੜੀ ਪਿਛਲੇ ਕਈ ਦਿਨਾਂ ਤੋਂ ਮੈਥੋਂ ਚੱਜ ਨਾਲ ਕੱਸ ਨਹੀਂ ਸੀ ਹੋਈ, ਇਸੇ ਕਰਕੇ ਮੰਜੀ ਵਿੱਚ ਪਈ ਝੋਲੀ ਜਿਹੀ ਕਰਕੇ ਚਾਹੁੰਦਿਆਂ ਹੋਇਆਂ ਵੀ ਮੈਂ ਆਪਣੇ ਆਪ ਨੂੰ ਰਾਣੀ ਤੋਂ ਅੱਡ ਨਹੀਂ ਸਾਂ ਕਰ ਸਕਿਆ।

ਰਾਣੀ ਬਹੁਤ ਮਰੀਅਲ ਜਿਹੀ ਆਵਾਜ਼ ਵਿੱਚ ਡੁਸਕਦੀ ਸੀ, ਕਦੀ-ਕਦੀ ਤੇ ਫਿਰ ਪਤਾ ਨਹੀਂ ਕੀ ਸੋਚ ਕੇ ਸਹਿਜ ਸਹਿਜ ਮੇਰੀਆਂ ਲੱਤਾਂ ਵੀ ਘੁੱਟਣ ਲੱਗੀ ਸੀ। ਉਸਦੀਆਂ ਉਂਗਲਾਂ ਦੇ ਪੋਟੇ ਮੈਨੂੰ ਸੇਹ ਦੇ ਤੱਕਲੇ ਵਾਂਗ ਚੁੱਭ ਰਹੇ ਸਨ। ਮੇਰਾ ਚਿੱਤ ਕਰਦਾ ਸੀ ਮੈਂ ਉਸਦਾ ਹੱਥ ਇੱਕੋ ਝਟਕੇ ਨਾਲ ਪਿਛਾਂਹ ਕਰਕੇ ਉਸਨੂੰ ਮੰਜੀ ਤੋਂ ਧੱਕਾ ਦੇ ਦੇਵਾਂ। ਪਰ ਕੋਲ ਪਏ ਨਿਆਣਿਆਂ ਅਤੇ ਲਾਗਲੇ ਘਰਾਂ ਦੀਆਂ ਛੱਤਾਂ 'ਤੇ ਆਂਢ-ਗੁਆਂਢ ਦੇ ਜਾਗ ਜਾਣ ਦੇ ਡਰੋਂ ਮੈਥੋਂ ਕੁੱਝ ਵੀ ਕਹਿ ਨਹੀਂ ਸੀ ਹੋਇਆ। ਮੈਂ ਚੁੱਪ-ਚਾਪ ਪਿਆ ਰਾਤ ਦਾ ਪੈਂਡਾ ਨਾਪਦਾ ਰਿਹਾ ਸਾਂ।

ਚਿਰਾਂ ਤੋਂ ਹੇਠਾਂ ਸੁੱਟੀ ਧੌਣ ਹੁਣ ਦੁਖਣ ਲੱਗੀ ਹੈ। ਕੱਲ੍ਹ ਦੁਪਹਿਰ ਤੋਂ ਸ਼ੁਰੂ ਹੋਈ ਆਵਾਜਾਰੀ ਹੁਣ ਤੀਕ ਮੇਰਾ ਖਹਿੜਾ ਨਹੀਂ ਛੱਡ ਰਹੀ। ਮੈਂ ਧੌਣ ਉੱਪਰ ਉੱਠਾ ਕੇ ਆਸੇ-ਪਾਸੇ ਝਾਕਦਿਆਂ ਸ਼ਹਿਰ ਵੱਲ ਨੂੰ ਜਾਂਦੀ ਸੜਕ 'ਤੇ ਦੂਰ ਤੀਕ ਝਾਤੀ ਮਾਰਦਾ ਹਾਂ। ਲੋਕ ਪਹਿਲਾਂ ਵਾਂਗ ਹੀ ਆ ਜਾ ਰਹੇ ਹਨ। ਇਸੇ ਭੀੜ ਵਿੱਚੋਂ ਹੀ ਮੈਨੂੰ ਦੂਰ ਹਟਵੀਂ ਪਿਛਾੜੀ ਕਰਕੇ ਤੁਰੀ ਜਾਂਦੀ ਰਾਣੀ ਦਾ ਝਾਉਲਾ ਜਿਹਾ ਪੈਂਦਾ। ਉਹੀ ਤੋਰ। ਉਹੀ ਟੌਹਰ। ਮੈਂ ਹੋਰ ਗਹੁ ਨਾਲ ਵੇਖਣ ਦੀ ਕੋਸ਼ਿਸ਼ ਕਰਦਾਂ। ਮੈਨੂੰ ਐਂ ਲੱਗਦਾ ਜਿਵੇਂ ਪਲ ਦੀ ਪਲ ਉਹ ਰੁਕੀ ਹੋਵੇ ਤੇ ਆਪਣੀ ਆਦਤ ਮੁਜਬ ਧੌਣ ਪਿਛਾਂਹ ਭਵਾਉਂਦਿਆਂ ਸੱਜਾ ਹੱਥ ਹਵਾ 'ਚ ਲਹਿਰਾਉਣ ਦੀ ਕੋਸ਼ਿਸ਼ ਕਰ ਰਹੀ ਹੋਵੇ।

ਪਤਾ ਨਹੀਂ ਮੇਰੀਆਂ ਅੱਖਾਂ ਦਾ ਭਰਮ ਸੀ ਜਾਂ ਕੁਝ ਹੋਰ ਲੋਕਾਂ ਦੀ ਸੰਘਣੀ ਭੀੜ ਤੋਂ ਬਿਨ੍ਹਾਂ ਕੁਝ ਵੀ ਨਹੀਂ ਐ ਸਾਹਮਣੇ। ਵਿਹੜੇ 'ਚ ਖਲ੍ਹੋਤੀ ਬਿੱਲੋ ਦੀ ਝਾਈ ਦੀਆਂ ਗੱਲਾਂ ਮੁੜ ਮੇਰੇ ਜ਼ਿਹਨ ਵਿਚੋਂ ਉਭਰਨ ਲੱਗੀਆਂ ਹਨ। ਠੀਕ ਤਾਂ ਆਂਹਦੀ ਸੀ ਅਗਲੀ "ਸੱਟਾਂ ਦਾ ਕੀ ਐ, ਭਰ ਜਾਂਦੀਆਂ ਹੌਲੀ-ਹੌਲੀ। ਜੀਆਂ ਦੀ ਤੰਦਰੁਸਤੀ ਚਾਹੀਦੀ ਐ।" ਸੋਚਦਿਆਂ ਮੇਰਾ ਮਨ ਭਰ ਆਇਆ।

ਮਨ ਹੋਰਥੇ ਪਾਉਣ ਲਈ ਮੈਂ ਧੋਣ ਉਪਰ ਉਠਾ ਦੂਰ ਨੀਲੇ ਅੰਬਰਾਂ ਵਲ ਝਾਤੀ ਮਾਰਦਾ ਹਾਂ। ਧੁਰ ਲਹਿੰਦੇ ਵਲੋਂ ਰੂੰ ਦੇ ਫੱਬਿਆਂ ਵਰਗੇ ਨਿੱਕੇ-ਨਿੱਕੇ ਬੱਦਲ ਸਹਿਜ-ਸਹਿਜ ਉਪਰ ਉੱਠ ਰਹੇ ਹਨ। ਆਸ-ਪਾਸ ਖੜ੍ਹੇ ਰੁੱਖਾਂ ਦੀ ਸੰਘਣੀ ਛਾਂ ਵੀ ਹੁਣ ਛੱਤਰੀ ਵਾਂਗ ਘੇਰਾ ਜਿਹਾ ਬਣਾ ਕੇ ਮੁੱਢ ਦੁਆਲੇ ਆਣ ਇਕੱਠੀ ਹੋਈ ਐ। ਸਿਰ 'ਤੇ ਬੰਨ੍ਹੇ ਢਿੱਲੇ ਜਿਹੇ ਪਰਨੇ ਹੇਠੋਂ ਬਾਹਰ ਝਾਕਦੀਆਂ ਵਾਲਾਂ ਦੀਆਂ ਜਟੂਰੀਆਂ ਨੂੰ ਮੈਂ ਉਂਗਲ ਨਾਲ ਚੰਗੀ ਤਰ੍ਹਾਂ ਪਰਨੇ ਹੇਠ ਕਰਨ ਦੀ ਕੋਸ਼ਿਸ਼ ਕਰਦਿਆਂ ਖਲ੍ਹੋਤੇ ਸਾਇਕਲ ਨੂੰ ਸੜਕੇ ਚਾੜ੍ਹ ਲੈਂਦਾ ਹਾਂ। ਅਣਜਾਣੇ 'ਚ ਹੀ ਪੈਡਲ 'ਤੇ ਪੈਰ ਧਰਦਾ ਹਾਂ। ਪਤਾ ਨਹੀਂ ਕਿੰਝ ਫੇਲ੍ਹ ਹੋਏ ਕੁੱਤੇ ਮੁੜ ਚਲਣ ਲੱਗੇ ਹਨ। ਪਿੰਡ ਵਾਲੇ ਰਸਤੇ 'ਤੇ ਚੜ੍ਹਦਿਆਂ ਇਉਂ ਹਸਦੇ ਜਿਉਂ ਦੂਰ ਉੱਚੇ ਅੰਬਰਾਂ 'ਚ ਇਕ ਦੂਜੇ ਦੀ ਅੱਗੇ-ਪਿੱਛੇ ਭੱਜੇ ਜਾਂਦੇ ਰੂੰ ਦੇ ਫੰਬਿਆਂ ਵਰਗੇ ਬੱਦਲਾਂ ਨੂੰ ਮੈਂ ਹੀ ਛੂਹਣ ਜਾ ਰਿਹਾ ਹੋਵਾਂ।

***

*('ਪ੍ਰਵਚਨ' ਦੇ ਇਸ ਅੰਕ ਤੋਂ ਅਸੀਂ ਕਵਿਤਾ ਵਾਲੇ ਭਾਗ ਨੂੰ ਨਵੇਂ ਸਿਰੇ ਤੋਂ ਵਿਉਂਤਣ ਦੀ ਸਲਾਹ ਕੀਤੀ ਹੈ। ਇਸ ਵਿਚ ਕਵੀ ਦੀ ਵਿਲੱਖਣਤਾ ਨੂੰ ਉਸ ਦੀ ਕਾਵਿ ਸਿਰਜਣਾ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ। ਹਰ ਅੰਕ ਵਿਚ ਦੋ ਕਵੀਆਂ ਦੀਆਂ ਸੱਜਰੀਆਂ ਸੱਤ ਕਵਿਤਾਵਾਂ/ ਗ਼ਜ਼ਲਾਂ ਟਿੱਪਣੀਆਂ ਸਮੇਤ ਸ਼ਾਮਲ ਕਰਾਂਗੇ ਇਸ ਅੰਕ ਦੇ ਕਵੀ ਵਰਿੰਦਰ ਪਰਹਾਰ ਅਤੇ ਕਰਨੈਲ ਸ਼ੇਰਗਿੱਲ ਹਨ।)*

ਵਰਿੰਦਰ ਪਰਹਾਰ ਅਤੇ ਕਰਨੈਲ ਸ਼ੇਰਗਿੱਲ ਸਮਕਾਲੀ ਕਵੀ ਹਨ। ਦੋਵੇਂ ਪਰਵਾਰ ਵਿਚ ਇੰਗਲੈਂਡ ਵਿੱਖੇ ਰਹਿ ਰਹੇ ਹਨ। ਦੋਵੇਂ ਕਿੱਤਾਗਤ ਅਨੁਭਵ ਅਤੇ ਪਿਛੋਕੜ ਕਰਕੇ ਵੱਖਰੇ ਹਨ ਪਰੰਤੂ ਆਪਣੀ ਅਨੁਭਵਤਾ, ਕਾਵਿਕਾਰੀ ਅਤੇ ਚਿੰਤਨ ਕਰਕੇ ਦੋਵੇਂ ਵਿਚਾਰ ਦੀ ਗਹਿਰਾਈ ਅਤੇ ਕਾਵਿ ਉਡਾਰੀ ਦੇ ਬ੍ਰਹਿਮੰਡੀ ਸਰੋਕਾਰਾਂ ਕਰ ਕੇ ਵੱਖਰੇ ਨਜ਼ਰ ਪਾਉਂਦੇ ਹਨ। ਦੋਵੇਂ ਪਰਵਾਸ ਦੇ ਪ੍ਰਚਲੱਤ ਮੁਹਾਵਰੇ ਤੋਂ ਮੁਕਤ ਹਨ। ਵਰਿੰਦਰ ਪਰਹਾਰ ਕਵਿਤਾ ਦੇ ਸੂਖ਼ਮ ਮੁਹਾਵਰੇ ਨਾਲ ਜੁੜਿਆ ਹੋਇਆ ਹੈ। ਉਹ ਮਨੁੱਖੀ ਵਿਹਾਰ ਅਤੇ ਭਾਵਨਾਵਾਂ ਨੂੰ ਜਟਿਲ ਮੁਹਾਵਰੇ ਰਾਹੀਂ ਪ੍ਰਵਾਨ ਕਰਨਾ ਹੈ। ਕਰਨੈਲ ਸ਼ੇਰਗਿੱਲ ਮਾਨਵੀ ਜੀਵਨ ਦੇ ਦਾਰਸ਼ਨਿਕ ਪਾਸਾਰਾਂ ਨੂੰ ਮਾਨਵੀ ਸਰੋਕਾਰਾਂ ਦੇ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦਾ, ਸਗੋਂ ਮਨੁੱਖੀ ਜੀਵਨ ਦੇ ਕਈ ਪਾਸਾਰਾਂ ਨੂੰ ਮੁੜ ਪਰਿਭਾਸ਼ਤ ਵੀ ਕਰਦਾ ਹੈ। ਦੋਹਾਂ ਦੀ ਕਾਵਿਕਾਰੀ ਉਨ੍ਹਾਂਦੀ ਸਿਰਜਣਾ ਰਾਹੀਂ ਪਾਠਕਾਂ ਦੇ ਸਾਹਮਣੇ ਹੈ। -***ਸੰਪਾਦਕ***

## ਵਰਿੰਦਰ ਪਰਹਾਰ ਦੀਆਂ ਕਵਿਤਾਵਾਂ

### ਘੁੰਮਣੋ ਹਟੀ ਧਰਤੀ: ਸਾਲ 2051

**(ਆਦਮ ਦੀ ਅੰਤਲੀ ਕਾਢ)**

ਤੇ ਫੇਰ ਇਕ ਦਿਨ...

ਘੁੰਮਦੀ ਘੁੰਮਦੀ ਧਰਤੀ ਰੁਕ ਗਈ
ਘਰਰ ਘਰਰ ਹੋਈ ਦੋ ਘੜੀ
ਸੁੰਨ ਥੋੜ੍ਹੀਮਹਾਂ-ਸ਼ੁਨ ਜਿਓਂ
'ਤੇ ਗੱਲ ਤੁਰੀ ਹੋਣੀ ਜਿਵੇਂ
ਐਨ ਉਵੇਂ ਝਟ 'ਚ ਮੁੱਕ ਗਈ

ਗੈਸੀ ਭੁਕਾਨਾ
ਪਾਰਬ੍ਰਹਮ ਪਰਾਲਬਧ ਦਾ ਤਾਹਨਾ
ਗੁੰਝਲ਼ੇ-ਗੋਲ਼ਾ, ਦੁੱਖਾਂ ਸੁੱਖਾਂ ਭਰਿਆ ਗ਼ੈਬੀ ਝੋਲ਼ਾ
ਸੱਖਣ 'ਚੋਂ ਸਾਂਅ ਸਾਂਅ ਸਰਕਣ ਲੱਗਾ
ਗਲੋਬ ਮਿਟਿਆਲਾ ਹੌਲ਼ੇ ਹੌਲ਼ੇ ਖ਼ਲਾ 'ਚ ਗ਼ਰਕਣ ਲੱਗਾ

ਸਮੁੰਦਰ ਪੁੱਠੇ ਲਟਕਣ
ਸ਼ਹਿਰ ਜਮੋ ਸਿਆਣ ਨਾ ਹੋਵਣ
ਪੈਰਾਂ ਥੱਲੇ ਅਸਮਾਨ ਰੁਲ਼ੇ
ਧੂੰਆਂ ਧੰਦੂਕਾਰ ਗ਼ੁਬਾਰ ਹਾਹਾਕਾਰ
ਸੱਯਾਰਾ ਸੋਹਣਾ ਸੀ ਜੋ ਕਦੇ ਸ਼ਾਹਾਕਾਰ
ਬੰਦੇ ਧਰਤੀ ਵੰਡਣ ਵਾਲੇ
ਚਿੱਟੇ ਭੂਰੇ ਕੱਕੇ ਪੀਲ਼ੇ ਕਾਲ਼ੇ
ਸਾਹ ਉਖੜੇ, ਉਖੜੀਆਂ ਜੜਾਂ ਫੜ ਫੜ ਲਟਕਣ ਪੁੱਠੇ
ਹਿੱਕ ਤਾਣੀਂ ਠੋਕਦੇ ਪਰ ਹਾਲੀਂ ਵੀ ਆਖਦੇ:
'ਲੈ ਚੱਲੇ (ਹਾਂ) ਬਚਾਅ ਮਾਂ ਧਰਤ ਆਪਣੀ 'ਅਸੀਂ' 'ਕੱਲੇ'

ਤੇ ਫੇਰ ਇਕ ਦਿਨ...

***

## ਪੋਸਤ ਫੁੱਲ

ਅੱਖ ਪਲਕਾਰੇ ਉੱਗ ਆਉਂਦੇ ਚਾਰ ਚੁਫ਼ੇਰੇ
ਖੁੱਲ੍ਹੀਆਂ ਥਾਵਾਂ ਖ਼ਾਲੀ ਭਰ ਜਾਂਦੇ

ਕਿੱਥੇ ਪਤਾ ਹੋਣੈ ਬੂਟੇ-ਪੋਸਤ ਨੂੰ
ਕਿ ਉਹਨੂੰ ਫੁੱਲ ਲੱਗਦੇ
ਖਿੜਦੇ ਲਾਲ ਸੂਹੇ
ਡਿੱਗੇ ਜਵਾਨ ਦੇ ਵਗਦੇ ਲਹੂ ਵਰਗੇ

ਸੈਨਿਕ ਬੂਟਾਂ ਨਾਲ ਦਰੜੇ
ਯੁਧ-ਮੈਦਾਨਾਂ 'ਚੋਂ ਬੇਧਿਆਨੇ ਉੱਗ ਆਉਂਦੇ
ਲਹੂ-ਧੱਬੇ ਜਿਓਂ, ਪੀੜ-ਪ੍ਰਸੂਤ 'ਚ ਜਕੜੀ
ਕਰਾ ਹੁੰਦੀ ਤ੍ਰੀਮਤ ਨੂੰ ਢੱਕ ਲੈਂਦੇ

ਬਲਿਹਾਰੀ ਜਾਈਏ ਕੁਦਰਤ ਦੇ!
ਦੁੱਖ ਨੂੰ ਜਗਦਾ ਧੁਖ਼ਦਾ ਨਾ ਰਹਿਣ ਦੇਂਦੀ
ਮਿਟਾਅ ਦੇਂਦੀ ਨਿਸ਼ਾਨ ਬੰਦੇ ਦੀ ਜ਼ਹਾਲਤ ਦਾ
ਮਰ ਮੁਕ ਮਿਟ ਚੱਲੇ ਟੱਬਰਾਂ ਦੀ ਜ਼ਲਾਲਤ ਦਾ

ਪਰ ਉਹ ਏਨੀ ਬੇਤਰਸ ਬੇਕਿਰਕ ਵੀ ਨਹੀਂ-

ਘੁੰਮਦਿਆਂ ਇਕ ਸੈਲਾਨੀ ਵਾਂਗ ਇਕੇਰਾਂ
ਕਾਲ਼ੇ ਪੀਲ਼ੇ ਕੱਕੇ ਭੂਰੇ ਗੋਰੇ ਮੁਲਕਾਂ 'ਚ
ਜੰਮ ਗਈ ਰੱਤ ਜਹੇ ਜਾਮਨੀ ਪੋਸਤ ਫੁੱਲ ਵੀ ਮੈਂ ਡਿੱਠੇ

ਫੁੱਲ ਚਿੱਟੇ ਪੋਸਤ ਵੀ ਮੈਂ ਤੱਕੇ ਉਵੇਂ ਕਈ ਵੇਰਾਂ
ਐਲਾਨ ਕਰ ਰਹੀ ਹੋਣੀ ਕੁਦਰਤ ਜ਼ਰੂਰ ਉਦੋਂ
ਯਖ ਬਰਫ਼ ਚਿੱਟਾ ਹੋ ਗਿਆ
ਲਹੂ ਸਾਰੇ ਦਾ ਸਾਰਾ ਆਦਮ ਦਾ

ਨਾ ਰਿਹਾ ਹੁਣ ਕਿਸੇ ਵੀ ਕੰਮ ਦਾ
ਇਨ੍ਹਾਂ ਦੋਧਲੇ ਜੰਗਲੀ ਫੁੱਲਾਂ ਜਿਹਾ
✶✶✶

## ਮੁਮਕਿਨ ਹੈ

ਮੁਮਕਿਨ ਹੈ ਇਸ ਬਾਰ
ਜ਼ਖ਼ਮ ਨੂੰ ਮੈਂ ਰਤਾ ਹੋਰ ਖੋਲ੍ਹਦਿਆਂ

ਖੋਲ੍ਹ ਦਿਆਂ ਏਨਾ ਦਰਦ ਨੂੰ, ਕਿ-
ਰਿਸਦੇ ਫੱਟ 'ਚੋਂ ਨਰਕ ਨਜ਼ਰ ਆ ਜਾਏ
ਜੂਨ ਦਰ ਜੂਨ ਨਿਮਖ਼ 'ਚ ਸਮਾਅ ਜਾਏ

'ਤੇ ਨਵਾਂ ਕੋਲੰਬਸ ਮੈਂ
ਰਤਾ ਹੋਰ ਜੇ ਅੰਦਰ ਲਹਿ ਜਾਂ
ਸਨਾਤਨੀ ਭੈਅ ਦਾ ਛਤਰ ਢਹਿ ਜਾਏ
ਦੂਰੋਂ ਸੁਰਗ ਝਾਤ ਕਹਿ ਜਾਏ
ਰੱਬ ਵਿਚਕਾਰਲਾ ਫ਼ਾਸਲਾ
ਰਤਾ ਘਟ ਜਾਏ

ਮੁਮਕਿਨ ਹੈ ਇਸ ਬਾਰ
ਜ਼ਖ਼ਮ ਨੂੰ ਮੈਂ ਚੁੰਮ ਲਾਂ, ਦੁਖਦੀ ਰਗ 'ਚੋਂ
ਦਮ ਸਾਰਾ ਮਸਾਲ ਬਲ ਚੂਸ ਲਾਂ

ਪਰ ਇਹ ਵੀ ਮੁਮਕਿਨ ਹੈ ਇਸ ਬਾਰ
ਜ਼ਖ਼ਮ ਮੇਰੀ ਜਾਨ ਲੈ ਜਾਏ

ਰਿਸਦਾ ਨਾਸੂਰ ਕਰੇ ਬੇਬਸ ਏਨਾ
ਕਿ ਜਾਂਦਾ ਜ਼ਿੰਦਗੀ ਦੀ ਤਾਨ ਲੈ ਜਾਏ
ਉਜਾਲੇ 'ਚ ਬੇਪਛਾਣ ਕਰ ਮੈਨੂੰ
ਲੰਘ ਜਾਣ ਕੋਲੋਂ ਸਾਕ ਸਕੇ
ਜ਼ਖ਼ਮ ਦੇ ਹੱਥ ਹੋਣ ਸੈ ਹਜ਼ਾਰ ਭਾਵੇਂ
ਪਰ ਇਕ ਹੱਥ ਵੀ ਉਹ ਹਿਲਾ ਨਾ ਸਕੇ

ਕੀ ਪਤਾ! ਖ਼ੁਦਾ ਨਾ ਖ਼ਾਸਤਾ
ਨੁੱਕੜ 'ਚ ਬੁੱਕਲ ਮਾਰ ਬੈਠਾ
ਰੱਬ ਰਮਤਾ ਹੱਸਦਾ ਆਖੇ ਇਸ਼ਾਰਾ ਕਰਦਾ:
'ਆ ਫੜ ਉਂਗਲ ਛੱਡ ਝੰਜਟ
ਵੇਖ ਓ 'ਸਾਹਮਣੇ ਹੀ ਏ ਰਸਤਾ

ਮੁਮਕਿਨ ਹੈ ਇਸ ਬਾਰ
ਜ਼ਖ਼ਮ ਜ਼ਖ਼ਮ ਨਾ ਲੱਗੇ
ਫੁੱਲ ਸੋਹਣਾ ਕਮਲ ਬਣ ਜਏ
ਪੱਤੀ ਕਲੀ ਤਿੱਤਲੀ ਪਖੇਰੂ ਪਤੰਗਾ ਦਿਸੇ
ਦਰਦ ਅੰਤ ਪਰਮ ਆਨੰਦ ਹੋ ਜਾਏ
ਟੀਸ ਖ਼ੁਸ਼ੀ ਦੀ ਚੀਕ ਹੋਏ, ਪਰ ਹਾਏ!

ਜੀਣ ਦਾ ਚਾਅ ਨਾ ਕਿਤੇ ਗੁੰਮ ਗੁਆਚ ਜਾਏ
ਲੜਣ ਭਿੜਨ ਨੂੰ ਕੁਝ ਨਾ ਬਚੇ
ਦਿਨ ਪਹਾੜ ਜਿੱਡਾ ਮੁੱਕਣ 'ਚ ਨਾ ਆਏ

ਕੀ ਪਤਾ ਹੋਵੇ ਨ' ਹੋਵੇ
ਹੋ ਜਾਵੇ ਐਸਾ ਜੋ ਪਹਿਲਾਂ ਕਦੇ ਨਾ ਹੋਇਆ ਹੋਵੇ

ਬਾਲ ਅੰਞਾਣੇ ਦੁੱਖ ਸੁੱਖ ਦੋਵੇਂ
ਸੰਗ ਸੰਗ ਦਿਸ ਪੈਣ
ਪਰਮ ਪਿਤਾ ਕੋਲ ਖੇਲਦੇ
ਬੇਲਾਗ ਬੇਖ਼ੌਫ਼ ਮੌਤ ਤੋਂ
ਨੱਚਣ ਪਹਨ ਝਾਂਜਰਾਂ ਤਾਲ ਧਰਤ ਦੀ
ਨਾਲ਼ ਧੁਨੀ ਦੇ ਮੇਲਦੇ

ਮੁਮਕਿਨ ਹੈ ਇਸ ਬਾਰ
ਜ਼ਖ਼ਮ ਅੰਦਰ ਮੈਂ ਅੰਤਲੀ ਛਾਲ ਮਾਰ ਦਾਂ'
ਅੱਖ ਖੁੱਲ੍ਹੇ ਉਸ ਪਾਰ

'ਤੇ ਮੈਂ ਕੁਦਰਤ ਕੁਦਰਤ ਹੋ ਜਾਂ'
ਮੁਮਕਿਨ ਹੈ ਸਭ
✶✶✶

## ਰੋਮ

**(ਗਰਾਫ਼ੀਟੀ ਸ਼ਲੋਕ)**

'ਸੱਤਾ ਪ੍ਰੇਤ ਹੈ'
'ਸੱਤਾ ਸਮੇਂ ਤੋਂ ਬਲਵਾਨ ਹੈ'
'ਸੱਤਾ ਦੀਨ ਦਾ ਸਾਰ'
'ਸੱਤਾ ਰੱਬ ਦਾ ਸਰੂਪ'
'ਸੱਤਾ ਜ਼ਮੀਨੀ ਨਹੀਂ ਗ਼ੈਬੀ ਹੈ'
'ਸੱਤਾ ਬ੍ਰਹਿਮੰਡ ਜਿੱਡਾ ਖ਼ਲਾ
ਸਿਰ 'ਤੇ ਡਿੱਗ ਪਊ ਜੇ ਸੰਭਲੇ ਨਾ
ਇਹ ਭੈੜੀ ਬਲਾਅ'
'ਸੱਤਾ ਅਸਮਾਨ ਹੈ'
'ਸੱਤਾ ਵਿਰੋਧ ਵਾਸਤੇ ਸ਼ਮਸ਼ਾਨ ਹੈ'...

...ਰੋਮ ਕੰਧਾਂ ਮਰਮਰੀ ਮਿਨਾਰਾਂ ਸਿਲ੍ਹਾਂ ਪੱਥਰਾਂ
ਚੌਕ ਚੁਰਾਹਿਆਂ 'ਚ ਚਬੂਤਰੇ ਗਲਿਆਰਾਂ 'ਚ
ਥਾਂ ਥਾਂ ਉਕਰੇ ਗਰਾਫ਼ੀਟੀ ਸ਼ਲੋਕ ਇਹ-
ਮੈਂ ਪੜ੍ਹਦਾ ਹਾਂ
ਪੜ੍ਹਦਾ ਹਾਂ-
ਪੋਪ ਦੀ ਪੈਪਸੀ ਥਾਂ ਥਾਂ ਦਰਜ਼ ਹੈ
ਸਦੀਆਂ ਪਹਲਾਂ ਵੀ ਇਵੇਂ ਸੀ-
ਸੂਰਜ ਧਰਤੀ ਉਦਾਲ਼ੇ ਘੁੰਮਦਾ', ਅਖੇ-
ਹੁੰਦਾ ਸੀ ਰੋਮ ਕਹਿੰਦਾ
ਗੈਲੀਲੀਓ ਪਰ ਕਿਵੇਂ ਮੰਨਦਾ
ਛਾਤੀ ਠੋਕ ਠੋਕ ਉਹ ਆਖਦਾ:
'ਗ਼ਲਤ ਹੈ ਤੁਹਾਡੀ ਪੋਥੀ-
ਸੂਰਜ ਉਦਾਲ਼ੇ ਧਰਤ ਘੁੰਮੇ

ਅੱਖ ਮੇਰੀ ’ਤੇ ਦੂਰਬੀਨ ਉਨ੍ਹਾਂ ਦੀ
ਵੀ ਸੱਚ ਇਹੀਓ ਦੱਸੇ’...
ਫੇਰ ਕੀ ਸੀ!–

ਸੱਚ ਫੇਰ ਜੇਲ੍ਹ ਵਿਚ ਸੜਦਾ ਹੈ
ਪੋਰ ਪੋਰ ਮਰਦਾ ਹੈ
ਝੂਠ ਰਤਾ ਹੋਰ ਸੱਤਾ ਫੜਦਾ ਹੈ
ਸ਼ਹਰ! ਆਹਰੇ ਲੱਗਾ ਰਾਤ ਦਿਵਸ
ਸਾਰੇ ਸਬੂਤ ਕੱਠੇ ਕਰਦਾ
ਮੈਨੂੰ ਇਉਂ ਪਟਕਥਾ ਸੁਣਾਉਂਦਾ ਹੈ

ਪਿੱਛੇ ਲੱਗਾ ਮੇਰੇ ਛਾਂ ਛਲੇਡਾ ਅਨੋਖਾ
ਗਾਈਡ ਇਸ ਸੰਮੋਹੇ ਸ਼ਹਰ ਦਾ
ਮਖੌਟਾ ਸਰਕਾ ਸਰਕਾ ਹੱਸਦਾ ਮੈਨੂੰ ਡਰਾਉਂਦਾ ਹੈ
ਠੰਡਾ ਪੀਜ਼ਾ ਟੁਕੜਾ ਹੱਥ ਫੜਿਆ ਮੇਰੇ ਚਿਰਦਾ
ਪੱਤੇ ਵਾਂਗ ਥਰਕਦਾ ਹੈ
ਮਿੱਥੀ ਮਿਤੀਓਂ ਪਹਿਲਾਂ ਈਂ ਦੋ ਦਿਨ
ਮੈਂ ਵਾਪਿਸ ਜਹਾਜ਼ੇ ਚੜਦਾ ਹਾਂ
ਘਰੇ ਮੁੜਦਾ ਹਾਂ, ਮਤਾ–
ਧਰਤ ਰੁਕ ਨਾ ਜਾਵੇ ਘੁੰਮਣੋ ਕਿਤੇ!
ਆਈਓਂ ਪਹਲਾਂ ਹਯਾਤ ਨਾ ਮੁੱਕ ਜਾਵੇ ਕਿਤੇ

ਗੈਲੀਲੀਓ ਤੋਂ ਪਹਿਲਾਂ ਕੋਪਰ ਨਿਕਸ ਨੇ ਵੀ ਇਹੀਓ ਆਖਿਆ ਸੀ।

✶✶✶

## ਕੀ ਏ...ਚਿਕ ਚਿਕ...ਟਿਪ ਟਿਪ...!

ਕੀ ਏ ਇਨ੍ਹਾਂ ਸਮਿਆਂ ’ਚ ਕਵਿਤਾ ਲਿਖਣਾ
ਮੋਰੀ ਵਾਲੇ ਭਾਂਡੇ ਵਿਚ ਜਲ ਪਾਉਣਾ!

ਕੀ ਏ!...
ਪਲ ਛਿਣ ਦਿਨ ਹਫ਼ਤੇ ਤੋਂ ਹਜ਼ਾਰੇ, ਜੁਗ ਕਿੰਨਿਆਂ ਤੋਂ
ਪਿੱਛੇ ਲੱਗੀ ਹਰ ਛਿਣ ਹਰ ਥਾਈਂ ਐ ਛਾਂ ਛਵੀ
ਚੀਤੇ ਨਾਗ਼ ਫ਼ਨੀਅਰ ਬਾਜ਼ ਦੀ ਅੱਖ ’ਚ ਜਿਓਂ

ਅੱਖ ਪੈ ਜਾਏ ਭਓਂ ਤੱਕੋ ਹੋਵੇ ਜਿੱਥੇ ਵੀ ਚਾਹੇ
ਵਿੱਥ ਸਾਹ ਜਿੰਨੀ ਵਿਚ ਰਹਿ ਜਾਏ

ਮੈਂ ਹੀ!...
ਬਸ ਮੈਂ ਹੀ ਮੁਨਕਰ, ਜਿਉਂ-
ਕਟਹਿਰੇ 'ਚ ਖੜ੍ਹਾ ਦੋਸ਼ੀ ਕਰੇ ਕੋਈ ਨਾਂਹ ਨੁੱਕਰ
ਕਿਨਾਰਾਕਸ਼ੀ ਤੱਰਦੀਦ ਸਜ਼ਾ ਮੂਜਬ
ਫੇਰ ਭੇਜਿਆ ਉਸ, ਅਖੇ! ਜਾਹ ਖੇਡ ਖ਼ਿਆਲਾਂ ਸੰਗ-
'ਤੇ ਫੇਰ ਜਿਵੇਂ ਬਉਰਾ ਦਗ਼ਦੇ ਕੋਲ਼ਿਆਂ 'ਤੇ ਤੁਰਦਾ ਕੋਈ, ਅਖੇ!-

ਤੁਰਦਾ ਰਹੁ!...
ਹਿਰਨ ਸੀ ਪਹਿਲਾਂ, ਗੁਫ਼ਾ 'ਚ ਤਿਪਦਾ ਨੀਰ ਤੁਬਕਾ
ਹਰੀ ਕਾਈ ਚੱਟਾਨ ਥਲੜੀ, ਕਿਰਮ ਅਦਿੱਸ ਜਾਨ ਪਰੋਖ
ਖ਼ਲਾ 'ਚ ਭਉਂਦਾ ਗੈਸਾਂ ਧਾਤਾਂ ਨਾ' ਖਹਿੰਦਾ ਮੈਂ ਹੀ
ਕਿਉਂ ਹਾਂ ਮੈਂ ਹੀ ਚੁਣੀਂਦੀ ਆਤਮਾ, ਜੀਵ ਅਸੰਖ ਧਰਤ 'ਤੇ ਹੋਰ
ਚਲੋ! ਲੰਘ ਚੱਲੀ ਹੁਣ ਤੇ, ਰਹੇ ਸਾਕ ਸਕੇ ਅਜਾਣੇ, ਦ੍ਰਿਸ਼ ਅਪਛਾਣੇ

ਕੀ 'ਆਂ ਹੁਣ!...
ਗ਼ੈਬੀ ਸਰਕਸ ਦਾ ਮਸਖ਼ਰਾ?
'ਅੱਗ ਲੱਗੇ ਟਾਇਰ' 'ਚੋਂ ਮੁੜ ਮੁੜ ਕੁੱਦ ਕੁੱਦ ਲੰਘਦਾ
ਹੱਸਦਾ ਹਸਾਉਂਦਾ ਤਾੜੀਆਂ ਵਜਵਾਉਂਦਾ
ਖਵਰੇ ਕੌਣ ਹੈ? ਬਲ਼ਦੇ ਤਨ ਮਨ 'ਤੇ ਜੋ ਦੂਰੋਂ-
ਸੰਵੇਦਨਾ ਦੇ ਚਾਰ ਛੱਟੇ ਤ੍ਰੌਂਕਦਾ। ਉਫ਼! ਕੇਹੇ ਖੇਡ ਵਿਚ ਮੈਨੂੰ ਝੋਕਦਾ?-

ਕਟਹਿਰਾ ਨਿਰਾ!...
ਰੁੱਖ ਭੇਸ ਬਦਲ ਬਦਲ ਆਣ ਕਚਹਿਰੀ 'ਚ ਖੜਦਾ
ਵਿਚ ਖੜ੍ਹ ਦੋਸ਼ੀ ਝੂਠ ਬੋਲਦੇ ਰੱਬ ਦਾ ਨਾਮ ਲੈ ਲੈ
ਮੈਂ ਸਟੈਨੋ ਅਦਨਾ, ਓਸੇ ਝੂਠ ਨੂੰ ਲਫ਼ਜ਼-ਲਮਸ ਦੇਂਦਾ
ਸ਼ਬਦ-ਬੰਦਸ਼ਾਂ 'ਚ ਬਿੰਦ ਬਿੰਦ ਬਦਲਦਾ
ਨੋਕ ਪਲਕ ਸੰਵਾਰਦਾ, ਕਲਾ-ਮੁਲੰਮਾ ਚਾੜ੍ਹਦਾ, ਰੋਜ਼ ਰੋਜ਼...

ਚਿਕ ਚਿਕ...ਚਿਕ ਚਿਕ, ਚਿਕ ਕਲਿਕ
ਟਿਪ ਟਿਪ...ਟਿਪ ਟਿਪ, ਟਿਪ ਕਲੰਪ!

ਕੀ ਏ!...
***

## ਡਾ. ਕਰਨੈਲ ਸ਼ੇਰਗਿੱਲ ਦੀਆਂ ਕਵਿਤਾਵਾਂ

### ਸੂਤਰਧਾਰ

ਪਰੇਸ਼ਾਨ ਨਾ ਹੋ,
ਨਾ ਮੈਨੂੰ ਪਤਾ ਏ,
ਨਾ ਤੈਨੂੰ ਪਤਾ ਏ,
ਨਾ ਕਿਸੇ ਨੂੰ ਪਤਾ ਏ,
ਕਿ ਕੌਣ ਏ ਪਰਕਿਰਤੀ ਦਾ ਸੂਤਰਧਾਰ ।

ਪਰੇਸ਼ਾਨ ਨਾ ਹੋ,
ਸਮਾ ਹੈ ਹੀ ਬੜਾ ਬਲਵਾਨ,
ਤੇ ਇਸ ਸਗਲ ਸਮੱਗਰੀ ਵਿੱਚ,
ਮੇਰੀ ਹੋਂਦ,
ਤੇਰੀ ਹੋਂਦ,
ਕਿਸੇ ਵੀ ਸ਼ਕਤੀ ਦੀ ਹੋਂਦ,
ਪਰਕਿਰਤੀ ਦੀ ਹੋਂਦ,
ਸਮੇ ਦੇ ਸੂਤਰ ਵਿੱਚ ਪਰੋਈ ਏ।
ਕਿਸੇ ਨੂੰ ਕੁਛ ਪਤਾ ਨਹੀ,
ਕਿ ਕੌਣ ਏ ਪਰੋਣ ਵਾਲਾ ਸੂਤਰਧਾਰ।

ਆਪਣੇ ਆਪ ਚ,
ਅਸਥਿਰ ਬ੍ਰਹਮੰਡ,
ਤੇ ਇਸਦੇ ਪੁਲਾੜ ਵਿੱਚ ਘੁੰਮਦੇ,
ਪਰ ਸਮੇਂ ਨਾਲ ਪਰੋਏ ਕਿਰਦਾਰ।
ਸੂਰਜ ਤੇ ਉਸਦੇ ਗ੍ਰਹਿ,
ਗਲੈਕਸੀਆਂ, ਐਸਟਰਾਉਡਜ,
ਤੇ ਇਸ ਵਿੱਚ ਵਸਦੇ ਜੀਵ ਜੰਤ,
ਇਹ ਕਿਸਦੀ ਕਾਇਆ ਏ।
ਇਹ ਕੌਣ ਏ ਪਰੋਣ ਵਾਲਾ ਸੂਤਰਧਾਰ।

ਉਹ ਕਾਹਦਾ,
ਤੇ ਕਿਸ ਦਾ ਬਣਾਇਆ ਸੂਆ ਏ,
ਉਹ ਕਾਹਦਾ,

ਤੇ ਕਿਸ ਦਾ ਬਣਾਇਆ ਸੂਤਰ ਏ,
ਜਿਸ ਸੂਈ ਧਾਗੇ ਨੇ,
ਪੁਲਾੜ ਵਿੱਚ ਫੈਲੇ ਬਲੈਕ ਮੈਟਰ ਨੂੰ,
ਅਸਥਿਰ ਬ੍ਰਹਮੰਡ ਨੂੰ ਬੁਣਿਆ ਏ।
ਇਹ ਕਿਸਦੀ ਕਾਇਆ ਏ,
ਤੇ ਕੌਣ ਏ ਪਰੋਣ ਵਾਲਾ ਸੂਤਰਧਾਰ।

ਬਲੈਕ ਮੈਟਰ ਵਿੱਚ,
ਚਲਣਾ, ਉੱਡਣਾ,
ਹਵਾ , ਪਾਣੀ,
ਬਿਜਲੀ, ਖਿੱਚ,
ਪਦਾਰਥ ਵਰਦਾਨ,
ਆਤਮਾ, ਪਰਮਾਤਮਾ,
ਇਹ ਕਿਸਦੀ ਕਾਇਆ ਏ,
ਇਹ ਕੌਣ ਪੈਦਾ ਕਰਨ ਵਾਲਾ ਏ ਸੂਤਰਧਾਰ।

ਪਰੇਸ਼ਾਨ ਨਾ ਹੋ,
ਨਾ ਮੈਨੂੰ ਪਤਾ ਏ,
ਨਾ ਤੈਨੂੰ ਪਤਾ ਏ,
ਨਾ ਕਿਸੇ ਨੂੰ ਪਤਾ ਏ,
ਕਿ ਕੌਣ ਏ ਪਰਕਿਰਤੀ ਦਾ ਸੂਤਰਧਾਰ।

ਕੀ ਲੈਣਾ ਏ ਜਾਣ ਕੇ,
ਬਸ ਸੂਈ ਤੇ ਧਾਗੇ ਦਾ,
ਚਮਤਕਾਰ ਦੇਖੀ ਜਾ,
ਜਦ ਤੇਰੀ ਸੂਈ ਦੇ ਨੱਕੇ ਚ,
ਸੂਤਰ ਪਾਉਣ ਦੀ ਵਾਰੀ ਆਈ,
ਤਾਂ ਮੂਰਖ ਬਣ ਪੁੱਛ ਲਈਂ,
ਇਹ ਕੌਣ ਏ,
ਪਰਕਿਰਤੀ ਦਾ ਸੂਤਰਧਾਰ ?
***

## ਹੋਂਦ ਜਾਨਣ ਦੀ ਇੱਛਾ

ਢਲਦੇ ਪਰਛਾਵੇਂ
ਜਦ ਮੇਰੇ ਆਕਾਰ ਨਾਲ
ਉੱਚੇ ਨੀਵੇਂ
ਜਾ ਲੰਬੇ ਛੋਟੇ ਬਣ
ਮੇਰੇ ਅੱਗੇ ਪਿਛੇ ਤੁਰਦੇ ਨੇ
ਤਾ ਆਪਣੀ ਹੋਂਦ
ਜਾਨਣ ਨੂੰ ਜੀ ਕਰਦਾ ਏ।

ਜਦੋਂ ਮਨ ਦੀ ਚੀਖ
ਨਿਕਲਣ ਨੂੰ ਕਰੇ
ਪਰ ਕੋਈ ਵੀ ਬੋਲੀ
ਉਸ ਦਾ ਤਰਜਮਾ ਨਾ ਕਰ ਸਕੇ
ਤਾ ਆਪਣੀ ਹੋਂਦ
ਜਾਨਣ ਨੂੰ ਜੀ ਕਰਦਾ ਏ।

ਜਦੋਂ ਰੂਹ ਚ ਪਲਦੀ
ਕੋਈ ਅਪਾਹਜ ਇੱਛਾ,
ਕਿਸੇ ਮਿਥੇ ਪਰਬਤ ਦੀ
ਟੀਸੀ ਨੂੰ ਛੂਹਣਾ ਚਾਹੇ
ਪਰ ਛੂਹੀ ਨਾ ਜਾਏ,
ਤਾ ਆਪਣੀ ਹੋਂਦ
ਜਾਨਣ ਨੂੰ ਜੀ ਕਰਦਾ ਏ।

ਜਦੋਂ ਜੇਤੂ ਬਾਂਹਵਾਂ
ਸੰਘਰਸ਼ ਤੋਂ ਬਾਦ
ਹਵਾ ਚ ਉਲਰਨੀਆਂ ਚਾਹਵਣ
ਤੇ ਮੋਢਿਆਂ ਤੋਂ ਉਪਰ ਚੁਕਦਿਆਂ
ਹੀ ਸਰੀਰ ਨਾਲੋਂ
ਅਲੱਗ ਕਰ ਦਿੱਤੀਆਂ ਜਾਵਣ
ਤਾ ਆਪਣੀ ਹੋਂਦ
ਜਾਨਣ ਨੂੰ ਜੀ ਕਰਦਾ ਏ।

ਜਦੋਂ ਆਪਣੀ ਆਪਣੀ
ਸੀਮਾ ਦੇ ਦਾਇਰੇ ਚੋ
ਨਿਕਲਣ ਲਈ ਬਾਹਰ ਪੈਰ ਪਾਈਏ
ਤਾਂ ਪੈਰ ਹੀ ਵੱਢ ਦਿੱਤੇ ਜਾਣ
ਤਾ ਆਪਣੀ ਹੋਂਦ
ਜਾਨਣ ਨੂੰ ਜੀ ਕਰਦਾ ਏ।

ਜਦੋਂ ਨੇਤਾ ਪੋਸ਼ਾਕ
ਕਿਸੇ ਮਾਸੂਮ ਨੂੰ ਦੇਖ
ਢਿੱਲੀ ਹੋ ਜਾਏ
ਤੇ ਦੇਸ਼ ਦੇ ਰਾਖੇ
ਮਾਸੂਮਾਂ ਨੂੰ ਜਿੰਦਾ ਜਲਾ ਦੇਵਣ
ਤਾ ਆਪਣੀ ਹੋਂਦ  ਨੂੰ ਹੀ ਨਹੀਂ
ਰੱਬ ਨੂੰ ਵੀ ਜਾਨਣ ਦਾ ਜੀ ਕਰਦਾ ਏ।
***

## ਜਨਮ ਦਿਨ

ਇਕ ਹੋਰ ਸਾਲ,
ਅਤੀਤ ਨੂੰ ਪਰਵਾਨ ਕਰ ਆਇਆਂ ਹਾਂ।
ਤੇ ਹਰ ਸਾਲ ਵਾਂਗ,
ਆਪਣੀਆਂ ਸਫਲ ਤੇ ਅਸਫਲ ਇੱਛਾਵਾਂ ਨੂੰ,
ਸੁਪਨਿਆਂ ਦੇ ਹਾਰ ਬਣਾ,
ਆਪਣੀਆਂ ਸਧਰਾਂ ਦੇ ਗਲ ਪਾ ਆਇਆਂ ਹਾਂ।

ਅੱਜ ਹੱਥਾਂ ਤੇ ਨਵੀਆਂ ਉਗੀਆਂ,
ਉਹਨਾਂ ਰੀਝਾਂ ਦੀਆਂ,
ਤਰੇੜਾ ਵੀ ਹਨ,
ਲਕੀਰਾਂ ਵੀ ਹਨ,
ਬਦਲਦੀਆਂ ਤਕਦੀਰਾਂ,
ਦੀ ਦਾਸਤਾਨ ਵੀ ਹੈ।

ਮੇਰੇ ਅੰਬਰ ਵਿੱਚ ਹੁਣ,
ਤਾਰੇ ਵੀ ਹਨ।

ਸਿਤਾਰੇ ਵੀ ਹਨ।
ਜ਼ਿੰਦਗੀ ਦੇ ਹੁਲਾਰੇ ਵੀ ਹਨ।
ਤੇ ਮੇਰੇ ਪਿਆਰਿਓਂ,
ਜਿਊਣ ਦੇ ਸਹਾਰੇ ਵੀ ਹਨ।
ਮੇਰੇ ਮਨ ਮਸਤਕ ਦੇ,
ਪੁਲਾੜ ਵਿੱਚ ਅਜੇ,
ਵਿਖਰੇ ਅਰਮਾਨ ਵੀ ਹਨ।
ਸਮਰੱਥਾ ਦੀ ਸ਼ਹਿ ਨਾਲ,
ਜਿਸ ਬ੍ਰਹਮੰਡ ਪਹੁੰਚੇ,
ਉਸਦੀ ਪਰਕਿਰਤੀ ਵਿੱਚ,
ਅਸਮਰਥਾ ਦੇ ਜਾਲ ਚ ,
ਫਸੇ ਕਈ ਪਰਿੰਦੇ ਵੀ ਹਨ,
ਜੋ ਉੱਡਣ ਤੋਂ ਡਰਦੇ,
ਆਪਣੇ ਟੁੱਟੇ ਪਰਾਂ ਨੂੰ ਦੇਖ,
ਸਹਿਕਦੇ, ਚੀਕਦੇ,
ਸੁਪਨਿਆਂ ਨੂੰ ਸਕਾਰ
ਕਰਨ ਲਈ ਜਾਲ ਨੂੰ,
ਤੋੜਨ ਦਾ ਯਤਨ ਕਰਦੇ।
ਕਾਸ਼!
ਅਸਮਰਥਾ ਦੇ ਜਾਲ ਟੁੱਟ ਜਾਵਣ,
ਤੇ ਸਾਰੀਆਂ ਆਸਾਂ,
ਜਨਮ ਦਿਨਾਂ ਲਈ ਪੂਰੀਆਂ ਹੋ ਜਾਵਣ।
ਹੈਪੀ ਬਰਥ ਡੇ
ਜਨਮ ਦਿਨ ਮੁਬਾਰਕ!
✶✶✶

## ਹੁਲਾਰੇ

ਹੁਣ ਉਹ,
ਜਦ ਵੀ ਪਾਸ ਆਉਂਦੀ ਏ,
ਹੱਸਦੀ ਗਾਉਂਦੀ ਆਉਂਦੀ ਏ।
ਸ਼ਰਬਤੀ ਅੱਖਾਂ ਨਾਲ
ਗੱਲਾਂ ਕਰਦੀ  ਏ,
ਪਹਿਲਾਂ ਵਾਂਗ,

ਸ਼ਰਮਾਉਂਦੀ ਨਹੀਂ।
ਰੋਂਦੀ ਨਹੀਂ ।
ਅਖੇ;
'ਅਤੀਤ ਨੂੰ ਯਾਦ ਕਰ,
ਬਹੁਤ ਰੋ ਲਿਆ ਏ।
ਆਉਂਦੇ ਸਮੇਂ ਨੂੰ ਸੋਚ ਸੋਚ,
ਬਹੁਤ ਕੁਝ ਗਵਾ ਲਿਆ ਏ।
ਨਾਂ ਅੱਖਾਂ ਵਿੱਚ ਅੱਥਰੂ ਨੇ।
ਨਾ ਸੋਚ ਨਾ ਇੱਛਾਵਾਂ ਨੇ'।

ਬੱਸ ਮੋਢੇ ਉਤੇ ਸਿਰ ਰੱਖ ,
ਬਗੀਚੇ ਵਿੱਚ,
ਰੁੱਖ ਤੋਂ ਲਮਕਦੀ ਪੀਂਘ ਤੇ,
ਛੋਟੇ ਛੋਟੇ ਹੁਲਾਰੇ ਲੈਂਦੇ।
ਪੰਛੀਆਂ ਨੂੰ ਚੋਗੇ ਚੁਗਦਿਆਂ,
ਤੇ ਹਵਾ ਵਿੱਚ ਹੁਲਾਰੇ ਲੈਂਦਿਆਂ ਵੇਖ,
ਉਹ ਮੈਨੂੰ,
ਸਵਰਗਾਂ ਦਾ ਲੰਬਾ ਝੂਟੇ
ਲੈਣ ਲਈ ਉਕਸਾਉਂਦੀ।

ਮੈਂ ਡਰ ਜਾਂਦਾ,
ਕਿਤੇ ਪੀਂਘ ਦੀ ਰਸੀ ਨਾਂ ਟੁੱਟ ਜਾਵੇ,
ਕਿਤੇ ਰੁੱਖ ਦਾ ਟਾਹਣਾ ਨਾਂ ਟੁੱਟ ਜਾਵੇ,
ਮੇਰਾ ਡਰ ਮਹਿਸੂਸ ਕਰ
ਉਹ ਮੇਰੇ ਬੁੱਲ੍ਹਾ ਨੂੰ ਚੁੰਮ ਕੇ ਬੰਦ ਕਰ ਦੇਂਦੀ।
ਅਖੇ;
'ਬੀਤੇ ਵਾਲੇ ਹੁਲਾਰਿਆਂ ਨੂੰ,
ਬਹੁਤ ਕੁਝ ਕੁਰਬਾਨ ਹੋ ਚੁੱਕਿਆ ਏ,

ਹੁਣ, ਬਸ 'ਹੁਣ' ਦਾ ਹੁਲਾਰਾ ਹੀ ਲਈਏ।'

ਮੈਂ ਪੀਂਘ ਨੂੰ,
'ਅੱਜ' ਦੀ ਵਗਦੀ ਹਵਾ ਦੇ ਸਹਾਰੇ,
ਇਕ ਲੰਬਾ ਸਵਰਗੀ ਹੁਲਾਰਾ ਦੇਂਦਾ ਹਾਂ।

ਸਵਰਗੀ ਹੁਲਾਰੇ ਆਪਣੇ ਆਪ ਆਉਂਦੇ ਰਹੇ
ਉਸ ਦਾ ਸ਼ਾਂਤ ਸਿਰ
ਮੇਰੇ ਮੋਢੇ ਤੋਂ ਫਿਰ
ਕਦੀ ਵੀ ਨਾਂ ਸਰਕਿਆ।
***

## ਬ੍ਰਿਟਿਸ਼ ਰਾਜ ਸਿੰਡਰੋਮ

ਇੰਗਲੈਂਡ ਤੋਂ ਭਾਰਤ ਦੀ,
ਜਹਾਜੀ ਉਡਾਨ ਸਾਲਾਂ ਪਿੱਛੋਂ,
ਘਰ ਜਾਣ ਦੀ ਤਾਂਘ।
ਜਹਾਜ ਵਿੱਚ ਸਾਰੇ ਯਾਤਰੀਆਂ ਦੇ,
ਚਿਹਰਿਆਂ ਤੇ ਰੌਣਕਾਂ,
ਐਨ ਆਈ ਆਰ ਸੀਜਨ।

ਕੁੱਝ ਪਰਿਵਾਰਕ ਵਿਆਹ ,
ਤੇ ਖੁਸ਼ੀਆਂ ਮਨਾਉਣ,
ਕੁੱਝ ਆਪਣੀਆਂ ਜਮੀਨ ਜਾਇਦਾਦਾਂ,
ਆਪਣੇ ਜਾਂ ਆਪਣੇ ਬੱਚਿਆਂ ਦੇ,
ਨਾਮ ਕਰਾਉਣ ਜਾ ਰਹੇ ਨੇ।

ਕੁੱਝ ਰੌਲੀ ਪਾ ਰਹੇ ਨੇ ਕਿ ਕਿਵੇਂ,
ਉਹਨਾਂ ਦੀ ਜਾਇਦਾਦ ਉਹਨਾਂ ਦੇ,
ਆਪਣਿਆਂ ਜਾਂ ਗਿਰੋਹਾਂ ਨੇ ਹੜੱਪ ਲਈ।

ਕੋਈ ਪਵਿੱਤਰ ਅਸਥਾਨਾਂ
ਦੀ ਯਾਤਰਾ ਦੀ ਖ਼ੁਸ਼ੀ ਚ
ਵਾਹਿਗੁਰੂ ਸਤਿਨਾਮ ਜਪ ਰਹੇ ਨੇ।

ਕੋਈ ਰਿਸ਼ਤੇਦਾਰਾਂ
ਤੇ ਦੋਸਤਾਂ ਦੇ ਵਿਆਹ ਸੱਦੇ ਤੇ
ਘੋੜੀਆਂ ਗਾਉਂਦੇ ਜਾ ਰਹੇ ਨੇ।
ਭਾਰਤੀ ਕਰੂ ਨੇ
ਜਹਾਜ ਵਿੱਚ ਸੁਰੱਖਿਆ ਦੀ

ਡਰਿਲ ਸਮਾਪਤੀ
"ਜੈ ਹਿੰਦ" ਦਾ ਨਾਹਰਾ ਲਾ ਕੇ ਕੀਤੀ।
ਕੋਈ ਉੱਚੀ ਦੇਣੀ ਬੋਲ ਉਠਿਆ,
"ਜੈ ਹਿੰਦ" ਨਹੀਂ,
ਜੈ "ਭਾਰਤ ਮਾਤਾ" ਦੀ ਕਰੋ,
ਜਹਾਜ ਵਿੱਚ ਵੀ ਹਿੰਦੂਤਬਾ ?
ਡਰਿਲ ਵੀ ਪੰਜਾਬੀ ਵਿੱਚ ਨਹੀਂ,
ਜਹਾਜ ਵਿੱਚ ਅਸੀਂ ਸਾਰੇ ਪੰਜਾਬੀ ਤਾਂ ਹਾਂ।"

ਖਿੜਕੀ ਨਾਲ ਦੀਆਂ ਸੀਟਾਂ ਤੇ,
ਗੋਰਾ ਤੇ ਗੋਰੀ ਵੀ,
ਮੇਰੇ ਨਾਲ ਬੈਠੇ .
ਨਾ ਸਮਝਦੇ ਹੋਏ ਵੀ,
ਮਾਹੌਲ ਦਾ ਨੰਦ ਮਾਣਦੇ ਲਗਦੇ ਸਨ।

ਅਧਖੜ੍ਹ ਜਿਹੀ ਏਅਰ ਹੋਸਟੇਸ,
ਮੈਨੂੰ ਪੁੱਛਣ ਲੱਗੀ, ਕੀ ਪੀਓਗੇ ?
ਵਿਸਕੀ, ਲਾਰਜ ਪਲੀਜ,
ਉਸਨੇ ਜਦ ਛੋਟਾ ਜਿਹਾ ਪੈਗ ਪਾਇਆ,
ਮੈਂ ਦੁਹਰਾਇਆ,
ਲਾਰਜ ਪਲੀਜ ?
ਹੋਸਟੇਸ ਨੇ ਗੁੱਸੇ ਚ ਆ
ਪੂਰਾ ਗਲਾਸ ਭਰ ਦਿੱਤਾ।

ਫਿਰ ਉਹ ਗੋਰੇ ਤੇ ਗੋਰੀ ਨੂੰ
ਬੜੀ ਨਿਮਰਤਾ ਨਾਲ ਬੋਲੀ,
"ਸੋਰੀ ਟੂ ਕੀਪ ਯੂ ਵੇਟਿੰਗ,
ਥਾਊਜੈਂਡ ਅਪੋਲੋਜਾਈਜ,
ਕੀ ਪੀਓਗੇ ?"
'ਰੈਡ ਵਾਈਨ ਪਲੀਜ'
ਏਅਰ ਹੋਸਟੇਸ ਨੇ ਇੱਕ ਨਹੀਂ
ਵਾਈਨ ਦੀਆਂ ਤਿੰਨ ਬੋਤਲਾਂ
ਗੋਰਿਆਂ ਅੱਗੇ ਲਿਆ ਧਰੀਆਂ
ਤੈ ਫਿਰ ਸੌਰੀ ਮੰਗਿਆ।

ਗੋਰੇ ਨੇ ਮੇਰੀ ਵੱਲ ਇਸ਼ਾਰਾ ਕਰ ਕਿਹਾ
"ਸਾਨੂੰ ਤਿੰਨ ਬੋਤਲਾਂ ਦੀ ਲੋੜ ਨਹੀਂ
ਇਕ ਬੋਤਲ,
ਮੇਰੇ ਇਹ ਮੇਰੇ ਬਾਸ ਨੂੰ ਦੇ ਦਿਓ।"
'ਸੌਰੀ ਸਰ,ਆਈ ਡੋਂਟ ਨੋਂ
ਹੀ ਇਜ ਯੂਅਰ ਬਾਸ,'
ਮੇਥੋਂ ਬਗੈਰ ਸੋਰੀ ਮੰਗਿਆਂ,
ਤੇ ਮੈਨੂੰ ਝੂਰ ਝੂਰ ਦੇਖਦੀ ਉਹ,
ਆਪਣੇ ਕੈਬਿਨ ਵਿੱਚ ਚਲੀ ਗਈ।

ਲਾਗੇ ਬੈਠੀ ਮੇਰੀ,
ਪੀ ਏ ਨੇ ਸੁਭਾਵਿਕ ਬੁੜਬੁੜਾਇਆ,
"ਸਰ, ਡੌਂਟ ਮਾਈਂਡ ਹਰ,
ਸੀ ਸਫਰਜ ਫਰੋਮ
ਬ੍ਰਿਟਿਸ਼ ਰਾਜ ਸਿੰਡਰੋਮ'।
***

## ਪਰਛਾਵੇਂ

ਉਹਨਾਂ ਕੋਲ,
ਆਪਣੇ ਰੋਸ ਨਸ਼ਰ,
ਕਰਨ ਦੀ ਹਿੰਮਤ ਵੀ ਸੀ।
ਉਹਨਾਂ ਕੋਲ,
ਆਪਣੇ ਪਰਛਾਵਿਆਂ ਦੇ ਵੀ,
ਰੋਸ ਭਰੇ ਐਲਾਨ,
ਨਸ਼ਰ ਕਰਨ ਹਿੰਮਤ ਸੀ

ਉਹ ਹੁਣ,
ਪਰਛਾਵਿਆਂ ਸਾਥ,
ਸੂਰਜ ਦਾ ਹੁਕਮ,
ਨਾ ਮੰਨਦੇ ਹੋਏ,
ਲੰਬੇ, ਚੌੜੇ, ਵਿੰਗੇ ਟੇਢੇ,
ਹੋਣ ਤੋਂ ਇਨਕਾਰ ਕਰਦੇ ਰਹਿਣਗੇ।

ਉਹਨਾਂ ਦੀ

ਇੱਕ ਹੋਰ ਮੰਗ ਹੈ ,
ਕਿ ਸੂਰਜ ,
ਮਾਂ ਧਰਤੀ ਦੇ,
ਗੇੜੇ ਲਾਉਣ ਤੋਂ ਨਾਂ ਹਟਿਆ,
ਤਾਂ ਭਿਆਨਕ ਅੰਦੋਲਨ,
ਬ੍ਰਹਿਮੰਡ ਦੀ ਗਤੀ ਵਿੱਚ,
ਸ਼ਕੰਜਾ ਅੜਾ ਦੇਣਗੇ।
ਹਰ ਗ੍ਰਿਹ ਨੂੰ ਆਪਣਾ,
ਉਹਨਾਂ ਦੇ ਸ਼ੂਰਜ ਦੁਆਲੇ,
ਚਕਰ ਲਾਉਣ ਵਾਲੇ
ਰਸਤਿਆਂ ਤੇ ਬੰਧ ਲਾ ਦੇਣਗੇ।

ਸੂਰਜ ਨੇ ਹੋਰ ਗਰਮ ਹੋ,
ਅੰਦੋਲਨ ਨੂੰ ਯਾਦ ਕਰਵਾਇਆਂ ,
"ਮੈ ਤੁਹਾਡੀ ਧਰਤੀ ਮਾਂ,
ਮਗਰ ਨਹੀਂ ਫਿਰਦਾ,
ਤੁਹਾਡੀ ਮਾਂ,
ਮੇਰੇ ਦੁਆਲੇ ਫਿਰਦੀ ਹੈ
ਮੇਰਾ ਫਰਜ਼
ਸਿਰਫ ਉਸਨੂੰ ਸ਼ਕਤੀ ਦੇਣਾ ਹੈ।"

ਇਹ ਜਾਨਣ ਤੋਂ ਬਾਦ,
ਪਰਛਾਵੇਂ ਅੰਦੋਲਨ ਛੱਡ,
ਬਗੈਰ ਲੰਬੇ, ਚੌੜੇ, ਵਿੰਗੇ ਟੇਢੇ ਹੁੰਦਿਆਂ,
ਬੰਦੇ ਦੇ ਆਕਾਰ ਵਿੱਚ ਛੁਪ ਗਏ।
ਤੇ ਬੰਦੇ ਦੇ ਮੇਚ ਆ ਗਏ।
ਧਰਤੀ ਤੇ ਵਾਪਸ ਆ ਗਏ,
ਜਿਥੇ ਉਹਨਾਂ ਦੀ ਮਾਂ,
ਸੂਰਜ ਦੁਆਲੇ ਘੁੰਮ ਰਹੀ ਸੀ,
ਤੇ ਸੂਰਜ ਦੀ ਊਰਜਾ ਸਦਕਾ,
ਸਾਰੀ ਕਾਇਨਾਤ ਨੂੰ,
ਨੂੰ ਅੰਨ ਵੰਡ ਰਹੀ ਸੀ।
***

## ਬੂਹੇ

ਪੁਰਾਣੇ ਜਿਹੇ
ਘਸੇ ਪਿੱਟੇ ਜਿਹੇ,
ਦਿਲ ਦੇ ਬੂਹੇ,
ਹੁਣ ਚੰਗੀ ਤਰਾਂ,
ਭਿੜਦੇ ਨਹੀਂ,
ਖੁੱਲਦੇ ਨਹੀਂ।
ਅਰਮਾਨਾਂ ਦੇ
ਪਹਾੜ ਚੜਨਾ
ਇੱਛਾਵਾਂ ਦਾ
ਸਫਰ ਪੂਰਾ ਕਰਨਾ,
ਸਧਰਾਂ ਦਾ ਦੀਪ,
ਟੀਸੀ ਚੜ ਜਗਾਉਣਾ,
ਸੁੱਖ ਜਾਂ ਦੁੱਖ ਪਾਲਣਾ
ਹੁਣ ਸੰਭਵ ਨਹੀਂ

ਬਹੁਤ ਵਾਰ ਕਿਹਾ ਸੀ,
'ਆਉਣ ਵੇਲੇ
ਬੂਹਾ ਹੌਲੀ ਖੋਲਿਆ ਕਰੋ।
ਜਾਣ ਵੇਲੇ,
ਬੂਹਾ ਹੌਲੀ ਭੇੜਿਆ ਕਰੋ ।'
ਪਰ ਉਹ
ਮੇਰਾ ਕੁੱਛ ਨਾ ਸੁਣਦੇ।
ਆਦਤ ਤੋਂ ਮਜਬੂਰ,
ਬੂਹੇ ਨੂੰ ਲੱਤ ਮਾਰ ਭੇੜਦੇ।

ਠੰਡੀ ਸਰਦ ਤੇ
ਤੇਜ ਹਨੇਰੀ ਵਗਦੀ ਰਹੀ।
ਅੱਗ ਦੇ ਲਾਵੇ ਬਲਦੇ ਰਹੇ।
ਸੰਘਰਸ਼, ਅੰਦੋਲਨ
ਦੇ ਨਾਹਰੇ ਲਗਦੇ ਰਹੇ।
ਮੇਰੇ ਦਰ ਦੇ ਬੂਹੇ ਤੇ
ਜ਼ਬਰਦਸਤੀ ਦਸਤਕ ਹੁੰਦੀ ਰਹੀ।

ਮੇਰੇ ਅੰਦਰ ਮੇਰੇ ਹੀ,
ਆਕਾਰ ਨਾਹਰੇ ਲਾਉਂਦੇ ਰਹੇ,
'ਹੁਣ ਤੂੰ ਕੀ ਕਰੇਗਾ!'
'ਹੁਣ ਤੂੰ ਕੀ ਕਰੇਗਾ!!'

ਮੈਂ ਇਹਨਾਂ ਆਕਾਰਾਂ ਨੂੰ ,
ਆਪਣੇ ਖ਼ੂਨ ਨਾਲ,
ਵਿਕਾਸ ਦੇ ਲਿਖੇ ਦਸਤਾਵੇਜ਼,
ਦਿਖਾ ਤੇ ਉਹਨਾਂ ਤੇ,
ਲਾਲ ਕਰਾਸ ਵਾਹ,
ਉਹਨਾਂ ਨੂੰ ਤਾਕੀਦ ਕਰਦਾ ਹਾਂ,
'ਬੂਹੇ ਭੰਨਣ ਵਾਲਿਆਂ ਨੂੰ,
ਮੇਰੇ ਅੰਦਰ ਬਾਹਰ,
ਆਉਣ ਜਾਣ ਦੀ
ਹੁਣ ਆਗਿਆ ਨਹੀਂ ਏ'
ਤੇ ਫਿਰ ਬੂਹੇ,
ਆਪਣੀ ਮਰਜ਼ੀ ਨਾਲ
ਬੰਦ ਹੁੰਦੇ ਨੇ
ਆਪਣੀ ਮਰਜ਼ੀ ਨਾਲ
ਖੁੱਲਦੇ ਨੇ।
***


ਪੁਸਤਕ **ਲੰਮੇ ਪੈਂਡਿਆਂ ਦਾ ਪਾਂਧੀ**:ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ।

**- ਪ੍ਰਕਾਸ਼ਕ**

**ਲੰਮੇ ਪੈਂਡਿਆਂ ਦਾ ਪਾਂਧੀ: ਜਗਜੀਤ ਸਿੰਘ ਆਨੰਦ**

**ਸੰਪਾਦਕ: ਰਜਨੀਸ਼ ਬਹਾਦਰ ਸਿੰਘ**

**ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ**

**ਪੰਨੇ: 320 ਮੁੱਲ: 280/-**

ਰਚਨਾ ਦੀਆਂ ਅੰਤਰੀਵ ਪਰਤਾਂ-18

# ਮਹਾਜਨੀ ਸਾਂਸਕ੍ਰਿਤੀ ਅਤੇ ਵਿਅਕਤੀ ਦੇ ਸੂਖ਼ਮ ਸੰਬੰਧਾਂ ਦਾ ਕਹਾਣੀਕਾਰ: ਪ੍ਰੇਮ ਪ੍ਰਕਾਸ਼

**-ਰਜਨੀਸ਼ ਬਹਾਦਰ ਸਿੰਘ**

ਅਧੁਨਿਕ ਪੰਜਾਬੀ ਕਹਾਣੀ ਦਾ ਰੂਪਾਕਾਰਕ ਢਾਂਚਾ ਅਧੁਨਿਕ ਜੀਵਨ ਮੁੱਲਾਂ ਵਿਚੋਂ ਉਪਜੀ ਸੰਵੇਦਨਾ ਨਾਲ ਜੁੜਿਆ ਹੋਇਆ ਹੈ। ਪੰਜਾਬੀ ਅਧੁਨਿਕਤਾ ਦਾ ਸਿੱਧਾ ਸਬੰਧ ਧਾਰਮਿਕ ਪੁਨਰ-ਸੁਰਜੀਤੀ ਵਿਚੋਂ ਉਪਜੀ ਸਥਿਤੀ ਵਿਚੋਂ ਉਪਜ ਰਿਹਾ ਸੀ। ਇਹ ਸਥਿਤੀ ਕਿਸੇ ਖਲਾਅ ਵਿਚੋਂ ਨਹੀਂ, ਸਗੋਂ ਭਾਰਤੀ ਅਵਚੇਤਨੀ ਪਰੰਪਰਾ ਨਾਲ ਜੁੜੀ ਹੋਈ ਸੀ। ਇਹ ਅਵਚੇਤਨ ਜਦੋਂ ਪੰਜਾਬੀ ਕਹਾਣੀ ਦਾ ਹਿੱਸਾ ਬਣਨ ਲੱਗਦਾ ਹੈ ਤਾਂ ਬਸਤੀਵਾਦੀ ਵਰਤਾਰਾ ਪੰਜਾਬੀ ਕਹਾਣੀ ਨੂੰ ਨਵੀਂ ਦਿਸ਼ਾ ਵੱਲ ਮੋੜ ਦਿੰਦਾ ਹੈ। ਇਹ ਦਿਸ਼ਾ ਪ੍ਰਵਿਰਤੀਆਂ ਦੀ ਦਿਸ਼ਾ ਸੀ। ਉਨ੍ਹਾਂ ਪ੍ਰਵਿਰਤੀਆਂ ਵਿਚ ਵੀ ਪੰਜਾਬੀ ਕਹਾਣੀ ਵਿਚ ਕੁਝ ਕਹਾਣੀਕਾਰ ਇਸ ਹਵਾ ਤੋਂ ਉਲਟ ਦਿਸ਼ਾ ਵਿਚ ਵਹਿਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਸਨ। ਇਨ੍ਹਾਂ ਲੋਕਾਂ ਦੀ ਪਛਾਣ ਕਰਦੇ ਹੋਏ ਤੁਹਾਨੂੰ ਇਕ ਨਵੀਂ ਪ੍ਰਵਿਰਤੀ ਦਾ ਅਹਿਸਾਸ ਹੋਣ ਲਗਦਾ ਹੈ। ਇਸ ਪ੍ਰਵਿਰਤੀ ਨੂੰ ਕੁਝ ਚਿੰਤਕਾਂ ਨੇ ਸਾਹਿਤਕ ਪ੍ਰਵਿਰਤੀਆਂ ਦਾ ਨਾਂ ਵੀ ਦਿੱਤਾ ਹੈ। ਇਸ ਵਰਤਾਰੇ ਨੂੰ ਸਮਝਣ ਲਈ ਪੰਜਾਬੀ ਕਹਾਣੀ ਦੇ ਅਧੁਨਿਕ ਵਿਕਾਸ ਦਿਸ਼ਾ ਨੂੰ ਸਮਝਣ ਦੀ ਲੋੜ ਹੈ।

ਅਧੁਨਿਕ ਪੰਜਾਬੀ ਕਹਾਣੀ ਅਧੁਨਿਕ ਚੇਤਨਾ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਆਧੁਨਿਕ ਪੰਜਾਬੀ ਕਹਾਣੀ ਬਸਤੀਵਾਦੀ ਵਰਤਾਰੇ ਅਧੀਨ ਪੈਦਾ ਹੋਈਆਂ ਸਥਿਤੀਆਂ ਵਿਚੋਂ ਉਪਜੀ ਹੈ। ਇਸ ਚੇਤਨਾ ਨੇ ਸਾਹਿਤ ਵਿਚ ਰੂਪਾਕਾਰਕ ਪ੍ਰਤੀਮਾਨਾਂ ਨੂੰ ਹੀ ਸਵੀਕਾਰ ਕੀਤਾ, ਬਾਕੀ ਕਹਾਣੀਆਂ ਦੀ ਵਸਤ ਇਥੋਂ ਦੇ ਵਸਤੂਗਤ ਵਰਤਾਰੇ ਵਿਚੋਂ ਉਪਜ ਰਹੀ ਸੀ। ਇਸ ਲਈ ਕਹਾਣੀ ਦੀਆਂ ਜੜ੍ਹਾਂ ਭਾਰਤ ਹੀ ਨਹੀਂ ਸਗੋਂ ਸਮੁੱਚੇ ਏਸ਼ਿਆਈ ਮਹਾਂਦੀਪ ਦੇ ਕਥਾ ਵਰਤਾਰੇ ਨਾਲ ਜੁੜੀਆਂ ਹੋਈਆਂ ਸਨ। "ਕਹਾਣੀ ਦੀ ਏਸ਼ੀਆ ਵਿਚ ਆਮ ਤੌਰ 'ਤੇ ਭਾਰਤ ਵਿਚ ਖ਼ਾਸ ਤੌਰ ਤੇ ਇਕ ਦੀਰਘ ਪਰੰਪਰਾ ਹੈ। ਕਹਾਣੀ ਭਾਰਤੀ ਬੰਦੇ ਦੇ ਅਵਚੇਤਨ ਵਿਚ ਵਸੀ ਹੋਈ ਹੈ। ਇਥੋਂ ਦੇ ਰੰਗ-ਬਰੰਗੇ ਮੌਸਮ, ਕਲ-ਕਲ ਵਹਿੰਦੇ ਦਰਿਆ ਅਤੇ ਉਪਜਾਊ ਭੂਮੀ ਨੇ ਉਪਜੀਵਕਾਂ ਲਈ ਸੰਘਰਸ਼ ਨੂੰ ਨਰਮ ਕਰ ਦਿੱਤਾ। ਇਸੇ ਲਈ ਪ੍ਰਕਿਰਤੀ ਦੇ ਰਹੱਸ ਜਾਣਨ ਲਈ ਜਿਹੜੇ ਅਨੁਮਾਨ ਲਾਏ ਉਹ ਪੰਜਾਬੀ ਕਹਾਣੀ ਦੇ ਮਾਧਿਅਮ ਰਾਹੀਂ ਅੱਗੇ-ਅੱਗੇ ਤੁਰਦੇ ਰਹੇ। ਇਸੇ ਲਈ ਸੂਖ਼ਮ ਕਲਾਵਾਂ ਪਿੱਛੇ ਵੀ ਕਹਾਣੀਆਂ ਦਾ ਇਕ ਸਿਲਸਿਲਾ ਮੌਜੂਦ ਹੈ। ਹਰ ਕਲਾ ਪਿੱਛੇ ਦੇਵੀ ਦੇਵਤੇ, ਰਿਸ਼ੀ ਮੁਨੀ ਮੌਜੂਦ ਹਨ। ਇਸੇ ਲਈ ਕਥਾ ਸਾਰਿਤ ਸਾਗਰ, ਹਿੱਤ ਉਪਦੇਸ਼, ਬੇਤਾਲ ਬਤੀਸੀ, ਜਾਤਕ ਕਥਾਵਾਂ ਅਤੇ ਅਲਫ਼ ਲੈਲਾ ਦੀਆਂ ਕਹਾਣੀਆਂ ਦਾ ਭੰਡਾਰ ਮੌਜੂਦ ਹੈ। ਇਥੋਂ ਤਕ ਮੱਧ-ਕਾਲੀ ਕਾਵਿ ਦੀਆਂ ਬਿਰਤਾਂਤਕ ਕਾਵਿ ਪਰੰਪਰਾਵਾਂ ਅਤੇ ਜਨਮ ਸਾਥੀਆਂ ਵਿਚ ਵੀ ਕਹਾਣੀ ਮੌਜੂਦ ਹੈ।"[1] ਇਹ ਅਧੁਨਿਕ ਪੰਜਾਬੀ ਕਹਾਣੀ ਦੀ ਸਮੂਹਿਕ ਚੇਤਨਾ ਦਾ ਪਿਛੋਕੜ ਹੈ। ਇਸ ਤਰ੍ਹਾਂ ਪੰਜਾਬੀ ਕਹਾਣੀ ਦੀ ਵਸਤ ਅਤੇ ਰੂਪਾ ਕਾਰਕ ਪ੍ਰਤੀਮਾਨਾਂ ਵਿਚ ਤਣਾਅ ਦਾ ਰਿਸ਼ਤਾ ਕਾਇਮ ਹੁੰਦਾ ਹੈ ਜਿਸ ਵਿਚੋਂ ਅਧੁਨਿਕ ਪੰਜਾਬੀ ਕਹਾਣੀ ਦਾ ਸੁਹਜ-ਸ਼ਾਸਤਰ ਵਿਕਸਤ ਹੁੰਦਾ ਹੈ। ਇਸ ਵਰਤਾਰੇ ਦਾ ਅਹਿਮ ਪੱਖ

ਕਹਾਣੀ ਦੇ ਦ੍ਰਿਸ਼ਟੀਗਤ ਪਾਸਾਰ ਨਾਲ ਜੁੜਦਾ ਹੈ। ਸਾਡੀ ਲੋਕ ਕਹਾਣੀ ਮੁੱਢ ਤੋਂ ਹੀ ਸਿਖਿਆਦਾਇਕ ਸੁਭਾਅ ਦੀ ਧਾਰਨੀ ਰਹੀ ਹੈ। ਇਹ ਸਿੱਖਿਆ ਹੀ ਅਧੁਨਿਕ ਯੁੱਗ ਵਿਚ ਜਾ ਕੇ ਦ੍ਰਿਸ਼ਟੀ ਦਾ ਅਧਾਰ ਬਣਦੀ ਹੈ। ਇਸ ਦ੍ਰਿਸ਼ਟੀ ਦੇ ਕੇਂਦਰ ਵਿਚ ਧਿਰਾਂ ਦੀ ਰਾਜਸੀ ਚੇਤਨਾ ਪਈ ਸੀ। ਇਸ ਰਾਜਸੀ ਚੇਤਨਾ ਦਾ ਸਬੰਧ ਬਸਤੀਵਾਦ ਦੇ ਵਿਰੋਧ ਵਿਚ ਮੌਜੂਦ ਸੀ। ਇਸ ਵਿਰੋਧ ਦਾ ਵਹਾਅ ਆਮ ਪੰਜਾਬੀ ਅਧੁਨਿਕ ਸਾਹਿਤ ਵਾਂਗ ਧਰਮ ਸੁਧਾਰ ਅਤੇ ਪ੍ਰਗਤੀ ਵਿਚੋਂ ਹੀ ਅੱਗੇ ਤੁਰਦਾ ਹੈ। ਪੰਜਾਬੀ ਕਹਾਣੀ ਇਸ ਤੋਂ ਅਛੂਤੀ ਕਿਵੇਂ ਰਹਿ ਸਕਦੀ ਸੀ। ਇਨ੍ਹਾਂ ਪ੍ਰਵਿਰਤੀਆਂ ਵਿਚੋਂ ਪ੍ਰਗਤੀਵਾਦੀ ਪ੍ਰਵਿਰਤੀ ਕੌਮਾਂਤਰੀ ਸਥਿਤੀਆਂ ਅਤੇ ਖੱਬੇ ਪੱਖੀ ਰਾਜਸੀ ਚੇਤਨਾ ਵਿਚੋਂ ਉਪਜਣ ਕਰਕੇ ਲੰਮਾ ਸਮਾਂ ਅਧੁਨਿਕ ਪੰਜਾਬੀ ਸਾਹਿਤ ਦੀ ਸਿਰਜਣਕਾਰੀ ਅਤੇ ਸਮੀਖਿਆ ਦੇ ਕੇਂਦਰ ਵਿਚ ਰਹੀ। ਇਸ ਰਾਜਸੀ ਚੇਤਨਾ ਅਤੇ ਚਿੰਤਨ ਅਨੁਸਾਰ ਆਰਥਿਕਤਾ ਮਨੁੱਖੀ ਵਿਹਾਰ ਨੂੰ ਨਿਰਧਾਰਿਤ ਕਰਨ ਦਾ ਕੇਂਦਰ ਰਹੀ ਹੈ। ਸਾਹਿਤ ਸਿਰਜਣਕਾਰੀ ਵਿਚ ਇਸ ਸਿਰਜਣੀ ਅਤੇ ਚਿੰਤਨੀ ਵਰਤਾਰੇ ਦੇ ਵਿਰੋਧ ਵਿਚ 'ਕਲਾ-ਕਲਾ ਲਈ, ਦਾ ਸੰਕਲਪ ਚਲ ਪਿਆ ਸੀ ਅਤੇ ਸਾਹਿਤ ਦੀ ਖੁਦਮੁਖਤਿਆਰੀ ਦਾ ਮਾਮਲਾ ਕੇਂਦਰ ਵਿਚ ਆਇਆ ਇਹ ਮਸਲਾ ਪੰਜਾਬੀ ਕਹਾਣੀ ਦੀ ਸਮੀਖਿਆ ਦੇ ਕੇਂਦਰ ਵਿਚ ਵੀ ਆ ਰਿਹਾ ਸੀ। ਉਂਝ ਵੀ ਕਹਾਣੀ ਸਿਰਜਣਕਾਰੀ ਦੇ ਖੇਤਰ ਵਿਚ ਭਾਰੂ ਸੁਰ ਕਿਸਾਨੀ ਜੀਵਨ ਦੀ ਪੇਸ਼ਕਾਰੀ ਦੁਆਲੇ ਕੇਂਦਰਿਤ ਹੋ ਰਹੀ ਸੀ। ਅਜ਼ਾਦੀ ਤੋਂ ਬਾਅਦ ਰਾਜਾਂ ਦੇ ਪੁਨਰ-ਗਠਨ ਨੂੰ ਲੈ ਕੇ ਚੱਲੇ ਅੰਦੋਲਨਾਂ ਵਿਚ ਪੰਜਾਬੀਅਤ ਦੋਫਾੜ ਰੂਪ ਵਿਚ ਵਿਕਸਤ ਹੋ ਰਹੀ ਸੀ। ਪੰਜਾਬੀ ਸਮਾਜ ਦਾ ਵੱਡਾ ਹਿੱਸਾ ਆਪਣੇ ਆਪ ਨੂੰ ਕੌਮੀ ਰਾਜਨੀਤੀ ਨਾਲ ਜੁੜ ਕੇ ਵੱਧ ਸੁਰੱਖਿਅਤ ਮਹਿਸੂਸ ਕਰ ਰਿਹਾ ਸੀ। ਉਹ ਪੰਜਾਬੀ ਸਾਹਿਤ ਸਿਰਜਣਕਾਰੀ ਤੋਂ ਬਾਹਰ ਹੋ ਰਿਹਾ ਸੀ। ਧਾਰਮਿਕ ਪੁਨਰ-ਸੁਰਜੀਤੀ ਦੀ ਲਹਿਰ ਨੇ ਇਸ ਪਾੜੇ ਨੂੰ ਵਧਾਇਆ ਅਤੇ ਅਜ਼ਾਦੀ ਤੋਂ ਬਾਅਦ ਦੀ ਰਾਜਨੀਤੀ ਨੇ ਇਸ ਵਿੱਥ ਨੂੰ ਚੌੜਾ ਕਰ ਦਿੱਤਾ। ਬਾਹਰੀ ਤੌਰ ਤੇ ਇਹ ਜਾਪਣ ਲੱਗ ਪਿਆ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਧਰਮ ਵਿਸ਼ੇਸ਼ ਨਾਲ ਜੁੜ ਗਿਆ ਪ੍ਰੰਤੂ ਇਹ ਪੰਜਾਬੀ ਸੁਭਾਅ ਦਾ ਅਧਾਰ ਨਹੀਂ ਸੀ। ਪੰਜਾਬੀ ਕਹਾਣੀ ਵਿਚ ਇਕ ਦੱਬਵੀਂ ਸੁਰ ਸ਼ਹਿਰੀ ਜੀਵਨ ਅਧੀਨ ਮਹਾਜਨੀ ਸਭਿਆਚਾਰੀ ਸਾਂਸਕ੍ਰਿਤੀ ਨੂੰ ਵੀ ਅੰਗੀਕਾਰ ਕਰ ਰਹੀ ਸੀ। ਇਸੇ ਸਮੇਂ ਪ੍ਰੇਮ ਪ੍ਰਕਾਸ਼ ਪੰਜਾਬੀ ਕਹਾਣੀ ਦੀ ਸਿਰਜਣਕਾਰੀ ਵਿਚ ਇਕ ਵੱਖਰੀ ਸੁਰ, ਸੇਧ ਅਤੇ ਸੁਭਾਅ ਵਾਲੀ ਕਹਾਣੀ ਲੈ ਕੇ ਆਉਂਦਾ ਹੈ।

ਪ੍ਰੇਮ ਪ੍ਰਕਾਸ਼ ਪੰਜਾਬੀ ਕਹਾਣੀ ਦੇ ਖੇਤਰ ਵਿਚ 'ਕੱਚ ਕੜੇ' (1966) ਕਹਾਣੀ ਸੰਗ੍ਰਹਿ ਨਾਲ ਪ੍ਰਵੇਸ਼ ਕਰਦਾ ਹੈ। ਇਸ ਵਿਚ 1959 ਤੋਂ ਲੈ ਕੇ 1966 ਤਕ ਦੀਆਂ ਕਹਾਣੀਆਂ ਸ਼ਾਮਲ ਹਨ। ਇਸ ਤੋਂ ਪਹਿਲੀਆਂ ਕਹਾਣੀਆਂ 'ਰੇਸ਼ਮ ਦਾ ਕੀੜਾ, ਅਣਛਪੀਆਂ ਕਹਾਣੀਆਂ ਦਾ ਸੰਗ੍ਰਹਿ 'ਕਥਾ ਅਨੰਤ, ਸਮੁੱਚੀਆਂ ਕਹਾਣੀਆਂ ਦੇ ਸੰਗ੍ਰਹਿ ਵਿਚ (ਅਣਛਪੀਆਂ ਕਹਾਣੀ ਸੰਗ੍ਰਹਿ) ਦੇ ਨਾਂ ਥੱਲੇ ਛਪਾਉਂਦਾ ਹੈ। ਇਸ ਤੋਂ ਬਿਨਾਂ ਨਮਾਜ਼ੀ (1971), ਮੁਕਤੀ (1980), ਸ਼ਵੇਤਾਂਬਰ ਨੇ ਕਿਹਾ ਸੀ (1983), ਕੁਝ ਅਣਕਿਹਾ ਵੀ (1990), ਰੰਗ ਮੰਚ ਤੇ ਭਿਕਸ਼ੂ (1994) ਅਤੇ ਪਦਮਾ ਦਾ ਪੈਰ (2009) ਛਪੇ। ਇਸ ਤੋਂ ਬਿਨਾਂ ਉਸ ਨੂੰ ਭਾਰਤੀ ਸਾਹਿਤਕ ਅਕਾਦਮੀ ਨਵੀਂ ਦਿੱਲੀ ਤੋਂ ਲੈ ਕੇ ਭਾਸ਼ਾ ਵਿਭਾਗ ਪੰਜਾਬ ਦੇ ਸਿਰੋਮਣੀ ਸਾਹਿਤਕਾਰ ਤਕ ਦੇ ਐਵਾਰਡ ਮਿਲ ਚੁੱਕੇ ਹਨ। ਸਾਹਿਤ ਅਨੁਵਾਦ ਤੋਂ ਲੈ ਕੇ ਸੰਪਾਦਨਾ ਤਕ ਦਾ ਕੰਮ ਕੀਤਾ ਹੈ। ਉਹ ਲੰਮਾ ਸਮਾਂ 'ਲਕੀਰ' ਪਰਚਾ ਕੱਢਦਾ ਰਿਹਾ ਹੈ। ਉਸ ਦੀਆਂ ਕਈ ਕਹਾਣੀਆਂ ਉਤੇ

ਜਲੰਧਰ ਦੂਰਦਰਸ਼ਨ ਨੇ ਫ਼ਿਲਮਾਂ ਬਣਾਈਆਂ ਹਨ। ਉਸ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਸੰਪਾਦਨ ਕਰਦੇ ਹੋਏ ਰਜਨੀਸ਼ ਬਹਾਦਰ ਸਿੰਘ ਲਿਖਦਾ ਹੈ, "ਪ੍ਰੇਮ ਪ੍ਰਕਾਸ਼ ਦਾ ਕਥਾਗਤ ਸੰਸਾਰ 'ਕੱਚ ਕੜੇ' 1966 ਤੋਂ ਲੈ ਕੇ 'ਪਦਮਾ ਦਾ ਪੈਰ' ਤਕ ਫੈਲਿਆ ਹੋਇਆ ਹੈ। ਪ੍ਰੇਮ ਪ੍ਰਕਾਸ਼ ਦੀ ਵੱਖਰੀ ਅਤੇ ਗੂੜ੍ਹੀ ਪਛਾਣ ਕਹਾਣੀ ਸੰਗ੍ਰਹਿ 'ਮੁਕਤੀ' 1980 ਦੇ ਛਪਣ ਨਾਲ ਸਾਹਮਣੇ ਆਉਂਦੀ ਹੈ ਅਤੇ ਉਹ ਪ੍ਰੇਮ ਪ੍ਰਕਾਸ਼ 'ਖੰਨਵੀ' ਤੋਂ ਪ੍ਰੇਮ ਪ੍ਰਕਾਸ਼ ਬਣ ਜਾਂਦਾ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਵੱਖਰਤਾ ਪ੍ਰਗਤੀਵਾਦੀ ਚਿੰਤਨ ਦੇ ਪਰਛਾਵੇਂ ਥੱਲੇ ਕੁਝ ਸਮਾਂ ਧੁੰਦਲੀ ਪਈ ਰਹੀ। ਜਿਸ ਖੇਤਰ ਨੂੰ ਪ੍ਰੇਮ ਪ੍ਰਕਾਸ਼ ਆਪਣੇ ਕਥਾ-ਜੀਵਨ ਦਾ ਆਧਾਰ ਬਣਾ ਰਿਹਾ ਸੀ, ਉਹ ਖੇਤਰ ਪ੍ਰਗਤੀਵਾਦੀਆਂ ਲਈ ਸਵੈ-ਵਿਵਰਜਿਤ ਸੀ। ਭਾਵੇਂ ਉਹ ਖੇਤਰ ਮਨੁੱਖੀ ਵਿਹਾਰ ਦਾ ਮਹੱਤਵਪੂਰਨ ਹਿੱਸਾ ਸੀ।"[2] ਪ੍ਰੇਮ ਪ੍ਰਕਾਸ਼ ਆਪਣੀਆਂ ਅਣਛਪੀਆਂ ਕਹਾਣੀਆਂ ਨੂੰ 'ਰੇਸ਼ਮ ਦਾ ਕੀੜਾ' ਨਾਮੀ ਸੰਗ੍ਰਹਿ ਅਧੀਨ ਪਾਠਕਾਂ ਸਾਹਮਣੇ ਪੇਸ਼ ਕਰਦੇ ਹੋਏ "ਖੱਬੇ ਪੱਖੀ ਸੋਚ ਦੇ ਨਾਓ, ਜਿਹਨੇ ਮੈਨੂੰ ਵਹਾਓ ਦੇ ਉਲਟ ਤੈਰਨਾ ਦੱਸਿਆ" ਸਮਰਪਣ ਕਰਦਾ ਹੈ। ਇਹ ਵਹਾਓ ਦੇ ਉਲਟ ਤੈਰਨ ਦਾ ਅਰਥ ਉਸ ਸਮੇਂ ਦੀ ਭਾਰੂ ਪ੍ਰਵਿਰਤੀ ਦਾ ਵਿਰੋਧ ਹੈ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਗੰਭੀਰ ਨੋਟਿਸ ਉਨ੍ਹਾਂ ਚਿੰਤਕਾਂ ਨੇ ਲਿਆ ਜਿਹੜੇ ਕਿਸੇ ਪੂਰਵ ਨਿਸਚਤ ਧਾਰਨਾ ਦੇ ਧਾਰਨੀ ਨਹੀਂ ਸਨ। ਬਾਅਦ ਵਿਚ ਪ੍ਰਗਤੀਵਾਦੀ ਧਾਰਾ ਦੇ ਨਵੇਂ ਆਲੋਚਕਾਂ ਨੇ ਉਸ ਦਾ ਨੋਟਿਸ ਲੈਣਾ ਸ਼ੁਰੂ ਕੀਤਾ। ਇਸ ਨੋਟਿਸ ਦੇ ਕੇਂਦਰ ਵਿਚ ਪ੍ਰੇਮ ਪ੍ਰਕਾਸ਼ ਦੀ ਸਿਰਜਣਕਾਰੀ ਅਤੇ ਸਾਹਿਤਕਤਾ ਸੀ। ਦ੍ਰਿਸ਼ਟੀਕੋਣ ਉਸਦੀਆਂ ਕਹਾਣੀਆਂ ਦੀ ਧੁਨੀ ਵਿਚ ਰਮਿਆ ਹੋਇਆ ਸੀ। ਡਾ. ਜੋਗਿੰਦਰ ਸਿੰਘ ਰਾਹੀ ਅਤੇ ਰਮਿੰਦਰ ਕੌਰ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਬਾਰੇ ਨਿਰਣਾ ਕਰਦੇ ਹੋਏ ਲਿਖਦੇ ਹਨ 'ਮੁਕਤੀ' ਨਾਲ ਆਰੰਭ ਹੋਈਆਂ ਕਹਾਣੀਆਂ ਦਾ ਅਕਸਰ ਸਬੰਧ ਕਾਮ ਅਰਥਾਤ ਇਸਤਰੀ ਮਰਦ ਦੇ ਲਿੰਗ-ਸਬੰਧਾਂ ਜਾਂ ਲਿੰਗ ਕਾਮਨਾਵਾਂ ਨਾਲ ਹੈ। ਸਾਡੀ ਨਿੱਕੀ ਕਹਾਣੀ ਵਿਚ ਉਸ ਦੀਆਂ ਇਸ ਥੀਮ ਨਾਲ ਸੰਬੰਧ ਰੱਖਦੀਆਂ ਕਹਾਣੀਆਂ ਦੁਆਰਾ ਪੈਰਾਡਾਇਮ ਸ਼ਿਫਟ ਆਈ।

ਇਸ ਪੈਰਾਡਾਈਮ ਸਿਫਟ ਨੇ ਪੰਜਾਬੀ ਕਹਾਣੀ ਵਿਚ ਆਦਰਸ਼ਵਾਦੀ ਝੁਕਾਅ ਵਾਲੀ ਜਾਂ ਸਮਾਜਿਕ ਰਾਜਨੀਤਕ ਚੇਤਨਾ ਵਾਲੀ ਜਾਂ ਸ਼੍ਰੇਣੀ ਸੰਗਰਾਮ ਦਾ ਨਾਹਰਾ ਬੁਲੰਦ ਕਰਨ ਵਾਲੀ ਜਾਂ ਜਾਤ-ਬਰਾਦਰੀ ਨਾਲ ਸੰਬੰਧਿਤ ਕਹਾਣੀ ਨਾਲੋਂ ਵੱਖਰੀ ਪ੍ਰਕਾਰ ਦੀ ਤਬਦੀਲੀ ਲਿਆਂਦੀ। ਪ੍ਰੇਮ ਪ੍ਰਕਾਸ਼ ਪਹਿਲਾਂ ਵੀ 'ਮੁਕਤੀ' ਤੋਂ ਪਹਿਲਾਂ ਦੇ ਕਹਾਣੀ ਸੰਗ੍ਰਹਿਆਂ ਵਿਚ ਇਸ ਕਿਸਮ ਦੀਆਂ ਕਹਾਣੀਆਂ ਲਿਖਦਾ ਅਤੇ ਛਾਪਦਾ ਰਿਹਾ ਸੀ। ਐਸੀਆਂ ਕਹਾਣੀਆਂ ਵਿਚ ਸਦਾਚਾਰਕ ਗਲਬੇ ਵਾਲੀਆਂ ਕਹਾਣੀਆਂ ਵੀ ਸ਼ਾਮਿਲ ਸਨ ਤੇ ਵਿਚਾਰਧਾਰਾਈ ਗਲਬੇ ਵਾਲੀਆਂ ਵੀ। ਐਸੀਆਂ ਕਹਾਣੀਆਂ ਵਿਚ ਅਕਸਰ ਪ੍ਰਗਤੀਵਾਦੀ ਉਦੇਸ਼ ਨੂੰ ਯਥਾਰਥਵਾਦ ਨਾਲ ਰਲ ਗਡ ਕੀਤਾ ਜਾਂਦਾ ਸੀ। ਮੁਕਤੀ ਕਹਾਣੀ ਸੰਗ੍ਰਹਿ ਨਾਲ ਯਥਾਰਥਵਾਦ ਦੀ ਇਕ ਧੁਰੀ ਸੋਚ ਵਿਚ ਉੱਥਲ-ਪੁਥਲ ਆਈ ਤੇ ਜਿਸ ਚੀਜ਼ ਨੂੰ ਜ਼ਿੰਦਗੀ ਦਾ ਸੱਚ ਕਹਿੰਦੇ ਹਾਂ, ਉਹ ਬਹੁ-ਧੁਰੀ ਵਿਚਾਰ-ਵਸਤੂ ਦੇ ਰੂਪ ਵਿਚ ਉਭਾਰਨ ਲੱਗਾ।"[3] ਇਹ ਦੋਵੇਂ ਵਿਦਵਾਨ 'ਮੁਕਤੀ' ਕਹਾਣੀ ਤੋਂ ਬਾਅਦ ਉਸ ਦੀਆਂ ਕਹਾਣੀਆਂ ਵਿਚ ਆਈ ਤਬਦੀਲੀ ਨੂੰ ਨੋਟ ਕਰਦੇ ਹਨ। ਇਹ ਧਾਰਨਾ ਬਣ ਚੁੱਕੀ ਧਾਰਨਾ 'ਤੇ ਅਧਾਰਿਤ ਹੈ। ਮੁਕਤੀ ਤੋਂ ਪਹਿਲੀਆਂ ਕਹਾਣੀਆਂ ਵਿਚ 'ਮੁਕਤੀ' ਰੰਗ ਦੀਆਂ ਜੜ੍ਹਾਂ ਮੌਜੂਦ ਸਨ। ਅੱਗੇ ਚਲ ਕੇ ਇਸ ਮਸਲੇ ਉੱਤੇ ਚਰਚਾ ਹੋਵੇਗੀ।

ਡਾ. ਹਰਿਭਜਨ ਸਿੰਘ, ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਨੂੰ ਭਾਰਤੀ ਮਿੱਥ ਅਰਧ

ਨਾਰੀਸ਼ਵਰੀ ਚੇਤਨਾ ਦੇ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਉਹ ਪ੍ਰੇਮ ਪ੍ਰਕਾਸ਼ ਰਾਹੀਂ ਪੰਜਾਬੀ ਕਹਾਣੀ ਸਿਰਜਣੀ ਵਰਤਾਰੇ ਵਿਚ ਚਿੰਤਨ ਦੇ ਫੈਲਾਅ ਦੀ ਨਿਸ਼ਾਨਦੇਹੀ ਕਰਦਾ ਹੈ। ਉਹ ਲਿਖਦਾ ਹੈ, "ਪ੍ਰੇਮ ਪ੍ਰਕਾਸ਼ ਦੀ ਅਰਧ ਨਾਰੀਸ਼ਵਰੀ ਚੇਤਨਾ ਵੱਲ ਮੇਰਾ ਧਿਆਨ ਪਹਿਲਾਂ 'ਡੈਡਲਾਈਨ' ਤੇ ਫੇਰ 'ਸ਼ਵੈਤਾਂਬਰ ਨੇ ਕਿਹਾ ਸੀ' ਪੜ੍ਹ ਕੇ ਗਿਆ।... ਪ੍ਰੇਮ ਪ੍ਰਕਾਸ਼ ਇਸੇ ਸਭਿਆਚਾਰ-ਸਦਾਚਾਰਕ ਘੇਰੇ ਦੇ ਅੰਦਰ ਰਹਿ ਕੇ ਸਿਰਜਣਾ ਕਰਦਾ ਹੈ ਅਤੇ ਉਸ ਨੂੰ ਤੋੜਦਾ ਭੰਨਦਾ ਵੀ ਹੈ।... ਉਨ੍ਹਾਂ ਦੇ ਸਾਹਮਣੇ ਸੁਆਲੀਆ ਨਿਸ਼ਾਨ ਲਾਉਂਦਾ ਹੈ। ਇਨ੍ਹਾਂ ਕਹਾਣੀਆਂ ਦੀ ਵਿਲੱਖਣਤਾ ਇਹ ਹੈ ਕਿ ਇਹ ਅਜਿਹੇ ਵਿਨਾਸ਼ਕਾਰੀ ਅਮਲ ਨੂੰ ਪ੍ਰਵਾਨਗੀ ਸਮੇਤ ਪੇਸ਼ ਕਰਦੀਆਂ ਹਨ।... ਅਧਰ ਨਾਰੀਸ਼ਵਰ ਦਾ ਪ੍ਰਮਾਣਿਕ ਰੂਪ ਉਹ ਹੈ ਜਿਸ ਵਿਚੋਂ ਉਹ ਇਕੋ ਵੇਲੇ ਮਰਦ ਅਤੇ ਔਰਤ ਵਰਗਾ ਵਿਹਾਰ ਕਰਦਾ ਨਜ਼ਰ ਆਉਂਦਾ ਹੈ।"[4] ਡਾ. ਹਰਿਭਜਨ ਸਿੰਘ ਪ੍ਰੇਮ ਪ੍ਰਕਾਸ਼ ਦੀ ਵਿਲੱਖਣਤਾ ਨੂੰ ਭਾਰਤੀ ਸਾਂਸਕ੍ਰਿਤਕ ਪਰਿਪੇਖ ਵਿਚ ਰੱਖ ਕੇ ਪਛਾਣਦਾ ਹੈ। ਪੰਜਾਬੀ ਚਿੰਤਨ ਜਗਤ ਦਾ ਨਿਵੇਕਲਾ ਚਿੰਤਕ ਡਾ. ਸੁਰਜੀਤ ਹਾਂਸ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਵੇਰਵਿਆਂ ਨੂੰ ਸਮਾਜੀ ਦਸਤਾਵੇਜ਼ ਦੱਸਦਾ ਹੋਇਆ ਲੇਖਕ ਅਤੇ ਰਚਨਾ ਦੇ ਨਿੱਜ ਦਾ ਮੁਲੰਕਣ ਕਰਦਾ ਹੋਇਆ 'ਮੁਕਤੀ' ਕਹਾਣੀ ਸੰਗ੍ਰਹਿ ਦੀ ਜੈਕਟ ਉਤੇ ਅੰਕਿਤ ਕਰਦਾ ਹੈ, "ਪ੍ਰੇਮ ਪ੍ਰਕਾਸ਼ ਦੋਸਤਾਂ ਮਿੱਤਰਾਂ ਨੂੰ ਬੜੇ ਤਪਾਕ ਨਾਲ ਮਿਲਦਾ ਹੈ, ਪਰ ਉਹਦਾ ਦਿਲ ਬੜਾ ਠੰਢਾ ਹੈ। ਉਹ ਕਈ ਵਾਰ ਕਹਿ ਦਿੰਦਾ ਹੈ ਕਿ ਮੈਨੂੰ ਕਿਸੇ ਜੀਅ ਨਾਲ ਮੋਹ ਨਹੀਂ ਜੇ ਸੁਣਨ ਵਾਲਾ ਆਪਣੇ ਆਪ ਨੂੰ ਇਸ ਗੱਲ ਵਿਚ ਸ਼ਾਮਲ ਨਾ ਕਰੇ ਤਾਂ ਉਹ ਅਕਲਮੰਦ ਨਹੀਂ ਹੋਵੇਗਾ।

ਮੈਨੂੰ ਲੱਗਦਾ ਹੈ ਕਿ ਇਸ ਨਿਰਮੋਹੀ ਝੱਲ ਦਾ ਅੰਸ਼ ਸ਼ਾਇਦ ਸਾਨੂੰ ਪ੍ਰੇਮ ਦੇ ਪਾਤਰਾਂ ਬਾਰੇ ਵੀ ਕੁਝ ਦੱਸ ਸਕੇ। ਪ੍ਰੇਮ ਦੇ ਨਿਰਮੋਹੀ ਹੋਣ ਕਾਰਨ ਉਹਦੇ ਪਾਤਰਾਂ ਨੂੰ ਅਸਾਧਾਰਨ ਹੋਣਾ ਪੈਂਦਾ ਹੈ।... ਅਸਾਧਾਰਨ ਅਤੇ ਨਿਰਮੋਹ ਨੇ ਪ੍ਰੇਮ ਨੂੰ ਵੇਰਵੇ ਦਾ ਮਾਹਰ ਬਣਾ ਦਿੱਤਾ ਹੈ। ਉਹਦੇ ਵਰਨਣ ਅਤੇ ਪਾਤਰ-ਉਸਾਰੀ ਵਿਚ ਨਿੱਕੀ-ਨਿੱਕੀ ਤਫਸੀਲ ਦੀਆਂ ਛੋਹਾਂ ਹੁੰਦੀਆਂ ਹਨ, ਜਿਹੜੀਆਂ ਕਹਾਣੀਆਂ ਨੂੰ ਪ੍ਰਤੱਖ ਬਣਾ ਦਿੰਦੀਆਂ ਹਨ।

ਮੈਨੂੰ ਕਈ ਵਾਰ ਖਿਆਲ ਆਉਂਦਾ ਹੈ ਕਿ ਪ੍ਰੇਮ ਦੀਆਂ ਕਹਾਣੀਆਂ ਵਿਚ ਵੇਰਵੇ ਦਾ ਇਤਿਹਾਸਕ ਅਤੇ ਸਮਾਜੀ ਮਹੱਤਵ ਹੈ, ਜਿਹੜਾ ਸ਼ਾਇਦ ਕੁਝ ਸਾਲਾਂ ਤਕ ਹੋਰ ਕਿਸੇ ਸਰੋਤ ਤੋਂ ਨਾ ਲੱਭ ਸਕੇ।"[5] ਇਸ ਤਰ੍ਹਾਂ ਸੁਰਜੀਤ ਹਾਂਸ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚੋਂ ਸਮਾਜਿਕ ਬਣਤਰਾਂ ਦੀ ਪਛਾਣ ਕਰਦਾ ਹੈ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਵਸਤੂ-ਸੰਸਾਰ ਹੀ ਵੱਖਰਾ ਨਹੀਂ, ਸਗੋਂ ਉਹਦੀਆਂ ਬਿਰਤਾਂਤ ਵਿਧੀਆਂ ਦੀ ਵਿਲੱਖਣਤਾ ਆਪਣੇ ਆਪ ਇਕ ਮਹੱਤਵਪੂਰਨ ਹੈ। ਇਸ ਤਰ੍ਹਾਂ ਉਹ ਪੰਜਾਬੀ ਕਥਾ-ਜਗਤ ਦਾ ਪ੍ਰਮੁੱਖ ਸ਼ਿਲਪੀ ਹੈ। "ਪੰਜਾਬੀ ਕਹਾਣੀ ਵਿਚ ਜਿੰਨੇ ਕਲਾਤਮਕ ਤਜ਼ਰਬੇ ਪ੍ਰੇਮ ਪ੍ਰਕਾਸ਼ ਨੇ ਕੀਤੇ ਹਨ ਉਹ ਅੱਜ ਤਕ ਕਿਸੇ ਕਹਾਣੀਕਾਰ ਨੇ ਨਹੀਂ ਕੀਤੇ, ਉਹ ਪਾਤਰਾਂ ਵਿਚ ਲਿੰਗਕ ਸੰਬੋਧਨ ਪਰਿਵਰਤਨ ਵਿਧੀ ਤੋਂ ਲੈ ਕੇ ਸਵੈ-ਕਥਨ ਤਕ ਕਈ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦਾ ਹੈ। ਇਹ 'ਜੁਗਤ ਪਰਿਵਰਤਨ' ਕਹਾਣੀਕਾਰ ਲਈ ਅਗਨੀ ਪ੍ਰੀਖਿਆ ਹੁੰਦੀ ਹੈ। ਪਾਠਕ ਦਾ ਕਹਾਣੀਕਾਰ ਪ੍ਰਤੀ ਕਲਾਤਮਕ ਵਿਸ਼ਵਾਸ ਅਤੇ ਦ੍ਰਿਸ਼ਟੀਗਤ ਬਿੰਬ ਬਣਿਆ ਹੁੰਦਾ ਹੈ। ਇਸ ਲਈ ਆਪਣੀ ਬਣਾਈ ਕਲਾਤਮਕ ਮਿੱਥ ਨੂੰ ਤੋੜਨਾ ਚੁਣੌਤੀ ਬਣ ਜਾਂਦਾ ਹੈ। ਪ੍ਰੇਮ ਪ੍ਰਕਾਸ਼ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ।"[6] ਪ੍ਰੇਮ

ਪ੍ਰਕਾਸ਼ ਦੀਆਂ ਬਿਰਤਾਂਤ ਜੁਗਤਾਂ ਦਾ ਨੋਟਿਸ ਅਲੋਚਕ ਲਗਾਤਾਰ ਲੈਂਦੇ ਰਹੇ ਹਨ। ਪ੍ਰੇਮ ਪ੍ਰਕਾਸ਼ ਨੇ ਉੱਤਮ ਪੁਰਖੀ ਬਿਰਤਾਂਤ ਵਿਧੀ ਨੂੰ ਅਧੁਨਿਕ ਪੰਜਾਬੀ ਕਹਾਣੀ ਦੀ ਪਛਾਣ ਬਣਾ ਦਿੱਤਾ। ਡਾ. ਦਲਜੀਤ ਸਿੰਘ ਪ੍ਰੇਮ ਪ੍ਰਕਾਸ਼ ਦੀ ਬਿਰਤਾਂਤਕ ਦ੍ਰਿਸ਼ਟੀ ਦਾ ਅਧਿਐਨ ਕਰਦਾ ਹੋਇਆ ਲਿਖਦਾ ਹੈ, "ਪ੍ਰੇਮ ਪ੍ਰਕਾਸ਼ ਦੀ ਲਗਭਗ ਹਰ ਕਹਾਣੀ ਦੀ ਬਿਰਤਾਂਤ ਦ੍ਰਿਸ਼ਟੀ ਉੱਤਮਪੁਰਖੀ ਹੈ। ਇਹ ਉੱਤਮ ਪੁਰਖ ਸਮੱਸਿਆਤਮਕ ਹੈ। ਕਹਾਣੀ-ਪਾਠ ਵਿਚ ਇਹ ਇਕੋ ਵੇਲੇ ਚਰਿੱਤਰ ਵੀ ਹੈ ਅਤੇ ਕਹਾਣੀ ਦਾ ਬਿਰਤਾਂਤਕਾਰ ਵੀ। ਚਹਿਨ ਦੀ 'ਮੈਂ' ਆਕ੍ਰਿਤੀ ਪਾਠ ਦਾ ਇਕ ਘਟਨ ਹੈ ਪਰ ਬਿਰਤਾਂਤਕਾਰ ਦੀ ਮੈਂ ਅਕ੍ਰਿਤੀ-ਪਾਠ ਦਾ ਸਭ ਕੁਝ ਹੈ। ਆਦਿ ਤੋਂ ਅੰਤ ਤਕ ਕਹਾਣੀ ਦਾ ਸਾਰਾ ਵਿਸਥਾਰ ਬਿਰਤਾਂਤਕਾਰ ਦੀ ਮੈਂ-ਆਕ੍ਰਿਤੀ ਦਾ ਵਿਉਂਤਿਆ ਅਤੇ ਸੰਪਾਦਿਆ ਹੈ। ਚਹਿਨ ਦੀ ਮੈਂ-ਆਕ੍ਰਿਤੀ ਏਸ ਵਿਸਤਾਰ ਵਿਚ ਬਣਦੀ ਉਸਰਦੀ ਹੈ। ਇਸ ਵਿਸਤਾਰ ਵਿਚ ਹੋਰ ਚਹਿਨਾ ਨਾਲ ਰਲ ਕੇ ਚਹਿਨ-ਸਤਰ ਤੇ ਰਹਿੰਦੀ ਹੈ ਅਤੇ ਬਿਰਤਾਂਤ-ਸਤਰ ਤੇ ਪੁੱਜ ਕੇ ਇਹ ਇਕ ਵਿਅੰਜਨ 'ਕੋਈ' ਬਣ ਜਾਂਦਾ ਹੈ। ਬਿਰਤਾਂਤਕਾਰ ਦੀ ਮੈਂ-ਆਕ੍ਰਿਤੀ ਬਿਰਤਾਂਤ-ਸਤਰ ਤੇ ਸਭ ਕੁਝ ਆਪਣੇ ਵਿਚ ਸਮੋ ਕੇ ਸਾਰੇ ਪਾਠ ਨੂੰ ਸੰਚਾਰਤਮਕ ਇਕਾਈ ਬਣਾ ਦਿੰਦੀ ਹੈ।"[7] ਡਾ. ਤੇਜਵੰਤ ਸਿੰਘ ਗਿੱਲ ਪ੍ਰੇਮ ਪ੍ਰਕਾਸ਼ ਦੇ ਬਿਰਤਾਂਤਕ ਸੰਗਠਨ ਨੂੰ ਬਰੀਕੀ ਨਾਲ ਵਾਚਦਾ ਹੈ। ਉਹ ਪ੍ਰੇਮ ਪ੍ਰਕਾਸ਼ ਦੁਆਰਾ ਵਰਤੇ ਗਏ ਵਿਆਕਰਣਕ ਚਿੰਨ੍ਹਾਂ ਨੂੰ ਵੀ ਬਿਰਤਾਂਤਕਾਰੀ ਦੀ ਵਿਧੀ ਵਜੋਂ ਦੇਖਦਾ ਹੋਇਆ ਲਿਖਦਾ ਹੈ, "ਉਲਝੇ, ਗੁੱਥਮ-ਗੁੱਥਾ, ਉਲਟੇ-ਪੁਲਟੇ, ਦਲਦਲ ਵਾਂਗ ਤਿਲਕਵੇਂ ਪਰ ਚਿਊਕਵੇਂ, ਜੀਵਨ-ਅਨੁਭਵ ਨੂੰ ਨਿਖਾਰ ਕੇ ਨਿਖੇੜ ਕੇ ਅਤੇ ਉਲਟਾ ਕੇ ਪੇਸ਼ ਕਰਨਾ ਪ੍ਰੇਮ ਪ੍ਰਕਾਸ਼ ਦੀ ਕਹਾਣੀ ਕਲਾ ਦਾ ਮੁੱਖ ਉਦੇਸ਼ ਹੈ। ਇਹ ਸਾਡੇ ਰਸਮ-ਰਿਵਾਜ਼, ਅਨੁਸ਼ਠਾਨ, ਭਰਮ ਭੁਲੇਖੇ ਅਤੇ ਭਾਵ-ਪ੍ਰਤੀਭਾਵ ਇਸ ਦੀ ਬਣਤਰ ਅਤੇ ਬੁਣਤੀ ਵਿਚ ਆ ਸਮਾਉਂਦੇ ਹਨ ਜਿਨ੍ਹਾਂ ਤੋਂ ਪੰਜਾਬ ਦੇ ਸੰਦਰਭ ਵਿਚ ਵਿਸ਼ੇਸ਼ ਕਰਕੇ ਬਣਦੇ ਬਿਗੜਦੇ, ਉੱਸਰਦੇ-ਢਹਿੰਦੇ ਅਤੇ ਅਸਥਿਰ ਹੋ ਕੇ ਵੀ ਸਥਿਰ ਰਹਿਣ ਦੀ ਕਾਮਨਾ ਭੋਗਦੇ ਸਭਿਆਚਾਰ ਦੀ ਨਿਸ਼ਾਨਦੇਹੀ ਹੋ ਜਾਂਦੀ ਹੈ। ਨਤੀਜੇ ਵਜੋਂ ਅਨੇਕ ਪ੍ਰਕਾਰ ਦੀਆਂ ਕਥਾਨਕ ਰੁੜੀਆਂ, ਸਮੇਤ ਬਦਲ ਅਤੇ ਦੁਹਰਾਉਂਦੇ, ਬਣਤਰ ਦਾ ਭਾਗ ਆ ਬਣਦੀਆਂ ਹਨ। ਬੁਣਤੀ ਵਿਚ ਵਰਨਣ, ਬਿਰਤਾਂਤ ਅਤੇ ਪ੍ਰਵਚਨ ਵਿਚਲਾ ਅਨੁਪਾਤ ਵਿਵਿਧ ਤਰ੍ਹਾਂ ਦਾ ਰੂਪ ਗ੍ਰਹਿਣ ਕਰਦਾ ਹੈ। ਸਰਲ ਬਨਾਮ ਜਟਿਲ ਅਪਰੋਖ ਬਨਾਮ ਪਰੋਖ ਅਤੇ ਸਕਰਮਕ ਬਨਾਮ ਅਕਰਮਕ ਤੋਂ ਵੀ ਹਟ ਕੇ ਵਾਕਾਂ ਨੂੰ ਵਿਆਕਰਨਕ, ਧੁਨੀਮੂਲਕ ਅਤੇ ਲੈਅਮਈ ਸੰਗਠਨਾਂ, ਵਿਗਠਨਾਂ ਵਿਚੋਂ ਲੰਘਣਾ ਪੈਂਦਾ ਹੈ। ਏਥੋਂ ਤਕ ਕਿ ਵਿਸ਼ਰਾਮ ਚਿੰਨ੍ਹਾਂ ਦਾ ਇਸਤੇਮਾਲ ਵੀ ਰਵਾਇਤੀ ਨਹੀਂ ਰਹਿੰਦਾ। ਉਨ੍ਹਾਂ ਨੂੰ ਵੀ ਪ੍ਰਭਾਵਕਾਰੀ ਅਤੇ ਭਾਵ-ਵਾਚਕ ਮਹੱਤਵ ਪ੍ਰਦਾਨ ਹੋ ਜਾਂਦਾ ਹੈ।"[8]

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਨੂੰ ਸ਼ੈਲੀ ਦੀ ਵਿਧੀ ਤੋਂ ਸਮਝਣ ਦੀ ਕੋਸ਼ਿਸ਼ ਸਤਿੰਦਰ ਕੌਰ ਔਲਖ ਕਰਦੀ ਹੈ। ਇਨ੍ਹਾਂ ਸਾਰਿਆਂ ਦੇ ਕੇਂਦਰ ਵਿਚ ਉਹ ਵਿਧੀ ਹੈ ਜਿਹੜੀ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਬਣਤਰ ਦਾ ਬਾਇਸ ਬਣਦੀ ਹੈ। ਉਹ ਚਾਹੇ ਔਰਤ ਮਰਦ ਸਬੰਧਾਂ ਨੂੰ ਚਿਤਰ ਰਿਹਾ ਹੋਵੇ ਭਾਵੇਂ ਪਰਿਵਾਰਕ ਰਿਸ਼ਤਿਆਂ ਦੇ ਸਮਾਜਿਕ ਸਾਂਸਕ੍ਰਿਤਕ ਪਰਿਪੇਖ ਨਾਲ ਸੰਵਾਦ ਰਚਾ ਰਿਹਾ ਹੋਵੇ। ਇਨ੍ਹਾਂ ਸਾਰਿਆਂ ਦੀ ਵਿਧੀ ਬਹੁਤ ਮਹੱਤਵਪੂਰਨ ਹੁੰਦੀ ਹੈ। ਡਾ. ਔਲਖ ਨੇ ਉਸ ਦੁਆਰਾ ਅਪਣਾਈਆਂ ਸਾਰੀਆਂ ਵਿਧਾਵਾਂ ਨੂੰ ਇਕੋ ਬਿਰਤਾਂਤਕ ਸ਼ੈਲੀ ਦੇ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਹ ਸ਼ੈਲੀ ਪਾਤਰਾਂ ਦੀ ਜਾਣਕਾਰੀ ਨਾਲ ਸਬੰਧਿਤ ਹੈ।

"ਪ੍ਰੇਮ ਪ੍ਰਕਾਸ਼ ਦੀਆਂ ਬਹੁਤੀਆਂ ਕਹਾਣੀਆਂ ਵਿਚ ਬਿਰਤਾਂਤ ਦ੍ਰਿਸ਼ਟੀ ਤੋਂ ਇਕੋ ਸ਼ੈਲੀ ਅਪਨਾਈ ਗਈ ਹੈ। ਕਹਾਣੀ ਦਾ ਇਕ ਪਾਤਰ ਆਪਣੇ ਉੱਤਮ-ਪੁਰਖੀ ਉਚਾਰ ਵਿਚ ਕਹਾਣੀ ਦਾ ਬਿਆਨ ਕਰਕੇ ਕਹਾਣੀ ਵਿਚਲੇ ਦੂਜੇ ਪਾਠਕ ਦਾ ਆਪਣੇ ਦ੍ਰਿਸ਼ਟੀਕੋਣ ਤੋਂ ਬਿੰਬ ਉਸਾਰਦਾ ਹੈ। ਕਈ ਵਾਰੀ ਕਹਾਣੀ ਵਿਚਲਾ ਦੂਜਾ ਮੁਖ ਪਾਤਰ ਆਪਣੇ ਉਤਮ- ਪੁਰਖੀ ਉਚਾਰ ਰਾਹੀਂ ਉਨ੍ਹਾਂ ਦੀਆਂ ਘਟਨਾਵਾਂ ਤੇ ਸਥਿਤੀਆਂ ਦੀ ਪੁਨਰ ਸਿਰਜਣਾ ਕਰਦਾ ਹੈ ਜੋ ਦੂਜੀ ਕਹਾਣੀ ਦੀ ਤਰ੍ਹਾਂ ਸੁਤੰਤਰ ਪਾਠ ਵਜੋਂ ਵੀ ਪੜ੍ਹਿਆ ਜਾ ਸਕਦਾ ਹੈ। ਉਹ ਪਾਠ ਪਹਿਲੀ ਬਿਰਤਾਂਤ ਦ੍ਰਿਸ਼ਟੀ ਦਾ ਦੂਜਾ ਪੱਖ ਵੀ ਹੁੰਦਾ ਹੈ ਤੇ ਇਸ ਤਰ੍ਹਾਂ ਉਸ ਦਾ ਪੂਰਕ ਵੀ। ਇਸ ਵਿਧੀ ਰਾਹੀਂ ਕਹਾਣੀ ਦੇ ਮੈਂ 'ਪਾਤਰ' ਦੇ ਦ੍ਰਿਸ਼ਟੀਕੋਣ ਤੋਂ ਅਜਿਹੇ ਬਿਰਤਾਂਤ-ਜਗਤ ਦੀ ਉਸਾਰੀ ਹੁੰਦੀ ਹੈ ਜਿਸ ਵਿਚ ਮੁਖ ਪਾਤਰ ਦੇ ਬਾਹਰ ਦਾ ਜਗਤ ਉਸੇ ਹੀ ਨਜ਼ਰ ਨਾਲ ਹੋਂਦ ਗ੍ਰਹਿਣ ਕਰਦਾ ਹੈ। ਆਮ ਤੌਰ 'ਤੇ 'ਮੈਂ ਪਾਤਰ" ਆਪਣੇ ਭੂਤਕਾਲ ਵਿਚ ਵਾਪਰੀਆਂ ਉਨ੍ਹਾਂ ਘਟਨਾਵਾਂ ਦੀ ਪੁਨਰ-ਸਿਰਜਣਾ ਕਰਦਾ ਹੈ। ਜੋ ਹੁਣ ਉਸ ਦੀ ਮਾਨਸਿਕਤਾ ਦਾ ਵਿਸਤਾਰ ਬਣ ਚੁੱਕੀਆਂ ਹੁੰਦੀਆਂ ਹਨ। ਕਹਾਣੀ ਦਾ ਦੂਜਾ ਪਾਤਰ ਉਸੇ ਦੀ ਨਜ਼ਰ ਨਾਲ ਆਪਣਾ ਰੂਪ ਅਤੇ ਚਰਿਤ੍ਰ ਗ੍ਰਹਿਣ ਕਰਦਾ ਹੈ। ਇਹ ਵਿਧੀ ਮੈਂ ਪਾਤਰ ਦੇ ਅੰਤਰ-ਮਨ ਦੀ ਝਾਕੀ ਪੇਸ਼ ਕਰਕੇ ਪਾਠਕ ਨੂੰ ਉਸ ਦੀ ਗੁੰਝਲਦਾਰ ਮਾਨਸਿਕਤਾ ਦੀ ਤਹਿ ਤਕ ਪਹੁੰਚਣ ਦਾ ਮੌਕਾ ਪ੍ਰਦਾਨ ਕਰਦੀ ਹੈ। ਜਦੋਂ ਕਹਾਣੀ ਦਾ ਦੂਜਾ ਪਾਤਰ ਆਪਣੇ ਉਤਮ-ਪੁਰਖੀ ਵਿਚਾਰ ਵਿਚ ਉਨ੍ਹਾਂ ਘਟਨਾਵਾਂ ਤੇ ਸਥਿਤੀਆਂ ਵਿਚ ਵਿਚਰਦਾ ਹੈ ਤਾਂ ਉਹ ਆਪਣੇ ਪਹਿਲੇ ਉਸਰੇ ਬਿੰਬ ਨੂੰ ਨਕਾਰ ਕੇ ਆਪਣਾ ਵੱਖਰਾ ਬਿੰਬ ਸਿਰਜਣ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਇਕ ਤੋਂ ਵੱਧ ਬਿੰਬਾਂ ਦੀ ਉਸਾਰੀ ਨਾਲ ਪਾਠਕ ਨੂੰ ਹਰ ਮਨੁੱਖ ਦੀ ਵੱਖਰੀ ਗ੍ਰਹਿਣ ਸ਼ਕਤੀ ਤੇ ਘਟਨਾਵਾਂ ਪ੍ਰਤੀ ਵੱਖਰੇ ਪ੍ਰਤੀਕਰਮ ਨਾਲ ਸਥਿਤੀ ਨੂੰ ਕਈ ਕੋਣਾਂ ਤੋਂ ਸਮਝਣ ਦਾ ਮੌਕਾ ਮਿਲਦਾ ਹੈ।"[9] ਪ੍ਰੇਮ ਪ੍ਰਕਾਸ਼ ਦੀ ਬਿਰਤਾਂਤਕ ਸ਼ੈਲੀ ਨੂੰ ਸਮਝਣ ਲਈ ਇਨ੍ਹਾਂ ਪਾਤਰਾਂ ਦੀ ਨਿਸ਼ਾਨਦੇਹੀ ਬਹੁਤ ਹੀ ਮਹੱਤਵਪੂਰਨ ਹੈ।

ਪ੍ਰੇਮ ਪ੍ਰਕਾਸ਼ ਆਪਣੀਆਂ ਕਹਾਣੀਆਂ ਦੇ ਜਿਸ ਸਰੋਤ ਵਲ ਇਸ਼ਾਰਾ ਕਰਦਾ ਹੈ, ਉਸ ਦਾ ਬਹੁਤਾ ਸਬੰਧ ਭਾਰਤੀ ਮਿਥਿਹਾਸ ਨਾਲ ਸੀ। ਇਸ ਨੂੰ ਉਹ ਸਾਂਸਕ੍ਰਿਤਕ ਅਵਚੇਤਨ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਸੇ ਲਈ ਉਹ ਜਿਸ ਪੰਜਾਬੀ ਬੰਦੇ ਦੀ ਕਲਪਨਾ ਕਰਦਾ ਸੀ ਉਹ ਭਾਰਤੀ ਦਰਸ਼ਨ ਅਤੇ ਸਾਂਸਕ੍ਰਿਤੀ ਵਿਚੋਂ ਪਰਿਕਲਪਤ ਹੁੰਦਾ ਸੀ। ਇਸੇ ਲਈ ਉਹ ਪੰਜਾਬੀ ਮੱਧਕਾਲ ਨੂੰ ਇਕ ਪੜਾਅ ਸਮਝਦਾ ਸੀ।ਉਸ ਦੀ ਕਲਪਨਾ ਵਿਚ ਮਹਾਜਨੀ ਸਾਂਸਕ੍ਰਿਤੀ ਮੌਜੂਦ ਸੀ। ਇਸੇ ਲਈ ਦਰਸ਼ਨ ਉਸ ਦੀਆਂ ਕਹਾਣੀਆਂ ਦੀ ਮੁਖ ਸੁਰ ਬਣ ਕੇ ਉਭਰਦਾ ਸੀ। ਇਸੇ ਲਈ ਉਹ ਮਰਦ-ਔਰਤ ਸਬੰਧਾਂ ਦੀਆਂ ਮਨੋਵਿਗਿਆਨਕ ਉਲਝਣਾ ਨੂੰ ਸੰਬੋਧਿਤ ਹੁੰਦਾ ਸੀ। ਪੰਜਾਬ ਦੀ ਕਿਸਾਨੀ ਦੇ ਪਛੜੇ ਅਵਚੇਤਨ ਨੂੰ ਉਹ ਵਾਰ-ਵਾਰ ਕੁਰੇਦਦਾ ਸੀ। ਡਾ. ਰਜਨੀਸ਼ ਬਹਾਦਰ ਸਿੰਘ ਨਾਲ ਉਹ ਲੰਮੀ ਮੁਲਾਕਾਤ ਵਿਚ ਉਹ ਇਕ ਸਵਾਲ ਦੇ ਜਵਾਬ ਵਿਚ ਕਹਿੰਦਾ ਹੈ, "ਦੇਖੋ ਜੀ, ਲੇਖਕ ਦੇ ਚਿੰਤਨ ਤੇ ਜਿਹੜੇ ਪ੍ਰਭਾਵ ਪੈਂਦੇ ਨੇ, ਉਹ ਇਕੋ ਵਾਰ ਨਹੀਂ ਪੈਂਦੇ। ਬਲਕਿ ਸਾਰੀ ਉਮਰ ਬਦਲ-ਬਦਲ ਕੇ ਆਉਂਦੇ ਜਾਂਦੇ ਰਹਿੰਦੇ ਹਨ।... ਜਦ ਮੈਂ ਲਿਖਣਾ ਸ਼ੁਰੂ ਕੀਤਾ ਤਾਂ ਮੈਂ ਸਖ਼ਤ ਧਰਮ ਵਿਰੋਧੀ ਸੀ। ਸਾਰੇ ਧਰਮਾਂ ਦਾ ਮਜ਼ਾਕ ਉਡਾਉਂਦਾ ਸੀ, ਮਿਥਿਹਾਸਕ ਦੇਵਤੇ ਵਿਚਾਰੇ ਕੀ ਸਨ ? ਉਦੋਂ ਮੇਰੇ ਮਨ ਤੇ ਆਰੀਆ ਸਮਾਜ ਦੇ ਸੰਸਕਾਰ ਜ਼ਰੂਰ ਹੋਣਗੇ, ਪਰ ਮੈਂ ਉਨ੍ਹਾਂ ਦੇ ਵਿਰੁੱਧ ਸੀ। ਇਹ ਤਾਂ ਬੜਾ ਲੰਮਾ ਸਮਾਂ ਲੰਘਣ ਨਾਲ ਬੰਦੇ ਦੇ ਸੱਚ ਨੂੰ ਸਮਝਣ ਲਈ ਮੈਨੂੰ ਮਿਥਿਹਾਸ ਨੇ ਬੜੀ ਸਹਾਇਤਾ ਕੀਤੀ। ਫੇਰ

ਤਾਂ ਮੈਂ ਪੁਰਾਣ ਕੀ, ਉਪਨਿਸ਼ਦ ਕੀ, ਸਾਰੇ ਧਰਮ ਗ੍ਰੰਥ ਪੜ੍ਹਨੇ ਸ਼ੁਰੂ ਕਰ ਦਿੱਤੇ। ਭਾਰਤੀ ਬੰਦੇ ਨੂੰ ਸਮਝਣ ਲਈ ਇਹ ਬਹੁਤ ਜ਼ਰੂਰੀ ਏ। ਫੇਰ ਮੈਨੂੰ ਮੱਧਕਾਲੀ ਚਿੰਤਨ ਨੇ ਨਾ ਸਹੀ, ਪਰ ਮੱਧਕਾਲੀ ਸਾਹਿਤ ਨੇ ਬਹੁਤ ਪ੍ਰਭਾਵਤ ਕੀਤਾ। ਮੈਂ ਸੰਸਕ੍ਰਿਤ ਦੇ ਨਾਟਕ ਪੜ੍ਹੇ। ਰਮਾਇਣ ਤੇ ਮਹਾਂਭਾਰਤ ਤਾਂ ਮੇਰੇ ਅੰਦਰ ਵਸਦੇ ਸੀ। ਉਨ੍ਹਾਂ ਦੇ ਨਾਲ ਮੈਂ ਪੰਜਾਬ ਦੀਆਂ ਲੋਕ ਕਹਾਣੀਆਂ, ਬਾਤਾਂ ਤੇ ਕਿੱਸਿਆਂ ਦਾ ਵੀ ਸਹਾਰਾ ਲਿਆ। ਮੈਂ ਨਵੇਂ ਸਮੇਂ 'ਚੋਂ ਕਹਾਣੀਆਂ ਲਿਖਦਾ ਹੋਇਆ ਮੱਧਕਾਲ ਦੇ ਪਾਤਰਾਂ ਨਾਲ ਰਹਿੰਦਾ ਰਿਹਾ। ਮੈਂ ਆਪਣੇ ਪ੍ਰੇਮ ਨੂੰ ਰਾਧਾ ਤੇ ਕ੍ਰਿਸ਼ਨ ਦੇ ਪਿਆਰ ਨਾਲ ਰਲਾ ਕੇ ਸਮਝਦਾ ਰਿਹਾ। ਇਹ 'ਰਾਧਾ' ਤੱਤ ਕੀ ਏ ? ਇਹਨੂੰ ਸਮਝਣ ਤੇ ਮਹਿਸੂਸ ਕਰਨ ਨੂੰ ਮੈਨੂੰ ਕਿੰਨੇ ਹੀ ਸਾਲ ਲੱਗ ਗਏ। ਸੂਫ਼ੀਆਂ ਦੇ ਰਵੱਈਏ ਤੇ ਕਲਾਮ ਨੂੰ ਵੀ ਉਸੇ ਚਿੰਤਨ ਨਾਲ ਸਮਝਿਆ ਜਾ ਸਕਦਾ ਏ। ਇਨ੍ਹਾਂ ਗੱਲਾਂ ਦਾ ਸਬੰਧ ਸਿਰਫ਼ ਅਕਲ ਨਾਲ ਨਹੀਂ, ਮਨ ਚਿੱਤ ਨਾਲ ਵੀ ਏ। ਅਰਥਾਤ ਅਨੁਭੂਤੀ ਹੋਣ ਨਾਲ ਸਮਝਣਾ।"[10]

ਪ੍ਰੇਮ ਪ੍ਰਕਾਸ਼ ਪੰਜਾਬੀ ਕਥਾ ਜਗਤ ਦਾ ਅਜਿਹਾ ਕਥਾਕਾਰ ਹੈ ਜਿਹੜਾ ਨਿੱਕੀ ਕਹਾਣੀ ਦੇ ਇਤਿਹਾਸ ਵਿਚ ਇਕ ਨਵਾਂ ਨੈਰੇਟਿਵ ਤਿਆਰ ਕਰਦਾ ਹੈ। ਇਸ ਨੈਰੇਟਿਵ ਨੂੰ ਪੰਜਾਬੀ ਚਿੰਤਨੀ ਜਗਤ ਸਵੀਕਾਰ ਕਰਦਾ ਹੈ। ਇਹ ਨੈਰੇਟਿਵ ਤਿੰਨ ਪੱਧਰ ਉੱਤੇ ਕਿਰਿਆਸ਼ੀਲ ਹੁੰਦਾ ਹੈ। ਇਕ ਵਸਤੂ-ਜਗਤ ਪੱਧਰ ਉੱਤੇ ਦੂਜਾ ਬਿਰਤਾਂਤਕ ਪੈਟਰਨ ਅਤੇ ਤੀਜਾ ਦ੍ਰਿਸ਼ਟੀਗਤ ਪੱਧਰ ਉੱਤੇ। ਪੰਜਾਬੀ ਦੇ ਚਿੰਤਕ ਚਰਚਾ ਤਾਂ ਤਿੰਨੋਂ ਪੱਖਾਂ ਦੀ ਕਰਦੇ ਹਨ ਪ੍ਰੰਤੂ ਬਹੁਤਾ ਜ਼ੋਰ ਪਹਿਲੇ ਦੋ ਪੱਖਾਂ ਉੱਤੇ ਦਿੰਦੇ ਹਨ। ਤੀਜਾ ਪੱਖ ਦ੍ਰਿਸ਼ਟੀਕੋਣ ਵਾਲਾ ਨਿੱਤਰ ਕੇ ਸਾਹਮਣੇ ਨਹੀਂ ਆਉਂਦਾ। ਪ੍ਰੇਮ ਪ੍ਰਕਾਸ਼ ਜੋ ਕੁਝ ਆਪਣੀ ਸਿਰਜਣਕਾਰੀ ਬਾਰੇ ਕਹਿੰਦਾ ਹੈ ਉਹ ਮਹੱਤਵਪੂਰਨ ਹੈ ਪ੍ਰੰਤੂ ਉਹ ਅੰਤਿਮ ਨਹੀਂ ਕਿਉਂਕਿ ਸਿਰਜਕ ਦੇ ਸੁਚੇਤ ਚਿੰਤਨ ਦੀ ਆਪਣੀ ਇਕ ਸੀਮਾ ਹੁੰਦੀ ਹੈ ਅਤੇ ਉਸ ਦੀ ਕਲਪਨਾ ਕਰਨਾ ਚਾਹੁੰਦੇ ਹਨ। ਇਸ ਲਈ ਪਹਿਲਾ ਪਾਸਾਰ ਲੇਖਕ ਦੇ ਸਵੈ-ਚਿੰਤਨ ਤੋਂ ਗੱਲ ਸ਼ੁਰੂ ਹੁੰਦੀ ਹੈ। ਪ੍ਰੇਮ ਪ੍ਰਕਾਸ਼ ਆਪਣੇ ਹਰ ਕਹਾਣੀ ਸੰਗ੍ਰਹਿ ਅਤੇ ਕਹਾਣੀਆਂ ਦੇ ਕੱਚ ਸੱਚ ਵਿਚ ਅਜਿਹੇ ਬਿਆਨ ਦਿੰਦਾ ਹੈ। ਉਸ ਦੀਆਂ ਵੱਖ-ਵੱਖ ਚਿੰਤਕਾਂ/ਲੇਖਕਾਂ ਦੁਆਰਾ ਕੀਤੀਆਂ ਮੁਲਾਕਾਤਾਂ ਵਿਚ ਆਪਣੀ ਸਿਰਜਣਕਾਰੀ ਬਾਰੇ ਬਿਆਨ ਦਰਜ ਹਨ। ਉਂਝ ਵੀ ਹਰ ਕਹਾਣੀ ਸੰਗ੍ਰਹਿ ਦੇ ਛਪਣ ਸਮੇਂ ਉਹ ਆਮ ਤੌਰ ਤੇ ਆਪਣੀ ਸਿਰਜਣਾ ਬਾਰੇ ਲਿਖਦਾ ਰਿਹਾ ਹੈ। ਇਸ ਲਈ ਉਸ ਦੇ ਕੁਝ ਬਿਆਨਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ। ਇਸ ਤੋਂ ਉਸਦੇ ਸਿਰਜਣੀ ਵਿਕਾਸ ਅਤੇ ਚੇਤਨਾ ਦਾ ਪਤਾ ਲਗਦਾ ਹੈ।

"ਜਦ ਮੈਂ ਲਿਖਣਾ ਸ਼ੁਰੂ ਕੀਤਾ, ਅਗਾਂਹਵਧੂ ਸਾਹਿਤ ਲਹਿਰ ਜ਼ੋਰਾਂ 'ਤੇ ਸੀ। ਮੈਂ ਉਸ ਤੋਂ ਪ੍ਰਭਾਵਿਤ ਸੀ।... ਹੁਣ ਉਹ ਲਹਿਰ ਖ਼ਤਮ ਹੋ ਚੁੱਕੀ ਹੈ, ਕਿਉਂਕਿ ਉਸ ਤੇ ਸਾਹਿਤਕਾਰਾਂ ਨਾਲੋਂ ਰਾਜਨੀਤਕ ਲੀਡਰਾਂ ਦਾ ਗਲਬਾ ਹੋ ਗਿਆ ਸੀ ਪਰ ਮੇਰੇ ਉੱਠਦਿਆਂ ਹੀ ਉਹ ਲਹਿਰ ਮਰ ਗਈ। ਇਸ ਤਰ੍ਹਾਂ ਮੈਨੂੰ ਉਸ ਲਹਿਰ ਦੀ ਪੈਦਾਵਾਰ ਤੇ ਰਹਿੰਦ-ਖੂੰਹਦ ਵੀ ਕਿਹਾ ਜਾ ਸਕਦਾ ਹੈ। ਪਰ ਉਸ ਲਹਿਰ ਨੇ ਸਮੁੱਚੇ ਤੌਰ ਤੇ ਭਾਰਤੀ ਸਾਹਿਤ ਨੂੰ ਜੋ ਕੁਝ ਦਿੱਤਾ ਹੈ ਉਸ ਤੇ ਸਾਨੂੰ ਗਰਵ ਹੈ ਤੇ ਮੈਂ ਦੇਣਦਾਰ ਹਾਂ।"[11]

ਇਹ ਪ੍ਰੇਮ ਪ੍ਰਕਾਸ਼ ਦੀ ਸਿਰਜਣਕਾਰੀ ਦਾ ਮੁੱਢਲਾ ਪੜਾਅ ਹੈ। ਉਸ ਦਾ ਇਹ ਸਵੈ-ਕਥਨ ਉਸ ਦੀ ਰਚਨਾ ਵਿਚੋਂ ਕਿਵੇਂ ਪ੍ਰਗਟ ਹੁੰਦਾ ਹੈ, ਇਹ ਵੱਖਰਾ ਮਸਲਾ ਹੈ। ਇਸ ਸੁਚੇਤ ਦ੍ਰਿਸ਼ਟੀਗਤ ਪ੍ਰਗਟਾਵੇ ਦਾ ਖੰਡਨ ਉਹ 'ਸਵੈਤਾਂਬਰ ਨੇ ਕਿਹਾ ਸੀ' ਨਾਮੀ ਸੰਗ੍ਰਹਿ ਦੇ ਕਥਨ ਸਮੇਂ ਪੈਂਤੜਾ ਬਦਲਦਾ ਹੈ। ਇਸ ਸੰਗ੍ਰਹਿ ਦੇ ਮੁੱਢਲੇ ਸ਼ਬਦਾਂ ਵਿਚ ਕਹਿੰਦਾ ਹੈ, "ਕੁਝ ਕਹਿਣ

ਲਈ ਮੈਂ ਇਹਨੂੰ 'ਰਹੱਸ' ਦਾ ਨਾਂ ਦੇ ਦਿੰਦਾ ਹਾਂ। ਇਹ ਰਹੱਸ ਉਹੋ ਜਿਹਾ ਈ ਏ, ਜਿਹੋ ਜਿਹਾ ਕਹਾਣੀ ਲਿਖਣ ਦਾ ਏ, ਮੈਂ ਕੋਈ ਕਹਾਣੀ ਜਤਨ ਕਰਕੇ ਨਹੀਂ ਲਿਖ ਸਕਦਾ ਜਾਂ ਇੰਝ ਕਹੀਏ, ਮੈਂ ਕਹਾਣੀ ਆਪ ਨਹੀਂ ਲਿਖਦਾ, ਕਹਾਣੀ ਮੈਥੋਂ ਲਿਖ ਹੋ ਜਾਂਦੀ ਏ।"[12]

ਪ੍ਰੇਮ ਪ੍ਰਕਾਸ਼ ਸਮੁੱਚੀਆਂ ਕਹਾਣੀਆਂ ਦੇ ਪ੍ਰਕਾਸ਼ਨ ਸਮੇਂ, ਕਥਾ ਅਨੰਤ, ਸਮੁੱਚੀਆਂ ਕਹਾਣੀਆਂ (ਪਦਮਾ ਦਾ ਪੈਰ) ਤੋਂ ਪਹਿਲੀਆਂ ਦੇ ਪ੍ਰਕਾਸ਼ਨ ਸਮੇਂ ਆਪਣੀਆਂ ਕਹਾਣੀਆਂ ਬਾਰੇ ਲਿਖਦਾ ਹੈ, "ਪਰੂਫ਼ ਪੜ੍ਹਦਿਆਂ ਮੈਨੂੰ ਆਪਣੀ ਲਿਖਤ ਬਾਰੇ ਕਈ ਨਵੀਆਂ ਗੱਲਾਂ ਦਾ ਪਤਾ ਲੱਗਿਆ, ਜਿੰਨ੍ਹਾਂ ਵਿਚ ਮੇਰੀਆਂ ਕੋਤਾਹੀਆਂ ਵੀ ਨੇ ਤੇ ਉਹ ਸੋਧਾਂ ਬੀਜ ਰੂਪ 'ਚੋਂ ਨੇ, ਜਿਨ੍ਹਾਂ ਤੋਂ ਅੱਗੇ ਜਾ ਕੇ ਮੇਰੀ ਸੋਚ ਅਤੇ ਰਚਨਾ ਉੱਤੇ ਡੂੰਘਾ ਅਸਰ ਪਾਇਆ। ਉਹ ਸੰਖੇਪ ਰੂਪ ਚੋਂ ਇੰਜ ਦੱਸੀਆਂ ਜਾ ਸਕਦੀਆਂ ਹਨ।

- ਮੇਰੀਆਂ ਪਹਿਲੀਆਂ ਹਲਕੀਆਂ ਕਹਾਣੀਆਂ ਵਿਚ ਵੀ ਬੰਦਿਆਂ ਦੇ ਸੁਭਾਵਾਂ ਤੇ ਆਰਥਿਕਤਾ ਦੇ ਨਾਲ-ਨਾਲ ਉਨ੍ਹਾਂ ਦੀ ਸਮਾਜਿਕ ਸਥਿਤੀ, ਧਰਮ ਅਤੇ ਜਾਤ ਬਰਾਦਰੀ ਦੇ ਸੰਸਕਾਰਾਂ ਦਾ ਅਸਰ ਏ।
- ਮੇਰੇ ਪਾਤਰਾਂ ਦੀ ਸੋਚ 'ਚੋਂ ਆਦਰਸ਼ ਤਾਂ ਹੈ ਪਰ ਉਹ ਆਪਣੇ ਮਨ ਦੇ ਕਾਲੇ ਟੋਏ ਵੀ ਲੱਭਦੇ ਤੇ ਦੱਸਦੇ ਰਹਿੰਦੇ ਹਨ 'ਕੱਚਕੜੇ' ਦੀ ਪਹਿਲੀ ਕਹਾਣੀ ਦਾ ਨਾਂ ਸੀ। ਆਓ ਸ਼ੈਤਾਨ ਫੜੀਏ।
- ਮੈਂ ਮੁੱਢ ਤੋਂ ਹੀ ਰਾਜਸੀ ਲਹਿਰਾਂ ਤੇ ਲੀਡਰਾਂ ਦੇ ਪਿੱਛੇ ਲਗ ਕੇ ਸਾਹਿਤ ਰਚਣ ਦੇ ਖਿਲਾਫ਼ ਸੀ।
- ਮੈਂ ਅਖ਼ਬਾਰਾਂ 'ਚੋਂ ਛਪਦੇ ਸਾਹਿਤ ਨੂੰ ਘਟੀਆ ਸਮਝਦਾ ਸੀ।
- ਮੇਰੇ ਪਹਿਲੇ ਕਹਾਣੀ ਸੰਗ੍ਰਹਿ 'ਕੱਚਕੜੇ' ਅਤੇ ਉਸ ਤੋਂ ਪਹਿਲਾਂ ਦੀਆਂ ਕਹਾਣੀਆਂ ਵਿਚ ਉਪ-ਭਾਵੁਕਤਾ ਏ। ਭਾਵਾਂ ਦੀ ਕਚਿਆਈ ਦੇ ਅਨੁਭਵ ਦੀ ਘਾਟ ਜਾਪਦੀ ਏ। ਇਨ੍ਹਾਂ ਘਾਟਾਂ ਨੂੰ ਪੂਰਨ ਲਈ ਵੱਧ ਜ਼ੋਰ ਪਾਤਰਾਂ ਦੀਆਂ ਹਰਕਤਾਂ ਤੇ ਸੋਚਾਂ ਤੇ ਦੇਂਦਿਆਂ ਵਾਕਾਂ ਦੀ ਚਤੁਰਾਈ ਵਰਤੀ ਗਈ ਏ, ਉਹ ਕਹਾਣੀਆਂ ਹੁਣ ਮੈਨੂੰ ਚੰਗੀਆਂ ਨਹੀਂ ਲਗਦੀਆਂ, ਪਰ ਉਸ ਸਮੇਂ (1960-66) 'ਚ ਮੇਰੀ ਪਛਾਣ ਇਨ੍ਹਾਂ ਕਹਾਣੀਆਂ ਨੇ ਹੀ ਬਣਾਈ ਸੀ। ਮੇਰੀ ਲਿਖਤ ਮੇਰੇ ਨਾਂ ਦੇ ਬਗੈਰ ਈ ਪਛਾਣਨ ਯੋਗ ਹੋ ਗਈ ਸੀ।"[13]

ਪ੍ਰੇਮ ਪ੍ਰਕਾਸ਼ ਪੰਜਾਬੀ ਚਿੰਤਕਾਂ ਅਤੇ ਆਪਣੀ ਨਜ਼ਰ ਵਿਚ ਇਕ ਗਤੀਸ਼ੀਲ ਸਿਰਜਕ ਦੇ ਤੌਰ ਤੇ ਉਭਰ ਕੇ ਸਾਹਮਣੇ ਆਉਂਦਾ ਹੈ। ਉਸ ਦੇ ਸਮੁੱਚੇ ਕਥਾ-ਸੰਸਾਰ ਨੂੰ ਔਰਤ-ਮਰਦ ਸਬੰਧਾਂ ਅਤੇ ਸਮਾਜਿਕ ਸਾਂਸਕ੍ਰਿਤਕ ਸਬੰਧਾਂ 'ਚੋਂ ਉਪਜੀਆਂ ਸਮੱਸਿਆਵਾਂ ਦੇ ਖਾਨੇ ਵਿਚ ਰੱਖਿਆ ਜਾ ਸਕਦਾ ਹੈ। ਇਸ ਲਈ ਪ੍ਰੇਮ ਪ੍ਰਕਾਸ਼ ਦੇ ਸਿਰਜਣੀ ਵਰਤਾਰੇ ਦੀਆਂ ਪਰਤਾਂ ਨੂੰ ਸਮਝਣ ਲਈ ਉਸ ਦੀ ਟੈਕਸਟ ਵੱਲ ਮੁੜਨਾ ਪਵੇਗਾ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਕੇਂਦਰ ਵਿਚ ਧਰਮ, ਕਾਮ, ਸਾਂਸਕ੍ਰਿਤੀ ਅਤੇ ਦਰਸ਼ਨ ਹੈ। ਇਨ੍ਹਾਂ ਸਰੋਕਾਰਾਂ ਨੂੰ ਸੰਬੋਧਿਤ ਹੁੰਦਾ ਹੋਇਆ ਉਹ ਸਮਾਜਿਕਤਾ, ਜਾਤ, ਬਰਾਦਰੀ ਅਤੇ ਸਭਿਆਚਾਰ ਨੂੰ ਬਾਇਸ ਬਣਾਉਂਦਾ ਹੈ। ਉਸ ਦੀਆਂ ਪਹਿਲੇ ਖੰਡ ਦੀਆਂ ਕਹਾਣੀਆਂ ਦੇ ਕੇਂਦਰ ਵਿਚ ਅਨੰਦ ਹੈ। ਇਹ ਅਨੰਦ ਅਤੇ ਅਸਿਹਜ ਭਾਵਾਂ ਵਿਚ ਵੰਡਿਆ ਹੋਇਆ ਹੈ। ਔਰਤ-ਮਰਦ ਸਬੰਧਾਂ ਵਿਚੋਂ ਅਨੰਦ ਦੀ ਤਲਾਸ਼ ਹੈ। ਇਸ ਤਲਾਸ਼ ਵਿਚ ਉਸ ਦੇ ਪਾਤਰ ਭਟਕਦੇ ਹਨ। ਮੌਤ, ਬਿਮਾਰੀ ਅਤੇ ਮਾਨਸਿਕ ਉਲਝਣਾਂ

ਇਨ੍ਹਾਂ ਪਾਤਰਾਂ ਦੇ ਅੰਗ ਸੰਗ ਹਨ। ਇਹ ਸਥਿਤੀ ਹੈ। ਇਸ ਵਿਚੋਂ ਪ੍ਰੇਮ ਪ੍ਰਕਾਸ਼ ਆਪ ਕੋਈ ਨਿਰਣਾ ਨਹੀਂ ਕਰਦਾ। ਇਹ ਨਿਰਣਾ ਨਾ ਕਰਨਾ ਉਸਦੀ ਦ੍ਰਿਸ਼ਟੀ ਵਿਚ ਨਿਹਿਤ ਹੈ। ਧਰਮ ਉਨ੍ਹਾਂ ਦੇ ਅਵਚੇਤਨ ਦਾ ਭਾਗ ਹੈ ਉਹ ਨਵੇਂ ਮਹਾਜਨੀ ਸਮਾਜ ਨੂੰ ਚਿਤਰਦਾ ਹੈ ਤਾਂ ਦਰਸ਼ਨ ਨਾਲ ਨਾਲ ਚਲਦਾ ਹੈ, ਜਦੋਂ ਉਹ ਸਮਾਜਿਕ ਰਿਸ਼ਤਿਆਂ ਦੀ ਵੇਦਨਾ ਨੂੰ ਚੁਣਦਾ ਹੈ ਤਾਂ ਕਿਸਾਨੀ ਜੜ ਸਭਿਆਚਾਰ ਨੂੰ ਪਛੜਿਆ ਸਾਬਤ ਕਰਨ ਦੀ ਦ੍ਰਿਸ਼ਟੀ ਨਾਲ ਚਲਦੀ ਹੈ। ਉਹ ਕਹਾਣੀ ਦਾ ਬਿਰਤਾਂਤਕ ਪੈਟਰਨ ਵੀ ਕਹਾਣੀ ਦੀ ਵਸਤ ਅਨੁਸਾਰ ਚੁਣਦਾ ਹੈ। ਇਸ ਲਈ ਉਸ ਦੀਆਂ ਇਨ੍ਹਾਂ ਕਹਾਣੀਆਂ ਨੇ ਉਸਦੀ ਵੱਖਰੀ ਪਛਾਣ ਬਣਾਈ ਹੈ। ਉਨ੍ਹਾਂ ਵੱਲ ਧਿਆਨ ਸਭ ਤੋਂ ਪਹਿਲਾਂ ਜਾਂਦਾ ਹੈ। ਇਨ੍ਹਾਂ ਕਹਾਣੀਆਂ ਨੂੰ 'ਮੁਕਤੀ, ਰੰਗ ਦੀਆਂ ਕਹਾਣੀਆਂ ਕਿਹਾ ਜਾਂਦਾ ਹੈ। ਇਹ ਨਾਮਕਰਣ ਆਲੋਚਕਾ ਨੇ ਕੀਤਾ ਅਤੇ ਪ੍ਰੇਮ ਪ੍ਰਕਾਸ਼ ਵੀ ਇਸ ਨੂੰ ਸਵੀਕਾਰ ਕਰਨ ਲਗ ਪਿਆ। ਪ੍ਰੰਤੂ ਅਜਿਹਾ ਰੰਗ ਉਸ ਦੀਆਂ ਮੁੱਢਲੀਆਂ ਕਹਾਣੀਆਂ ਵਿਚ ਮੌਜੂਦ ਸੀ।

ਪ੍ਰੇਮ ਪ੍ਰਕਾਸ਼ ਇਹ ਸਵੀਕਾਰ ਕਰਦਾ ਹੈ ਉਸ ਦੀਆਂ ਮੁੱਢਲੀਆਂ ਕਹਾਣੀਆਂ ਉੱਤੇ ਪ੍ਰਗਤੀਵਾਦ ਦਾ ਪ੍ਰਭਾਵ ਸੀ। ਇਸ ਧਾਰਨਾ ਨੂੰ ਜੋ ਪ੍ਰਗਤੀਵਾਦੀ ਸਾਹਿਤ ਦੇ ਕੇਂਦਰਿਤ ਮੁੱਦਿਆਂ ਦੇ ਪ੍ਰਸੰਗ ਵਿਚ ਵੇਖਿਆ ਜਾਵੇ ਤਾਂ ਇਹ ਠੀਕ ਨਹੀਂ ਲਗਦਾ ਹੈ। ਉਸ ਦੀ 1960 ਦੀ ਛਪੀ ਕਹਾਣੀ 'ਇਕ ਕਹਾਣੀ ਜਿਹੀ' ਨੂੰ ਦੇਖਿਆ ਜਾ ਸਕਦਾ ਹੈ। ਇਸ ਕਹਾਣੀ ਦਾ ਪਾਤਰ ਪ੍ਰਕਾਸ਼ ਜਿਸ ਔਰਤ ਨਾਲ ਜੁੜੀਆਂ ਯਾਦਾਂ ਨੂੰ ਚਿਤਰਦਾ ਹੈ ਉਹ ਉਸ ਦਾ ਅਵਚੇਤਨ ਮੱਲੀ ਬੈਠੀ ਹੈ। ਨਿੰਮੋ ਰਿਸ਼ਤੇ ਵਿਚ ਪ੍ਰਕਾਸ ਦੀ ਸਾਲੀ ਸੀ। ਉਹ ਗ੍ਰਹਿਸਤ ਭੋਗਦਿਆਂ ਦੀ ਨਿੰਮੋ ਦੀਆਂ ਯਾਦਾਂ ਨਾਲ ਜੁੜਿਆ ਹੋਇਆ ਸੀ। ਇਹ ਯਾਦਾਂ ਉਸ ਬੁਝੀ ਹੋਈ ਅੱਗ ਵਾਲੀਆਂ ਹਨ ਜਿਸ ਵਿਚ ਕਦੇ ਤਪਸ਼ ਹੁੰਦੀ ਸੀ। ਪ੍ਰੇਮ ਪ੍ਰਕਾਸ਼ ਇਸ ਮੁੱਢਲੇ ਦੌਰ ਦੀ ਕਹਾਣੀ ਵਿਚ ਪੰਜਾਬੀ ਕਹਾਣੀ ਸਾਹਿਤ ਦੇ ਪ੍ਰਸੰਗ ਵਿਚ ਨਵੇਂ ਅਕਸ ਘੜ ਰਿਹਾ ਸੀ। ਇਹ ਉਹ ਦੌਰ ਸੀ ਜਦੋਂ ਪੰਜਾਬੀ ਚਿੰਤਨ ਵਿਚ ਰਿਸ਼ਤਿਆਂ ਦਾ ਅਧਾਰ ਅਤੇ ਫੈਸਲਾਕੁਨ ਸ਼ਕਤੀ ਆਰਥਿਕਤਾ ਨੂੰ ਸਮਝਿਆ ਜਾਂਦਾ ਸੀ। ਆਰਥਿਕਤਾ ਮਨੁੱਖੀ ਜੀਵਨ ਦੀ ਫੈਸਲਾਕੁਨ ਸ਼ਕਤੀ ਸੀ। ਇਸ ਕਹਾਣੀ ਦੇ ਪਾਤਰ ਪ੍ਰਕਾਸ਼ ਲਈ ਉਸਦੀ ਸਾਲੀ ਨਿੰਮੋ ਹੀ ਯਾਦ ਜੀਵਨ ਵਿਚ ਨਿੱਘ ਦੇਣ ਦਾ ਬਾਇਸ ਸੀ।

ਪ੍ਰੇਮ ਪ੍ਰਕਾਸ਼ ਦੀ ਸਿਰਜਣਕਾਰੀ ਦੀ ਵਿਲੱਖਣਤਾ ਮੁਕਤੀ-1 ਅਤੇ ਮੁਕਤੀ-2 ਨਾਲ ਸਥਾਪਿਤ ਹੁੰਦੀ ਹੈ। ਇਸ ਕਹਾਣੀ ਵਿਚ ਉਹ ਦਰਸ਼ਨ ਦੇ ਮਸਲਿਆਂ ਨੂੰ ਕਾਮ ਅਤੇ ਧਰਮ ਰਾਹੀਂ ਸੰਬੋਧਿਤ ਹੁੰਦਾ ਹੈ। 'ਮੁਕਤੀ' ਦੇ ਅਰਥ ਹੀ ਦਾਰਸ਼ਨਿਕ ਪੱਧਰ 'ਤੇ ਹਿੰਦੂ ਸਾਂਸਕ੍ਰਿਤੀ ਦਾ ਹਿੱਸਾ ਬਣਦੇ ਹਨ। ਸੰਸਾਰਕ ਦੁੱਖਾਂ ਤੋਂ ਦੇਹ ਸਮੇਤ ਮੁਕਤੀ ਭਾਰਤੀ ਦਰਸ਼ਨ ਦਾ ਕੁੰਜੀਵਤ ਸੁਆਲ ਹੈ। ਇਸ ਕਹਾਣੀ ਦੇ ਕੇਂਦਰੀ ਪਾਤਰ ਸ਼ੁਸਮਾ ਅਤੇ ਪ੍ਰੋ. ਵਰਮਾ ਹਨ। ਸ਼ੁਸਮਾ ਰਜਿੰਦਰ ਦੀ ਪਤਨੀ ਹੈ। ਉਹ ਸ਼ਹਿਰੀ ਮੱਧ ਵਰਗ ਦਾ ਅਮੀਰ ਵਿਅਕਤੀ ਹੈ। ਸ਼ੁਸਮਾ ਦੇ ਮਨ ਵਿਚ ਸਰੀਰ ਤੋਂ ਹੁੰਦੀ ਹੋਈ ਮਾਨਸਿਕ ਤੌਰ ਤੇ ਅਸ਼ਾਂਤੀ ਹੈ। ਉਹ ਪ੍ਰੋ. ਵਰਮਾ ਨਾਲ ਸਬੰਧਾਂ ਵਿਚ ਹੈ। ਉਸਦੀ ਭਟਕਣ ਦੇਹ ਤੋਂ ਹੁੰਦੀ ਹੋਈ ਮਾਨਸਿਕਤਾ ਤਕ ਪਹੁੰਚਦੀ ਹੈ। ਪ੍ਰੋ. ਵਰਮਾ ਨਾਲ ਆਸ਼ਰਮ ਵਿਚ ਪਹੁੰਚਦੀ ਹੈ। ਪ੍ਰੇਮ ਪ੍ਰਕਾਸ਼ ਇਸ ਕਹਾਣੀ ਵਿਚ ਕਈ ਪ੍ਰਸ਼ਨ ਖੜ੍ਹੇ ਕਰਦਾ ਹੈ। ਉਹ ਸਰੀਰਕ ਅਤੇ ਆਤਮਕ ਅਨੰਦ ਦੀਆਂ ਕਿਰਿਆਵਾਂ ਵਿਚੋਂ ਲੰਘਦੀ ਹੈ। ਅੰਤ ਵਿਚ ਪਹਿਲੇ ਭਾਗ ਵਿਚ ਇਸ ਸਿੱਟੇ ਤੇ ਪਹੁੰਚਦੀ ਹੈ, ਰਹਾਂਗੀ ਤਾਂ ਮੈਂ ਉਸੇ ਘਰ। ਹੁਣ ਉਹਨੂੰ ਮੈਂ

ਕੱਢ ਕੇ ਛੱਡਾਂਗੀ... ਮੈਂ ਕੀ ਆਖਾਂ? ਕਿਵੇਂ ਇਹਦੇ ਗੁਰੂ ਜੀ ਦੀ ਗੱਲ ਯਾਦ ਕਰਾਵਾਂ ਕਿ ਜੀਵਨ ਤਾਂ ਨਾਮ ਹੀ ਅਨੰਦ ਪ੍ਰਾਪਤੀ ਲਈ ਸਾਧਨਾ ਦਾ। ਨਿਰੰਤਰ ਆਨੰਦ ਦੇ ਅਨੁਭਵ ਦਾ ਦੁੱਖ ਤੇ ਕਲੇਸ਼ ਦਾ ਤੇ ਨਹੀਂ। ਪਰ ਹੁਣ ਉਸ ਤੇ ਸੰਤ-ਆਸ਼ਰਮ ਦਾ ਮੁਲੰਮਾ ਨਹੀਂ।"[14]

ਕਹਾਣੀ ਦਾ ਇਹ ਅੰਤ ਅਗਲੇ ਭਾਗ ਲਈ ਸਪੇਸ ਪੈਦਾ ਕਰਦਾ ਹੈ। "ਕਹਾਣੀ ਦਾ ਇਹ ਨਿਬੇੜਾ ਨਾ ਕੋਈ ਪ੍ਰਸ਼ਨ ਹੈ ਤੇ ਨਾ ਹੀ ਉੱਤਰ। ਸ਼ੁਸਮਾ ਵੀ ਵਰਮਾ ਵਾਂਗ ਸਰੀਰ ਵਿਚ ਵਾਪਸ ਪਰਤ ਆਈ ਹੈ। ਹੁਣ ਨਵਿਰਤੀ ਦੀ ਭਾਲ ਉਸ ਲਈ ਬੇਲੋੜੀ ਸੀ।"[15] ਇਹ ਮਨ ਅਤੇ ਸਰੀਰ ਵੀ ਇਕ ਅਵਸਥਾ ਹੈ। ਸ਼ੁਸਮਾ ਨੂੰ ਮੁਕਤੀ ਆਸ਼ਰਮ ਤੋਂ ਨਹੀਂ, ਨਾ ਵਰਮੇ ਨਾਲ ਰਹਿ ਕੇ ਹੈ ਸਗੋਂ ਉਹ ਪਤੀ ਲਈ ਤਣਾਅ ਦਾ ਬਾਇਸ ਬਣਦੀ ਹੈ। ਇਹ ਤੰਦਰੁਸਤ ਦੇਹ ਦੀ ਮਨੋਸਥਿਤੀ ਹੈ। ਦੂਜੇ ਭਾਗ ਵਿਚ ਉਹੀ ਸ਼ੁਸਮਾ ਭਿਆਨਕ ਰੋਗ ਦੀ ਸ਼ਿਕਾਰ ਹੈ। ਉਸ ਦੀ ਦੇਹ ਦੇ ਦੁਆਲੇ ਘੁੰਮਣ ਵਾਲੇ ਉਸ ਤੋਂ ਦੂਰ ਹਨ। ਇੱਥੇ ਫਿਰ ਪ੍ਰੇਮ ਪ੍ਰਕਾਸ਼ ਦੇਹੀ ਨਾਲ ਜੁੜੇ ਸਵਾਲ ਉਠਾਉਂਦਾ ਹੈ। ਉਹ ਵਿਅਕਤੀ ਨੂੰ ਸਥਿਤੀ ਦੇ ਪ੍ਰਸੰਗ ਵਿਚ ਰੱਖ ਕੇ ਪਰਖਦਾ ਹੈ।

ਪ੍ਰੇਮ ਪ੍ਰਕਾਸ਼ ਦੀਆਂ ਇਕ ਰੰਗ ਦੀਆਂ ਕਹਾਣੀਆਂ ਵਿਚ ਮੌਤ ਬਿਮਾਰੀ ਉਮਰ ਅਤੇ ਕਾਮ ਵਰਗੇ ਪ੍ਰਸ਼ਨ ਉਠਦੇ ਹਨ। ਮੌਤ ਦਾ ਦਰਸ਼ਨ ਉਸ ਦੀਆਂ ਕਹਾਣੀਆਂ ਦਾ ਮਹੱਤਵਪੂਰਨ ਤੱਤ ਬਣ ਕੇ ਉਭਰਦਾ ਹੈ। ਮੌਤ ਦੀ ਸਥਿਤੀ, ਇਕ ਮੌਤ ਤੋਂ ਪਹਿਲਾਂ ਦੀ ਸਥਿਤੀ ਅਤੇ ਦੂਜਾ ਮੌਤ ਦੇ ਦੌਰਾਨ ਜਾਂ ਬਾਅਦ ਦੀ ਸਥਿਤੀ, ਉਭਰਦੀ ਹੈ। ਇਨ੍ਹਾਂ ਵਿਚ ਧਰਮ ਅਤੇ ਸੰਸਕਾਰ ਪ੍ਰਮੁੱਖ ਵਾਹਕ ਬਣਦੇ ਹਨ। ਇਹ ਮਸਲੇ 'ਡੈੱਡ ਲਾਈਨ, ਸਵੈਤਾਂਬਰ ਨੇ ਕਿਹਾ ਸੀ, ਕਪਾਲ ਕਿਰਿਆ ਅਤੇ 'ਅਨੁਸ਼ਠਾਨ' ਵਿਚੋਂ ਵਾਰ-ਵਾਰ ਉਭਰਦੇ ਹਨ। 'ਡੈੱਡ ਲਾਈਨ' ਕਹਾਣੀ ਉੱਤੇ ਮੌਤ ਦਾ ਵਾਤਾਵਰਨ ਛਾਇਆ ਹੋਇਆ ਹੈ। ਇਸ ਕਹਾਣੀ ਦਾ ਮੁਖ ਪਾਤਰ ਸਤਪਾਲ ਸੱਤੀ ਹੈ ਉਹ ਕੈਂਸਰ ਦੀ ਬਿਮਾਰੀ ਨਾਲ ਪੀੜਤ ਹੈ। ਇਸ ਪੀੜਾ ਦੇ ਸਮੇਂ ਉਹ ਆਪਣੀ ਭਰਜਾਈ ਨਾਲ ਨੇੜਲੇ ਸਬੰਧ ਸਥਾਪਿਤ ਕਰਦਾ ਹੈ। ਪ੍ਰੇਮ ਪ੍ਰਕਾਸ਼ ਇਨ੍ਹਾਂ ਸਬੰਧਾਂ ਨੂੰ ਪ੍ਰਕਿਤਕ ਮਨੁੱਖੀ ਭਾਵਨਾਵਾਂ ਤੋਂ ਲੈ ਕੇ ਸਮਾਜਿਕ ਪਰਿਵੇਸ਼ ਤਕ ਫੈਲਾਅ ਦਿੰਦਾ ਹੈ। ਇਸ ਵਿਚ ਧਰਮ ਅਧੀਨ ਮੌਤ ਅਤੇ ਕਾਮ ਨਾਲ ਜੁੜੀਆਂ ਭਾਵਨਾਵਾਂ ਦਾਰਸ਼ਨਿਕ ਪਸਾਰਾਂ ਸਮੇਤ ਕਹਾਣੀ ਦੇ ਕਥਾਨਕ ਤੇ ਫੈਲੀਆਂ ਹੋਈਆਂ ਹਨ। ਡਾ. ਸਤਿੰਦਰ ਔਲਖ ਇਸ ਸਥਿਤੀ ਉਤੇ ਟਿੱਪਣੀ ਕਰਦੀ ਹੋਈ ਲਿਖਦੀ ਹੈ, "ਡੈੱਡ ਲਾਈਨ' ਦਾ ਸੱਤੀ, ਪੂਰਨ ਰੂਪ ਵਿਚ ਮਰਦ ਦਾ ਅਣਉਦਾਤੀ ਕ੍ਰਿਤ ਰੂਪ ਹੈ। ਜੋ ਆਪਣੀ ਆਉਣ ਵਾਲੀ ਮੌਤ ਤੋਂ ਪਹਿਲਾਂ ਸਿਰਫ਼ ਸਰੀਰਕ ਕਾਮੁਕਤਾ ਦਾ ਬੋਧ ਹੰਢਾਉਂਦਾ ਹੈ। ਮੌਤ ਦੇ ਡਰ ਨਾਲ ਭੈਭੀਤ ਸੱਤੀ ਆਪਣੀ ਬਚੀ ਹੋਈ ਜ਼ਿੰਦਗੀ ਨੂੰ ਭਰਪੂਰ ਸਰੀਰਕ ਸੁਖ ਨਾਲ ਭਰ ਲੈਣਾ ਚਾਹੁੰਦਾ ਹੈ। ਕੈਂਸਰ ਦੇ ਮਰੀਜ਼ ਸੱਤੀ ਦੀ ਮੌਤ ਅਵੱਸ਼ਭਾਵੀ ਹੈ। ਸੱਤੀ ਦਾ ਕਿਰਦਾਰ ਉਸ ਦੀ ਭਾਬੀ ਮਿਸਿਜ਼ ਆਨੰਦ ਦੇ ਉੱਤਮਪੁਰਖੀ ਉਚਾਰ ਰਾਹੀਂ ਪ੍ਰਗਟ ਹੁੰਦਾ ਹੈ ਜਿਸ ਨੂੰ ਲਗਦਾ ਹੈ ਕਿ ਮੌਤ ਤੋਂ ਇਕ ਸਾਲ ਬਾਅਦ ਵੀ ਉਹਦੀ ਰੂਹ ਅਜੇ ਭਟਕ ਰਹੀ ਹੈ। ਜਿਸ ਦੀ 'ਗਤੀ' ਕਰਾਉਣਾ ਜ਼ਰੂਰੀ ਹੈ। ਉਸ ਦੀ 'ਰੂਹ' ਨੂੰ ਭਟਕਣ ਤੋਂ ਬਚਾਉਣ ਲਈ ਉਹ ਉਸਦੀ ਜ਼ਿੰਦਗੀ ਵਿਚ ਉਸ ਦੀ ਹਰ ਅਧੂਰੀ ਕਾਮਨਾ ਨੂੰ ਪੂਰਾ ਕਰਨ ਦੀ ਭਾਗੀਦਾਰ ਬਣਦੀ ਹੈ ਜਿਸਦੇ ਨਤੀਜੇ ਵਜੋਂ ਉਹ ਆਪਣੀ ਜ਼ਿੰਦਗੀ ਦੇ ਆਖਰ ਨੌਂ ਮਹੀਨੇ ਪਿਛਲੇ ਤੇਈ ਵਰ੍ਹਿਆ ਨਾਲੋਂ ਲੰਮੇ ਕਰਕੇ ਜੀਅ ਜਾਂਦਾ ਹੈ। ਮਿਸਿਜ਼ ਆਨੰਦ ਨੂੰ ਅਜੇ ਵੀ ਲਗਦਾ ਹੈ ਕਿ ਸੱਤੀ ਦੀ ਰੂਹ ਭਟਕਣ ਦੀ ਸੰਭਾਵਨਾ ਬਣੀ ਹੋਈ ਹੈ, ਜੋ ਉਨ੍ਹਾਂ ਦੇ ਆਪਣੇ ਘਰ ਵਿਚ ਜਾਂ 'ਆਪਣੀ ਮੰਗੇਤਰ ਦੇ ਘਰ' ਵਿਚ ਜਾਂ ਆਪਣੇ ਤਾਏ ਦੇ ਪੁੱਤ ਭਰਾ ਦੀ ਪਤਨੀ

ਸੰਤੋਸ਼ ਦੇ ਚੁਬਾਰੇ ਦੇ ਬਨੇਰੇ 'ਚੋਂ ਆ ਕੇ ਬਹਿ ਸਕਦੀ ਹੈ। ਲੋਕ ਵਿਸ਼ਵਾਸ਼ ਅਨੁਸਾਰ ਉਸ ਵਿਅਕਤੀ ਦੀ ਗਤੀ ਕਰਾਉਣਾ ਜ਼ਰੂਰੀ ਹੁੰਦਾ ਹੈ ਜੋ ਆਪਣੀਆਂ ਅਧੂਰੀਆਂ ਕਾਮਨਾਵਾਂ ਲੈ ਕੇ ਇਸ ਸੰਸਾਰ ਤੋਂ ਵਿਦਾ ਹੋ ਗਿਆ ਹੋਵੇ।"[16]

'ਡੈੱਡ ਲਈਨ' ਵਿਚ ਧਰਮ ਸਾਂਸਕ੍ਰਿਤੀ ਲੋਕ-ਵਿਸ਼ਵਾਸ ਅਤੇ ਪ੍ਰਕਿਤਕ ਹੋਂਦ ਸਮਾਜਿਕ ਆਦਰਸ਼ਾਂ ਉੱਤੇ ਹਾਵੀ ਹੋ ਜਾਂਦੇ ਹਨ ਪ੍ਰੰਤੂ 'ਸਵੈਤਾਂਬਰ ਨੇ ਕਿਹਾ ਸੀ' ਇਸ ਤੋਂ ਉਲਟ ਵਾਪਰਦਾ ਹੈ। ਇਸ ਕਹਾਣੀ ਦੀ ਪਾਤਰ ਸ਼ਾਰਦਾ ਅਧਖੜ ਉਮਰ ਦੀ ਔਰਤ ਹੈ। ਉਸ ਦਾ ਪੁੱਤਰ ਡਾਕਟਰ ਹੈ, ਹਾਊਸ ਸਰਜਨ ਹੈ ਪ੍ਰੋ. ਮੋਦੀ ਨਾਲ ਉਸ ਨੇ ਇਕ ਪੜਾਅ ਉੱਤੇ ਸਬੰਧ ਬਣਾਏ ਸਨ। ਇਹ ਸਬੰਧ ਭਾਵੁਕ ਪੱਧਰ ਉੱਤੇ ਵੀ ਚਲਦੇ ਹਨ। ਇਸ ਪੜਾਅ ਉੱਤੇ ਪ੍ਰੋਫੈਸਰ ਮੋਦੀ ਦੀ ਭਾਵੁਕਤਾ ਸ਼ਾਰਦਾ ਲਈ ਬਦਨਾਮੀ ਦਾ ਬਾਇਸ ਬਣਨ ਦੀ ਸੰਭਾਵਨਾ ਬਣ ਜਾਂਦੀ ਹੈ। ਇਸ ਡਰ ਵਿਚੋਂ ਹੀ ਮੋਦੀ ਦੀ ਮੌਤ ਦਾ ਖਿਆਲ ਵਾਸਤਵਿਕਤਾ ਵਿਚ ਵਟਣ ਲਗਦਾ ਹੈ। ਇਹ ਵਰਤਾਰਾ ਸ਼ਾਰਧਾ ਹੱਥੋਂ ਮੋਦੀ ਦੀ ਮੌਤ ਤੱਕ ਫੈਲਿਆ ਹੋਇਆ ਹੈ। ਇਹ ਵਰਤਾਰਾ ਸ਼ਾਰਦਾ ਦੇ ਅਵਚੇਤਨ ਵਿਚ ਪਾਪ-ਬੋਧ ਦਾ ਅਹਿਸਾਸ ਕਰਾਉਂਦਾ ਹੈ। ਇਹ ਅਹਿਸਾਸ ਸਵੈਤਾਂਬਰ ਦੇ ਭਰਮ ਵਿਚੋਂ ਮਾਨਸਿਕ ਗੰਢ ਬਣਦਾ ਹੈ। ਇਸ ਵਿਚ ਕਾਮ, ਸਾਂਸਕ੍ਰਿਤੀ ਅਤੇ ਸਮਾਜਿਕ ਮੁੱਲ ਆਪਸ ਵਿਚ ਗੁੰਥਮ-ਗੁੱਥਾਂ ਹੋਏ ਪਏ ਹਨ। ਮਾਨਸਿਕ ਅਵਚੇਤਨ ਦੀ ਤੈਅ ਵਿਚ ਕਾਮ, ਸਾਂਸਕ੍ਰਿਤੀ, ਧਰਮ, ਸਮਾਜ ਇਕੋ ਸਮੇਂ ਕਿਰਿਆਸ਼ੀਲ ਹਨ। ਇਨ੍ਹਾਂ ਵਿਚੋਂ ਪਤਾ ਨਹੀਂ ਮਨੁੱਖੀ ਵਿਹਾਰ ਉੱਤੇ ਕਿਹੜਾ ਤੱਤ ਕਿਸ ਸਮੇਂ ਭਾਰੂ ਹੋ ਜਾਂਦਾ ਹੈ। 'ਕਪਾਲ ਕਿਰਿਆ' ਵਿਚ ਸਥਿਤੀ ਬਹੁਤ ਸਪਸ਼ਟ ਹੈ। ਇਸ ਕਹਾਣੀ ਦਾ ਮੁਖ ਪਾਤਰ ਜ਼ਿੰਦਗੀ ਅਤੇ ਮੌਤ ਦੇ ਅਹਿਸਾਸ ਵਿਚਕਾਰ ਗੁਜ਼ਰ ਰਿਹਾ ਹੈ। ਉਸ ਦੀ ਸੋਚ ਵਰਤਮਾਨ ਤੋਂ ਭੂਤ ਕਾਲ ਵਿਚਕਾਰ ਸਿਮਰਤੀਆਂ ਚੋਂ ਗੁਜ਼ਰਦੀ ਹੈ। ਪ੍ਰੇਮ ਪ੍ਰਕਾਸ਼ ਇਥੇ ਮਨੁੱਖ ਦੇ ਅਵਚੇਤਨ ਵਲ ਮੁੜਦਾ ਹੈ। ਲੋਕ ਵਿਸ਼ਵਾਸ ਅਨੁਸਾਰ ਕਪਾਲ ਕਿਰਿਆ ਦਾ ਵਰਤਮਾਨ ਹਿੰਦੂ ਸਮਾਜ ਵਿਚ ਰੂਹ ਦੀ ਮੁਕਤੀ ਨਾਲ ਜੁੜਿਆ ਹੋਇਆ ਹੈ। ਇਸ ਮੁਕਤੀ ਦੇ ਵਰਤਾਰੇ ਦੇ ਕੇਂਦਰ ਵਿਚ ਵੈਦ ਰਾਮ ਜੀ ਦਾਸ ਹੈ। ਉਹ ਤਿਆਗੀ ਵਿਅਕਤੀ ਹੈ। ਉਸ ਦੀ ਸੰਭਾਵੀ ਮੌਤ ਤੋਂ ਬਾਅਦ ਉਸ ਦੀ ਕਪਾਲ ਕਿਰਿਆ, ਦਾ ਮਸਲਾ ਹੈ। ਵੈਦ ਅੰਤਿਮ ਸਮੇਂ ਸਰੂਸਤੀ ਨੂੰ ਯਾਦ ਕਰਦਾ ਹੈ। ਪ੍ਰੇਮ ਪ੍ਰਕਾਸ਼ ਅਵਚੇਤਨ ਵਿਚ ਵਸੀਆਂ ਕਾਮੁਕ ਖਾਹਿਸ਼ਾਂ ਨੂੰ ਇਥੇ ਅਗਰਭੂਮੀ ਵਿਚ ਲੈ ਆਉਂਦਾ ਹੈ। ਪ੍ਰੇਮ ਪ੍ਰਕਾਸ਼ ਇਥੇ ਇਸ ਨੂੰ ਮਨੁੱਖ ਦੀ ਮੂਲ ਪ੍ਰਵਿਰਤੀ ਬਣਾ ਕੇ ਪੇਸ਼ ਕਰਦਾ ਹੈ। ਅਜਿਹਾ ਕਰਦੇ ਹੋਏ ਉਹ ਹਿੰਦੂ ਸਨਾਤਨ ਧਰਮ ਦੀਆਂ ਕਈ ਮਰਿਆਦਾਵਾਂ ਨੂੰ ਪੰਕਚਰ ਕਰਦਾਹੈ। "ਸਰੂਸਤੀ ਮੇਰੀ ਗਿੱਚੀ ਵੀ ਪੂੰਝ ਦੇ; ਅੰਤਿਮ ਵਾਰ ਸਾਫ਼ ਕਰਦੇ ਇਸ ਮਿੱਟੀ ਨੂੰ... ਕਮਲੀਏ, ਤੂੰ ਰੋਂਦੀ ਏ ? ਇਹ ਅਗਿਆਨਤਾ ਏ। ਹਾਲੇ ਤਾਂ ਕਈ ਜਨਮ ਹੋਰ ਨੇ। ਆਪਣਾ ਅਗਲਾ ਜਨਮ ਅਵੱਸ਼ ਸਾਰਥਿਕ ਹੋਵੇਗਾ।... ਪੁਜਾਰੀ ਜੀ ਜਲ,

ਗੰਗਾ ਜਲ ਕਾਹਦੇ ਲਈ ?... ਸੁਣੋ। ਮੈਂ ਦੀਕਸ਼ਤ ਸਾਧੂ ਨਹੀਂ। ਮੇਰੀ ਸਮਾਧ ਨਹੀਂ ਬਣਾਉਣੀ। ਮੇਰਾ ਸੰਸਕਾਰ ਕਰਨਾ।" ਤੇ ਸਰਸਵਤੀ ਮੇਰੀ ਕਪਾਲ ਕਿਰਿਆ ਤੂੰ ਕਰੀ।"[17]

ਪ੍ਰੇਮ ਪ੍ਰਕਾਸ਼ ਦਾ ਸਾਰਾ ਸਾਂਸਕ੍ਰਿਤਕ ਅਤੇ ਦਾਰਸਨਿਕ ਅਧਾਰ ਮਹਾਜਨੀ ਸਾਂਸਕ੍ਰਿਤੀ ਵਾਲਾ ਹੈ। ਇਹ ਅੰਸ਼ ਔਰਤ ਮਰਦ ਸਬੰਧਾਂ ਨੇ ਪ੍ਰਕਿਤਕ ਅਧਾਰਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਔਰਤ ਅੰਦਰਲੀ ਭਟਕਣ ਚਾਹੇ ਉਹ ਕਾਮੁਕ ਹੋਵੇ ਜਾਂ ਸਮਾਜਿਕ ਉਸਦੇ ਅਵਚੇਤਨ ਵਿਚ ਜਾਤੀਗਤ ਅਧਾਰ ਮੌਜੂਦ ਹੁੰਦੇ ਹਨ। 'ਅਨੁਸ਼ਠਾਨ' ਕਹਾਣੀ ਦੀ ਮੁਖ ਪਾਤਰ ਵੀ ਭਟਕਣ ਦੀ

ਤਲਾਸ਼ ਉਸਨੂੰ ਗੋਕਲ ਗਿਰੀ ਦੇ ਸੰਪਰਕ ਵਿਚ ਲੈ ਆਉਂਦੀ ਹੈ। ਉਸ ਭਟਕਣ ਦੀ ਤਲਾਸ਼ ਅਨੁਸ਼ਠਾਨ ਦੇ ਕਰਮਕਾਂਡ ਵਿਚੋਂ ਤਲਾਸ਼ਦੀ ਹੈ। ਉਸ ਨੂੰ ਗੋਕੁਲ ਗਿਰੀ ਵਿਚੋਂ ਵਿਵੇਕਾਨੰਦ ਦਾ ਬਿੰਬ ਦਿਸਦਾ ਹੈ ਪ੍ਰੰਤੂ ਜਦੋਂ ਉਸ ਦੀ ਨਜ਼ਰ ਉਸਦੀ ਬਾਂਹ ਉੱਤੇ ਖੁਣੇ ਨਾਂ 'ਜੈਬੂ' ਉਤੇ ਜਾਂਦੀ ਹੈ ਤਾਂ ਉਸ ਸਾਹਮਣੇ ਗੋਹਾ ਕੂੜਾ ਕਰਦੀ ਅੱਕੀ ਦੇ ਪੁੱਤਰ ਦਾ ਬਿੰਬ ਉਭਰ ਆਉਂਦਾ ਹੈ। ਉਸ ਅੰਦਰੋਂ ਅਚਲਾ ਪਾਠਕ ਜਾਗ ਜਾਂਦੀ ਹੈ। ਇਸ ਰਹੱਸ ਦੇ ਖੁੱਲ੍ਹਣ ਨਾਲ ਹੀ ਅਨੁਸ਼ਠਾਨ ਕਰਕੇ ਭਟਕਣ ਨੂੰ ਸੰਤੁਸ਼ਟ ਕਰਨ ਵਾਲਾ ਗੋਕਲ ਗਿਰੀ ਅੱਕੀ ਦਾ ਪੁੱਤ ਜੈਬੂ ਸਾਹਮਣੇ ਆ ਜਾਂਦਾ ਹੈ। ਇਥੇ ਸਥਿਤੀਆਂ ਉਤੇ ਸੰਸਕਾਰ ਹਾਵੀ ਹੋ ਜਾਂਦੇ ਹਨ। ਇਹ ਵਰਤਾਰਾ ਪ੍ਰੇਮ ਪ੍ਰਕਾਸ਼ ਦੀਆਂ ਔਰਤ-ਮਰਦ ਸਬੰਧਾਂ ਵਾਲੀਆਂ ਕਹਾਣੀਆਂ ਵਿਚ ਹੀ ਨਹੀਂ ਸਗੋਂ ਸਮਾਜਿਕ ਸਰੋਕਾਰ ਵਾਲੀਆਂ ਕਹਾਣੀਆਂ ਵਿਚ ਵੀ ਹਾਵੀ ਹੈ। ਇਥੇ ਇਹ ਉਪ-ਸਭਿਆਚਾਰਾਂ ਦਾ ਟਕਰਾਅ ਬਣਕੇ ਸਾਹਮਣੇ ਆਉਂਦਾ ਹੈ।

ਪ੍ਰੇਮ ਪ੍ਰਕਾਸ਼ ਦੀਆਂ ਔਰਤ ਮਰਦ ਸਬੰਧਾਂ ਦੇ ਕਾਮੁਕ ਅਧਾਰਾਂ ਤੋਂ ਬਿਨਾਂ ਕੁਝ ਕਹਾਣੀਆਂ ਉਪ-ਸਭਿਆਚਾਰ ਦੇ ਟਕਰਾਅ ਵਾਲੀਆਂ ਹਨ। ਸਭਿਆਚਾਰ ਦੇ ਇਸ ਅਧਾਰ ਨੂੰ ਪ੍ਰੇਮ ਪ੍ਰਕਾਸ਼ ਜਾਤੀ ਅਤੇ ਕਿੱਤਿਆਂ ਵਿਚੋਂ ਉਭਰੀ ਮਾਨਸਿਕਤਾ ਨੂੰ ਉਪ-ਸਭਿਆਚਾਰਾਂ ਦਾ ਟਕਰਾਅ ਬਣਾ ਕੇ ਪੇਸ਼ ਕਰਦਾ ਹੈ। ਇਸ ਵਿਚ ਕਿੱਤਾ, ਕਿਸਾਨੀ ਅਤੇ ਮਹਾਜਨੀ ਉਪ-ਸਭਿਆਚਾਰਾਂ ਦੇ ਟਕਰਾਅ ਵਾਲਾ ਹੈ। ਇਸ ਵਿਚ ਮੁਖ ਪਾਤਰ ਵਿਸ਼ੇਸ਼ ਤੌਰ ਤੇ ਮਰਦ ਕਿਸਾਨੀ ਦੇ ਕਿੱਤੇ ਦੇ ਪਿਛੋਕੜ ਵਿਚੋਂ ਨਿਕਲ ਕੇ ਸ਼ਹਿਰੀ ਸਭਿਆਚਾਰ ਦਾ ਹਿੱਸਾ ਬਣਦਾ ਹੈ। ਉਹ ਮਹਾਜਨੀ ਸਭਿਆਚਾਰ ਵਾਲੀਆਂ ਔਰਤ ਨਾਲ ਅੰਤਰਜਾਤੀ ਵਿਆਹ ਕਰਦਾ ਹੈ। ਵਿਆਹ ਦੀ ਵਿਹਾਰਕ ਜ਼ਿੰਦਗੀ ਵਿਚ ਉਸ ਸਮੇਂ ਸਮੱਸਿਆਵਾਂ ਆਉਂਦੀਆਂ ਹਨ ਜਦੋਂ ਔਰਤ ਦਾ ਸਬੰਧ ਮਰਦ ਪਾਤਰ ਦੇ ਪਰਿਵਾਰਕ ਪਿਛੋਕੜ ਨਾਲ ਜੁੜਦਾ ਹੈ। ਇਹ ਵਿਹਾਰ ਇਨ੍ਹਾਂ ਪਰਿਵਾਰਾਂ ਵਿਚਲੇ ਸੰਕਟ ਦਾ ਕਾਰਨ ਬਣਦਾ ਹੈ। ਇਸ ਵਿਚ 'ਬੰਗਲਾ', 'ਗੋਈ' ਅਤੇ 'ਘਰ' ਕਹਾਣੀਆਂ ਆਉਂਦੀਆਂ। ਇਸੇ ਪਾਸਾਰ ਦੀ ਇਕ ਹੋਰ ਕਹਾਣੀ 'ਲੱਛਮੀ' ਹੈ। ਇਹ ਕਹਾਣੀ ਨਿਰੋਲ ਜਾਤੀਗਤ ਦਰਜੇਬੰਦੀ ਉਤੇ ਖੜੀ ਹੈ। ਬੰਗਲਾ' ਕਹਾਣੀ ਦੇ ਤਣਾਅ ਦੇ ਕੇਂਦਰ ਵਿਚ ਐਸ.ਡੀ.ਐਮ. ਬਿਸ਼ਨ ਸਿੰਘ ਗਿੱਲ ਅਤੇ ਉਸਦੀ ਪਤਨੀ ਸੋਫੀਆ ਹੈ। ਬਕੌਲ ਮੁਖ ਪਾਤਰ ਸੋਫੀਆ ਉਸ ਤੋਂ ਸ਼ਕਲੋਂ, ਸਮਾਜ, ਰੁਤਬਿਓ ਤੇ ਜਾਤੋਂ ਗੋਤੋਂ ਉੱਚੀ ਹੈ। ਬਿਸ਼ਨ ਸਿੰਘ ਨੇ ਘਰ ਦਾ ਵਾਤਾਵਰਣ ਕਿਸਾਨ ਜੀਵਨ ਜਾਚ ਵਾਲਾ ਹੈ। ਇਹ ਗੱਲ ਬਿਸ਼ਨ ਸਿੰਘ ਅੰਦਰ ਇਕ ਖਲਾਅ ਪੈਦਾ ਕਰਦੀ ਹੈ। ਇਹ ਪ੍ਰੇਮ ਪ੍ਰਕਾਸ਼ ਅਨੁਸਾਰ ਕਹਾਣੀਕਾਰ ਦੀ ਮਾਨਸਿਕ ਅਵਸਥਾ ਹੈ ਪ੍ਰੰਤੂ ਵਿਹਾਰਕਤਾ ਇਸ ਤੋਂ ਉਲਟ ਹੈ। ਇਸ ਬਿਰਤਾਂਤ ਵਿਚਲੀ ਟੈਕਸਟ ਦੇ ਵੇਰਵੇ ਸਮੁੱਚੀ ਕਹਾਣੀ ਦੇ ਕਥਾਨਕ ਉੱਤੇ ਫੈਲੇ ਹੋਏ ਹਨ। ਅਜਿਹੇ ਹੀ ਥੀਮ ਦੁਆਲੇ ਘੁੰਮਦੀ ਕਹਾਣੀ 'ਗੋਈ' ਹੈ। ਇਸ ਕਹਾਣੀ ਵਿਚ ਕੈਪਟਨ ਬਖਤੌਰ ਸਿੰਘ ਅਤੇ ਬਲਵਿੰਦਰ ਮੇਜਰ ਅਰੋੜਾ ਦੀ ਧੀ ਹੈ। ਬਖਤੌਰ ਰਿਟਾਇਰ ਫੌਜੀ ਅਤੇ ਕਿਸਾਨ ਦਾ ਪੁੱਤਰ ਹੈ। ਉਨ੍ਹਾਂ ਦੀ ਕੋਠੀ ਵਿਚ ਉਸਦਾ ਬਜ਼ੁਰਗ ਪਿਉ ਆ ਠਹਿਰਦਾ ਹੈ। ਉਸ ਦਾ ਠਿਕਾਣਾ ਗੈਰਾਜ ਵਿਚ ਹੈ। ਦੋਹਾਂ ਦੇ ਪਰਿਵਾਰਕ ਅਤੇ ਸਭਿਆਚਾਰਕ ਪਿਛੋਕੜ ਵਿਚ ਜ਼ਮੀਨ ਆਸਮਾਨ ਦਾ ਅੰਤਰ ਹੈ। ਬਜ਼ੁਰਗ ਬਿਮਾਰੀ ਦੀ ਸਥਿਤੀ ਵਿਚ 'ਗੋਈ' ਖਾਣ ਲਈ ਮੰਗਦਾ ਹੈ। ਪ੍ਰੇਮ ਪ੍ਰਕਾਸ਼ ਬੰਦੇ ਨੂੰ ਬੇ-ਕਿੱਤਾ ਹੋਏ ਨੂੰ ਵੀ ਜਿਨ੍ਹਾਂ ਸੰਕਟਾਂ 'ਚੋਂ ਲੰਘਾਉਂਦਾ ਹੈ ਉਸਦੇ ਪਿੱਛੇ ਜਾਤੀ ਅਤੇ ਕਿੱਤਾ ਅਧਾਰਿਤ ਉਪ-ਸਭਿਆਚਾਰ ਦੀਆਂ ਜੜ੍ਹਾਂ ਮੌਜੂਦ ਹਨ। ਪ੍ਰੇਮ ਪ੍ਰਕਾਸ਼ ਇਸੇ ਵਰਤਾਰੇ ਨੂੰ ਇਸ ਕਹਾਣੀ ਦੇ

ਕੇਂਦਰ ਵਿਚ ਰੱਖਦਾ ਹੈ। ਅਗਲੀ ਕਹਾਣੀ 'ਘਰ' ਅਜਿਹਾ ਸਿਰਲੇਖ ਹੈ ਜਿਸ ਉੱਤੇ ਪੰਜਾਬੀ ਵਿਚ ਬਹੁਤ ਕਹਾਣੀਆਂ ਲਿਖੀਆਂ ਗਈਆਂ ਹਨ। ਇਸ 'ਘਰ' ਕਹਾਣੀ ਦੇ ਕੇਂਦਰ ਵਿਚ ਅੰਤਰਜਾਤੀ ਵਿਆਹ ਦੇ ਰੁਮਾਂਸ ਅਤੇ ਵਾਸਤਵਿਕਤਾ ਦਾ ਚਿਤਰਣ ਹੈ। ਇਸ ਕਹਾਣੀ ਦੀ ਵਕਤਾ ਅਤੇ ਮੁਖ ਪਾਤਰ ਗੀਤਾ ਬ੍ਰਾਹਮਣ ਪਰਿਵਾਰ ਨਾਲ ਸਬੰਧਿਤ ਹੈ ਉਹ ਸੁਮੇਲ ਸਿੰਘ ਭੁੱਲਰ ਨਾਲ ਪਿਆਰ ਵਿਆਹ ਕਰਾਉਂਦੀ ਹੈ। ਇਹ ਵਿਆਹ ਉਹ ਪਰਿਵਾਰਕ ਮਰਿਆਦਾ ਤੋਂ ਬਾਹਰ ਜਾ ਕੇ ਕਰਾਉਂਦੀ ਹੈ। ਇਸ ਵਿਆਹ ਦੀ ਵਿਹਾਰਕਤਾ ਦੇ ਸੰਕਟ ਉਹ ਆਪਣੀ ਇਕ ਸਹੇਲੀ ਨੂੰ ਚਿੱਠੀ ਵਿਚ ਬਿਆਨ ਕਰਦੀ ਹੈ। ਪ੍ਰੇਮ ਪ੍ਰਕਾਸ਼ ਉਪਰੋਕਤ ਸਿਰਜਤ ਸਾਰੀਆਂ ਕਹਾਣੀਆਂ ਵਿਚ ਪਤੀ ਪਤਨੀ ਦੇ ਸਬੰਧਾਂ ਦੇ ਤਣਾਅ ਨੂੰ ਹੀ ਕਹਾਣੀ ਦੇ ਕਥਾਨਕ ਦਾ ਅਧਾਰ ਬਣਾਉਂਦਾ ਹੈ। ਦੋਹਾਂ ਦੀ ਜੀਵਨ ਜਾਚ ਅਤੇ ਉਸ ਚੋਂ ਉਪਜੇ ਵਿਹਾਰ ਵਿਚ ਅੰਤਰ ਹੈ। ਇਹ ਅੰਤਰ ਹੀ ਸੰਕਟ ਦਾ ਕਾਰਨ ਹੈ। ਇਨ੍ਹਾਂ ਤੋਂ ਬਿਨਾਂ ਕਹਾਣੀ 'ਲੱਛਮੀ' ਹੈ। ਇਹ ਕਹਾਣੀ ਭਾਰਤ ਦੀ ਜਾਤੀਗਤ ਦਰਜੇਬੰਦੀ ਨੂੰ ਚਿਤਰਦੀ ਹੈ। ਇਸ ਦਰਜੇਬੰਦੀ ਵਿਚ ਦਲਿਤ ਤੋਂ ਲੈ ਕੇ ਕਿਸਾਨੀ ਅਤੇ ਕਿਸਾਨੀ ਤੋਂ ਜਗੀਰਦਾਰੀ ਸਮਾਜ ਦੀਆਂ ਪਰਤਾਂ ਮੌਜੂਦ ਹਨ। ਰਾਜਸਥਾਨ ਤੋਂ ਕਿਸਾਨੀ ਪਿਛੋਕੜ ਵਾਲੇ ਬੱਚੇ ਸ਼ਹਿਰ ਦੇ ਜਿਸ ਵਿਅਕਤੀ ਤੋਂ ਰੋਟੀ ਲੈ ਕੇ ਖਾਂਦੇ ਅਤੇ ਲੱਸੀ ਮੰਗਦੇ ਹਨ ਜਦੋਂ ਘਰ ਦਾ ਮਾਲਕ ਉਨ੍ਹਾਂ ਨੂੰ ਆਪਣੇ ਦਲਿਤ ਹੋਣ ਬਾਰੇ ਦੱਸਦਾ ਹੈ ਤਾਂ ਉਨ੍ਹਾਂ ਬੱਚਿਆਂ ਦੇ ਵਿਹਾਰ ਅਤੇ ਚਿਹਰੇ ਤੋਂ ਅਧੀਨਤਾ ਦੀ ਥਾਂ ਸਵੈਮਾਨ ਜਾਗ ਜਾਂਦਾ ਹੈ, ਕਿਉਂਕਿ ਉਹ ਰਾਜਸਥਾਨ ਵਿਚ ਭਾਵੇਂ ਸਮਾਜਿਕ ਤੌਰ ਤੇ ਨੀਵੇਂ ਦਰਜੇ ਦੇ ਹਨ ਪ੍ਰੰਤੂ ਇਥੇ ਉਸ ਬਜ਼ੁਰਗ ਸਾਹਮਣੇ ਉਨ੍ਹਾਂ ਦਾ ਦਰਜਾ ਉੱਚਾ ਸੀ। ਪ੍ਰੇਮ ਪ੍ਰਕਾਸ਼ ਇਸ ਖਾਨੇ ਦੀਆਂ ਕਹਾਣੀਆਂ ਵਿਚ ਜਾਤ ਬਰਾਦਰੀ ਤੇ ਅਧਾਰਿਤ ਉਪ-ਸਭਿਆਚਾਰਕ ਸੰਕਟਾਂ ਨੂੰ ਕੇਂਦਰ ਵਿਚ ਰੱਖਦਾ ਹੈ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਇਹ ਵਸਤੂ-ਸਥਿਤੀ ਇਕ ਕਲਾਤਮਕ ਸੰਗਠਨ ਵਿਚ ਢਲੀ ਹੋਈ ਹੈ। ਪ੍ਰੇਮ ਪ੍ਰਕਾਸ਼ ਦੀ ਬਿਰਤਾਂਤਕ ਸੰਗਠਨਕਾਰੀ ਬਾਰੇ ਰਜਨੀਸ਼ ਬਹਾਦਰ ਸਿੰਘ ਲਿਖਦਾ ਹੈ, "ਪੰਜਾਬੀ ਕਹਾਣੀ ਵਿਚ ਜਿੰਨੇ ਕਲਾਤਮਕ ਤਜ਼ਰਬੇ ਪ੍ਰੇਮ ਪ੍ਰਕਾਸ਼ ਨੇ ਕੀਤੇ ਹਨ ਉਹ ਅੱਜ ਤੱਕ ਕਿਸੇ ਕਹਾਣੀਕਾਰ ਨੇ ਨਹੀਂ ਕੀਤੇ, ਉਹ ਪਾਤਰਾਂ ਵਿਚ ਲਿੰਗਕ ਸੰਬੋਧਨ ਪਰਿਵਰਤਨ ਵਿਧੀ ਤੋਂ ਲੈ ਕੇ ਸਵੈ-ਕਥਨ ਤਕ ਕਈ ਬਿਰਤਾਂਤਕ ਜੁਗਤਾਂ ਦੀ ਵਰਤੋਂ ਕਰਦਾ ਹੈ। ਇਹ ਜੁਗਤ ਪਰਿਵਰਤਨ ਕਹਾਣੀਕਾਰ ਲਈ ਅਗਲੀ ਪ੍ਰੀਖਿਆ ਹੁੰਦੀ ਹੈ। ਪਾਠਕ ਦਾ ਕਹਾਣੀਕਾਰ ਪ੍ਰਤੀ ਕਲਾਤਮਕ ਵਿਸ਼ਵਾਸ ਅਤੇ ਦ੍ਰਿਸ਼ਟੀਗਤ ਬਿੰਬ ਬਣਿਆ ਹੁੰਦਾ ਹੈ। ਇਸ ਲਈ ਆਪਣੀ ਬਣਾਈ ਕਲਾਤਮਕ ਮਿੱਥ ਨੂੰ ਤੋੜਨਾ ਚੁਣੌਤੀ ਬਣ ਜਾਂਦਾ ਹੈ। ਪ੍ਰੇਮ ਪ੍ਰਕਾਸ਼ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ।"[18] ਪ੍ਰੇਮ ਪ੍ਰਕਾਸ਼ ਦਾ ਕਥਾ ਸਿਰਜਣੀ ਵਰਤਾਰਾ ਗੁੰਝਲਦਾਰ ਹੈ। ਉਹ ਵਸਤੂਗਤ ਸੰਸਾਰ ਵਿਚੋਂ ਮਨੁੱਖੀ ਵਿਹਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਵਿਚ ਜਿਨ੍ਹਾਂ ਦੀ ਚੋਣ ਕਰਦਾ ਹੈ ਉਸ ਵਿਚ ਮਿੱਥ, ਧਰਮ ਅਤੇ ਸਾਂਸਕ੍ਰਿਤੀ ਪ੍ਰਮੁੱਖ ਹਨ। ਧਰਮ ਵਿਚ ਉਹ ਹਿੰਦੂ ਧਰਮ ਦੇ ਗਤੀਸ਼ੀਲ ਤੱਤਾਂ ਨੂੰ ਫੜ੍ਹਦਾ ਹੈ। ਮਿੱਥਾਂ ਵਿਚੋਂ ਮਨੁੱਖ ਦੇ ਵਿਹਾਰੀ ਤੱਤਾਂ ਦੀ ਪਛਾਣ ਕਰਦਾ ਹੈ। ਧਰਮ ਨਾਲ ਜੁੜੇ ਕਰਮ ਕਾਂਡ ਸਾਂਸਕ੍ਰਿਤੀ ਅਤੇ ਦਰਸ਼ਨ ਦਾ ਹਿੱਸਾ ਬਣ ਕੇ ਉਭਰਦੇ ਹਨ। ਇਸ ਤਰ੍ਹਾਂ ਉਹ ਪੰਜਾਬੀ ਬੰਦੇ ਦੀ ਪਰਿਕਲਪਨਾ ਨੂੰ ਭਾਰੂ ਮੱਧਕਾਲੀ ਪਰਿਕਲਪਨਾ ਤੋਂ ਪਾਰ ਲੈ ਜਾਂਦਾ ਹੈ। ਅਰਥਾਤ ਪੰਜਾਬੀ ਚਿੰਤਨ ਨੂੰ ਫੈਲਾਅ ਦਿੰਦਾ ਹੈ। ਇਹੀ ਮਹਾਜਨੀ ਸਾਂਸਕ੍ਰਿਤੀ ਦੀ ਚਾਲਕ ਸ਼ਕਤੀ ਹੈ। ਇਸ ਲਈ ਭਾਰੂ ਰੂਪ ਵਿਚ ਉੱਤਮਪੁਰਖੀ

ਬਿਰਤਾਂਤ ਵਿਧੀ ਦੀ ਵਰਤੋਂ ਕਰਦਾ ਹੈ। ਇਕ ਉੱਤਮ ਪੁਰਖ ਮੁਖ ਪਾਤਰ ਵੀ ਹੁੰਦਾ ਹੈ। ਇਸ ਲਈ ਲੇਖਕ ਦੀ ਅਨੁਭਵਮੁਖਤਾ ਦਾ ਅਨੁਭੂਤਕ ਤਤ ਕਥਾ ਬਿਰਤਾਂਤ ਨਹੀਂ ਪਾਠਕ ਦਾ ਪਾਤਰ ਵਿਚ ਵਿਸ਼ਾਵਸ ਪੈਦਾ ਕਰਨ ਵਾਲੀ ਜੁਗਤ ਵਜੋਂ ਸਾਹਮਣੇ ਆਉਂਦਾ ਹੈ। ਇਹ ਉੱਤਮ ਪੁਰਖੀ ਬਿਰਤਾਂਤ ਵਿਧੀ ਕਹਾਣੀ ਸੁਣਾਉਣ, ਕਹਾਣੀ ਚਿਤਵਣ ਤਕ ਦੀਆਂ ਵਿਧੀਆਂ ਉੱਤੇ ਫੈਲੀ ਹੋਈ ਹੈ। ਪ੍ਰੇਮ ਪ੍ਰਕਾਸ਼ ਇਕੋ ਕਹਾਣੀ ਵਿਚ ਕਈ ਵਿਧੀਆਂ ਵਰਤਣ ਦੀ ਮੁਹਾਰਤ ਰੱਖਦਾ ਹੈ। ਇਸ ਲਈ ਉਹ ਪਾਤਰਾਂ ਦੇ ਵਿਹਾਰ ਦੀਆਂ ਪਰਤਾਂ ਨੂੰ ਪਾਤਰਾਂ ਰਾਹੀਂ ਹੀ ਪੇਸ਼ ਕਰਦਾ ਹੈ। ਕਹਾਣੀ ਸੁਣਾਉਣ ਵਾਲੀ ਵਿਧਾ ਵਿਚ 'ਇਕ ਕਹਾਣੀ ਜਿਹੀ, ਕੱਚਕੜੇ, ਲਛਮੀ, ਬੰਗਲਾ, ਸਵੈਤਾਂਬਰ ਨੇ ਕਿਹਾ ਸੀ, ਅਨੁਸ਼ਠਾਨ ਅਜਿਹੀਆਂ ਹੀ ਕਹਾਣੀਆਂ ਹਨ। ਪ੍ਰੇਮ ਪ੍ਰਕਾਸ਼ ਦਾ ਇਕ ਮਹੱਤਵਪੂਰਨ ਨੁਕਤਾ ਇਸੇ ਵਿਧੀ ਵਿਚ ਪਾਤਰ ਦਾ ਆਪਣਾ ਪੱਖ ਅਤੇ ਦੂਜੇ ਬਾਰੇ ਟਿੱਪਣੀਆਂ ਚੋਂ ਬਿਆਨ ਹੁੰਦਾ ਹੈ। ਇਸ ਵਿਚ ਉਹ ਕਹਾਣੀ ਦੇ ਭਾਗ ਬਣਾ ਕੇ ਜਾਂ ਦੂਜੀ ਕਹਾਣੀ ਲਿਖ ਕੇ ਬਿਆਨ ਕਰਦਾ ਹੈ। ਮੁਕਤੀ-1 ਅਤੇ ਮੁਕਤੀ-2 ਇਸ ਦੀਆਂ ਪ੍ਰਮੁੱਖ ਉਦਾਹਰਣਾਂ ਹਨ। ਪਹਿਲੀ ਕਹਾਣੀ ਦਾ ਬਿਰਤਾਂਤਕਾਰ ਮਰਦ ਪਾਤਰ ਹੈ ਅਤੇ ਦੂਜੇ ਭਾਗ ਦੀ ਔਰਤ। ਇਨ੍ਹਾਂ ਦੋਹਾਂ ਵਿਚ ਇਕ ਸਥਿਤੀ ਉਭਰਦੀ ਹੈ ਜਿਹੜੀ ਕਹਾਣੀਆਂ ਨੂੰ ਅਜ਼ਾਦ ਹੋਣ ਉੱਤੇ ਵੀ ਇਕ ਦੂਜੇ ਦੀਆਂ ਪੂਰਕ ਬਣਾ ਦਿੰਦੀ ਹੈ। ਪ੍ਰੇਮ ਪ੍ਰਕਾਸ਼ 'ਸ਼ੋਲਡਰ ਬੈਗ' ਵਿਚ ਬਿਲਕੁਲ ਨਵਾਂ ਤਜ਼ਰਬਾ ਕਰਦਾ ਹੈ। ਪਹਿਲੇ ਭਾਗ ਵਿਚ ਔਰਤ ਕੇਂਦਰ ਵਿਚ ਹੈ। ਮਰਦ ਉਸ ਦੇ ਚਰਿੱਤਰ ਅਤੇ ਵਿਹਾਰ ਬਾਰੇ ਬਿਆਨਬਾਜ਼ੀ ਕਰਦਾ ਹੈ। ਪਾਠਕ ਸਾਹਮਣੇ ਕਹਾਣੀ ਦੀ ਮੁਖ ਪਾਤਰ ਦਾ ਕਾਲਾ ਪੱਖ ਅਰਥਾਤ ਮਰਦਾਂ ਨੂੰ ਪੌੜੀ ਬਣਾ ਕੇ ਸਫ਼ਲਤਾ ਪ੍ਰਾਪਤ ਕਰਨ ਵਾਲੀ ਦਾ ਉਭਰ ਕੇ ਸਾਹਮਣੇ ਆਉਂਦਾ ਹੈ ਪ੍ਰੰਤੂ ਦੂਜੇ ਭਾਗ ਵਿਚ ਨਾਰੀ ਪਾਤਰ ਆਪਣਾ ਪੱਖ ਬਿਆਨ ਕਰਦੀ ਹੈ। ਇਸੇ ਤਰ੍ਹਾਂ ਪ੍ਰੇਮ ਪ੍ਰਕਾਸ਼ ਚਿੱਠੀ ਪੱਤਰੀ ਦੀ ਵਿਧੀ ਦੀ ਵਰਤੋਂ ਕਰਦਾ ਹੈ। ਇਸ ਵਿਚ ਉੱਤਮ ਪੁਰਖੀ ਬਿਰਤਾਂਤ ਵਿਧੀ ਤੋਂ ਮੱਧਮ-ਪੁਰਖੀ ਬਿਰਤਾਂਤ ਵਿਧੀ ਦੀ ਵਰਤੋਂ ਕਰਨ ਲਗ ਜਾਂਦਾ ਹੈ। 'ਅਨੁਸ਼ਠਾਨ' ਅਤੇ 'ਘਰ' ਕਹਾਣੀਆਂ ਇਸ ਦੀਆਂ ਪ੍ਰਮੁੱਖ ਉਦਾਹਰਣਾਂ ਹਨ। ਇਹ ਦੋਵੇਂ ਕਹਾਣੀਆਂ ਇਕੋ ਜਿਹੀ ਬਿਰਤਾਂਤ ਵਿਧੀ ਦੇ ਬਾਵਜੂਦ ਸਮਾਜਿਕ ਸਾਂਸਕ੍ਰਿਤਕ ਪੱਖ ਤੋਂ ਇਕ ਦੂਜੇ ਤੋਂ ਵੱਖਰੇ ਲੋਕਾਂ ਉੱਤੇ ਖੜੀਆਂ ਹਨ। ਪ੍ਰੇਮ ਪ੍ਰਕਾਸ਼ ਜਿਹੀ ਕਲਾਤਮਕ ਚਮਤਕਾਰ ਅਨਯ-ਪੁਰਖੀ ਬਿਰਤਾਂਤ ਵਿਧੀ ਦੀ ਵਰਤੋਂ ਕਰਦੇ ਹੋਏ ਕਰਦਾ ਹੈ। ਅਜਿਹਾ ਕਰਦੇ ਹੋਏ ਉਹ ਬਾਹਰਮੁਖੀ ਵਰਤਾਰਿਆਂ ਅਤੇ ਮਨੋ ਖੇਤਰ ਵਿਚ ਚਲ ਰਹੀ ਕਸ਼ਮਕਸ਼ ਨੂੰ ਇਕੋ ਸਮੇਂ ਸੰਬੋਧਿਤ ਹੋਂਦ ਦੀ ਸਮਰੱਥਾ ਰੱਖਦਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਣ 'ਇਹ ਉਹ ਜਸਬੀਰ ਨਹੀਂ' ਹੈ। ਇਹ ਕਹਾਣੀ ਪੰਜਾਬ ਸਮੱਸਿਆ ਸਮੇਂ ਸਮਾਜਿਕ ਰਿਸ਼ਤਿਆਂ ਦੀ ਬਦਲਦੀ ਵਿਆਕਰਣ ਨੂੰ ਪੇਸ਼ ਕਰਦਾ ਹੈ। ਇਕ ਸੰਕਟ ਬਾਹਰ ਚਲ ਰਿਹਾ ਹੈ ਅਤੇ ਇਸ ਕਹਾਣੀ ਦੇ ਸਿੱਖ ਪਾਤਰ ਜਸਬੀਰ ਅਤੇ ਹਿੰਦੂ ਪਾਤਰ ਹਰੀ ਦੇ ਮਨ ਵਿਚ ਚਲ ਰਿਹਾ ਹੈ। ਸੰਕਟਗ੍ਰਸਤ ਸਥਿਤੀ ਵਿਚ ਦੋਹਾਂ ਵਿਚ ਮਾਨਵੀ ਰੈਲ ਬਾਕੀ ਹੈ। ਪ੍ਰਗਤੀਵਾਦੀ ਚਿੰਤਨ ਦਾ ਧਾਰਨੀ ਮਾਰਕਸਵਾਦੀ ਅਲੋਚਕ ਡਾ. ਟੀ.ਆਰ. ਵਿਨੋਦ ਇਸ ਸਥਿਤੀ ਨੂੰ ਇਸ ਪ੍ਰਕਾਰ ਬਿਆਨਦਾ ਹੈ। "ਇਹ ਕਹਾਣੀ ਭਾਰਤ ਦੇ ਪਛੜੇਵੇਂ ਦੇ ਮਾਰੇ ਹੋਏ ਪੂੰਜੀਵਾਦੀ ਢਾਂਚੇ ਉੱਤੇ ਤਿੱਖਾ ਵਿਅੰਗ ਕਰਦੀ ਹੋਈ ਕਾਮਿਆਂ ਵਿਚਕਾਰ ਮਾਨਵੀ ਸਾਂਝ ਦੇ ਮੁੱਲ ਦੀ ਤਰਜਮਾਨੀ ਕਰਦੀ ਹੈ ਅਤੇ ਉਨ੍ਹਾਂ ਦੀ ਬੇਦਾਰੀ ਦੀ ਕਾਮਨਾ ਦਾ ਗਲਪੀ ਬਿੰਬ ਮੂਰਤੀਮਾਨ ਕਰਦੀ ਹੈ।"[19] ਪ੍ਰੇਮ ਪ੍ਰਕਾਸ਼ ਵੱਖੋਂ ਵੱਖਰੀਆਂ ਬਿਰਤਾਂਤ ਜੁਗਤਾਂ ਰਾਹੀਂ ਵਰਣਾਤਮਕ ਅਤੇ ਸੰਜਮੀ ਸ਼ੈਲੀ

ਦੋਹਾਂ ਦੀ ਵਰਤੋਂ ਕਰਦਾ ਹੈ। ਉਸ ਦੀਆਂ ਕਹਾਣੀਆਂ ਦੀ ਲੰਬਾਈ ਉਸ ਦੀ ਕਥਾਵਸਤੂ ਅਤੇ ਆਂਤਰਿਕ ਸੰਗਠਨ ਉਤੇ ਨਿਰਭਰ ਕਰਦੀ ਹੈ। ਇਹੀ ਉਸ ਦੀ ਕਲਾਤਮਕ ਵਿਲੱਖਣਤਾ ਹੈ।

ਪ੍ਰੇਮ ਪ੍ਰਕਾਸ਼ ਜਿਸ ਸਮੇਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਉਹ ਸਮਾਂ ਪ੍ਰਗਤੀਵਾਦੀ ਚਿੰਤਨ ਦਾ ਦੌਰ ਸੀ। ਉਸ ਸਮੇਂ ਆਰਥਿਕਤਾ ਨੂੰ ਮਨੁੱਖੀ ਵਿਹਾਰ ਨੂੰ ਪ੍ਰਭਾਵਿਤ ਕਰਨ ਦਾ ਫੈਸਲਾਕੁੰਨ ਤੱਤ ਸਮਝਿਆ ਜਾਂਦਾ ਹੈ। ਕਹਾਣੀ ਵਿਚ ਗਲਪੀ ਤਰਕ ਨੂੰ ਯਥਾਰਥਵਾਦ ਦੀ ਕੋਟੀ ਅਧੀਨ ਬਿਆਨਿਆ ਜਾਂਦਾ ਹੈ। ਲੇਖਕ ਦੀ ਇਕ ਧਿਰ ਦੀ ਪਛਾਣ ਕੀਤੀ ਜਾਂਦੀ ਸੀ। ਪ੍ਰੇਮ ਪ੍ਰਕਾਸ਼ ਇਸ ਤਰਕ ਨੂੰ ਇਹ ਕਹਿ ਕੇ ਬਿਆਨ ਕਰਦਾ ਸੀ ਕਿ 'ਸੱਚ ਉਹ ਹੈ ਜੋ ਸਥਿਤੀਆਂ ਸਿਰਜਦੀਆਂ ਹਨ' ਇਸ ਤਰ੍ਹਾਂ ਪ੍ਰੇਮ ਪ੍ਰਕਾਸ਼ ਤਰਕਸ਼ੀਲ ਤਾਂ ਹੈ ਸੀ ਨਾਲ ਹੀ ਸਥਾਪਿਤ ਕਰਦਾ ਸੀ ਕਿ ਸਥਿਤੀਆਂ ਆਰਥਿਕਤਾ ਦੀ ਥਾਂ ਧਰਮ, ਦਰਸ਼ਨ, ਕਾਮ ਅਤੇ ਸਾਂਸਕ੍ਰਿਤੀ ਵਿਚੋਂ ਹੋਂਦ ਗ੍ਰਹਿਣ ਕਰਦੀਆਂ ਸਨ। ਉਸ ਲਈ ਸੰਘਰਸ਼ ਬਾਹਰਮੁਖੀ ਸਥਿਤੀਆਂ ਨੂੰ ਨਾਲ-ਨਾਲ ਵਿਅਕਤੀ ਦੇ ਮਨ ਵਿਚ ਵੀ ਚਲਦਾ ਹੈ। ਬਾਹਰਮੁਖੀ ਸਮਾਜ ਵਿਚ ਘਟਨਾ ਤਾਂ ਵਾਪਰ ਜਾਂਦੀ ਹੈ ਪ੍ਰੰਤੂ ਉਹ ਮਾਨਸਿਕ ਗੁੰਝਲਾਂ ਦਾ ਬਾਇਸ ਬਣ ਜਾਂਦੀ ਹੈ। ਕਾਮ ਨਾਲ ਸਬੰਧਿਤ ਨੈਤਿਕਤਾ/ਅਨੈਤਿਕਤਾ ਦਾ ਮਸਲਾ ਸਮਾਜਿਕਤਾ ਤੋਂ ਪੈਦਾ ਹੁੰਦਾ ਹੈ ਪ੍ਰੰਤੂ ਇਹ ਵਰਤਾਰਾ ਕੁਦਰਤੀ ਲੋੜਾਂ ਵਿਚੋਂ ਸੁਭਾਵਿਕ ਰੂਪ ਵਿਚ ਪੈਦਾ ਹੁੰਦਾ ਹੈ ਪ੍ਰੰਤੂ ਸਾਂਸਕ੍ਰਿਤੀ ਅਧੀਨ ਪਾਪ/ਪੁੰਨ ਵਿਚ ਬਦਲ ਜਾਂਦਾ ਹੈ। ਧਰਮ ਨਾਲ ਜੁੜੇ ਹੋਏ ਕਰਮਕਾਂਡ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਕਰਮਕਾਂਡ ਉਸ ਲਈ ਮਨੁੱਖੀ ਜੀਵਨ ਦੀ ਚਾਲਕ ਸ਼ਕਤੀ ਹੈ। ਇਸੇ ਲਈ ਉਸ ਦੀਆਂ ਕਹਾਣੀਆਂ ਵਿਚ ਸਥਿਤੀ ਸਬੰਧੀ ਕੋਈ ਨਿਰਣਾ ਨਹੀਂ ਕਰਦਾ ਸਗੋਂ ਸੰਭਾਵਨਾਵਾਂ ਵਿਅਕਤ ਕਰਦਾ ਹੈ। ਇਸ ਲਈ ਉਸ ਦੀਆਂ ਕਹਾਣੀਆਂ ਦਾ ਤਰਕ ਕਿਸੇ ਮਕੈਨੀਕਲ ਫਾਰਮੂਲੇ ਉੱਤੇ ਅਧਾਰਿਤ ਨਹੀਂ ਹੁੰਦਾ। ਇਸੇ ਲਈ ਪ੍ਰੇਮ ਪ੍ਰਕਾਸ਼ ਨੂੰ ਮਨੋਵਿਗਿਆਨਕ ਦ੍ਰਿਸ਼ਟੀਗਤ ਪਾਸਾਰਾਂ ਵਾਲੇ ਕਹਾਣੀਕਾਰਾਂ ਦੀ ਕੋਟੀ ਵਿਚ ਰੱਖਿਆ ਜਾਂਦਾ ਹੈ। ਬਹੁਤੇ ਆਲੋਚਕ ਉਸ ਦੀਆਂ ਕਹਾਣੀਆਂ ਦੀਆਂ ਧਿਰਾਂ ਦੀ ਲਿੰਗਕ ਪਛਾਣ ਕਰਦੇ ਹੋਏ ਉਸਨੂੰ ਔਰਤ-ਮਰਦ ਸਬੰਧਾਂ ਦੀਆਂ ਕਹਾਣੀਆਂ ਲਿਖਣ ਵਾਲਾ ਕਹਾਣੀਕਾਰ ਕਹਿ ਦਿੰਦੇ ਹਨ। ਅਸਲ ਵਿਚ ਉਹ ਸਮਾਜ ਵਿਗਿਆਨੀ ਤੱਤਾਂ ਦੀ ਸੂਝ ਵਾਲਾ ਕਹਾਣੀਕਾਰ ਹੈ।

ਪ੍ਰੇਮ ਪ੍ਰਕਾਸ਼ ਅਧੁਨਿਕ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਤੀਜੀ ਪੀੜ੍ਹੀ ਦਾ ਅਜਿਹਾ ਕਹਾਣੀਕਾਰ ਹੈ ਜਿਹੜਾ ਪੰਜਾਬੀ ਕਹਾਣੀ ਵਿਚ ਵਿੱਡ (Rapture) ਮਾਰਦਾ ਹੈ। ਉਸ ਨਾਲ ਪੰਜਾਬੀ ਕਹਾਣੀ ਵਿਚ ਪੈਰਾਡਾਇਮਕ ਤਬਦੀਲੀ ਆਉਂਦੀ ਹੈ ਪੰਜਾਬੀ ਕਹਾਣੀ ਪੂਰਵ-ਨਿਸਚਤ ਧਾਰਨਾਵਾਂ ਤੋਂ ਮੁਕਤ ਹੁੰਦੀ ਹੈ। ਇਹ ਮੁਕਤੀ ਦ੍ਰਿਸ਼ਟੀਗਤ ਪੱਧਰ ਤਕ ਹੀ ਸੀਮਤ ਨਹੀਂ ਸਗੋਂ ਪੰਜਾਬੀ ਕਹਾਣੀ ਆਪਣੀਆਂ ਸਾਂਸਕ੍ਰਿਤਕ ਸੀਮਾਵਾਂ ਨੂੰ ਵੀ ਉਲੰਘਦੀ ਹੈ ਉਹ ਮੱਧਕਾਲੀ ਇਤਿਹਾਸਕ ਸੀਮਾ ਤੋਂ ਮੁਕਤ ਹੋ ਕੇ ਵੈਦਿਕ ਕਾਲ ਤਕ ਫੈਲਦੀ ਹੈ। ਉਹ ਕਹਾਣੀ ਨੂੰ ਦੋਮੇਲ-ਮੁਖਤਾ ਵਿਚ ਵੀ ਫੈਲਾਉਂਦਾ ਹੈ। ਕਿਸਾਨੀ/ਮਜ਼ਦੂਰ ਅਧਾਰਿਤ ਪੇਂਡੂ ਸਮਾਜ ਤੋਂ ਮਹਾਜਨੀ ਸਭਿਆਚਾਰ/ਸਾਂਸਕ੍ਰਿਤੀ ਤਕ ਪੰਜਾਬੀ ਕਹਾਣੀ ਦਾ ਕਲੇਵਰ ਵਿਸ਼ਾਲ ਕਰਦਾ ਹੈ। ਦਰਸ਼ਨ ਨਾਲ ਜੁੜੇ ਹੋਏ ਵੱਡੇ ਪ੍ਰਸ਼ਨ ਉਸ ਦੀਆਂ ਕਹਾਣੀਆਂ ਵਿਚੋਂ ਉਭਰਦੇ ਹਨ। ਉਹ ਕਲਾਤਮਕ ਪੱਧਰ ਉੱਤੇ ਵੀ ਪੰਜਾਬੀ ਕਹਾਣੀ ਨੂੰ ਕਿਸੇ ਖੇਤਰੀ ਸੂਤਰ ਵਿਚ ਬੰਨਣ ਦੀ ਥਾਂ ਉਸ ਨੂੰ ਬ੍ਰਹਿਮੰਡਲੀ ਪੱਧਰ ਉੱਤੇ ਅਰਥਾਤ ਵੱਡੇ ਕੈਨਵਸ ਉੱਤੇ ਫੈਲਾਅ ਦਿੰਦਾ ਹੈ। ਉਸ ਦੀ ਕਹਾਣੀ ਅੱਗੇ ਵਿਕਾਸ ਕਰਨ ਤੋਂ ਅੜ ਗਈ ਹੈ ਤਾਂ ਉਸਨੇ 'ਪਦਮਾ ਦਾ ਪੈਰ'

(2009) ਤੋਂ ਬਾਅਦ ਕੋਈ ਕਹਾਣੀ ਨਹੀਂ ਲਿਖੀ ਕਿਉਂਕਿ ਉਹ ਹਮੇਸ਼ਾ ਨਵਾਂ ਕਰਨ, ਨਵੇਂ ਖੇਤਰ ਵਿਚ ਪ੍ਰਵੇਸ਼ ਕਰਨ ਦਾ ਤਲਬਗ਼ਾਰ ਰਿਹਾ ਹੈ। ਇਹੀ ਉਸ ਦੀ ਵਡਿਆਈ ਅਤੇ ਵਿਲੱਖਣਤਾ ਹੈ ਜਿਹੜੀ ਪ੍ਰੇਮ ਪ੍ਰਕਾਸ਼ ਨੂੰ 'ਪ੍ਰੇਮ ਪ੍ਰਕਾਸ਼, ਬਣਾਉਂਦੀ ਹੈ।

**ਹਵਾਲੇ**


1. ਰਜਨੀਸ਼ ਬਹਾਦਰ ਸਿੰਘ, ਪੰਜਾਬੀ ਕਹਾਣੀ, ਪੰਨਾ 28
2. ਪ੍ਰੇਮ ਪ੍ਰਕਾਸ਼, ਮੇਰੀ ਚੋਣਵੀਆਂ ਕਹਾਣੀਆਂ (ਸੰਪਾਦਕੀ) ਰਜਨੀਸ਼ ਬਹਾਦਰ ਸਿੰਘ, ਪੰਨਾ 8
3. ਜੋਗਿੰਦਰ ਸਿੰਘ ਰਾਹੀ, ਰਮਿੰਦਰ ਕੌਰ, ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਕਪਾਲਾ, ਪੰਨਾ 9-10
4. ਪ੍ਰੇਮ ਪ੍ਰਕਾਸ਼, ਕਥਾ ਅਨੰਤ, ਪੰਨਾ 97
5. ਪ੍ਰੇਮ ਪ੍ਰਕਾਸ਼, ,, ਪੰਨਾ 245
6. ਰਜਨੀਸ਼ ਬਹਾਦਰ ਸਿੰਘ (ਸੰਪਾ.) ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਪਾਠਗਤ ਵਿਸ਼ਲੇਸ਼ਣ, ਪੰਨਾ 8
7. ਡਾ. ਦਿਲਜੀਤ ਸਿੰਘ, ਪ੍ਰੇਮ ਪ੍ਰਕਾਸ਼ ਦੀ ਕਹਾਣੀ: ਬਿਰਤਾਂਤ ਦ੍ਰਿਸ਼ਟੀ ਦਾ ਅਧਿਐਨ, ਪ੍ਰੇਮ ਪ੍ਰਕਾਸ਼ ਦੀ ਕਥਾ ਦਾ ਅੰਤਰ-ਬੋਧ (ਸੰਪਾ.) ਤੇਜਵੰਤ ਸਿੰਘ ਗਿੱਲ, ਪੰਨਾ 46
8. ਡਾ. ਤੇਜਵੰਤ ਸਿੰਘ ਗਿੱਲ (ਸੰਪਾ.) ਪ੍ਰੇਮ ਪ੍ਰਕਾਸ਼ ਦੀਆਂ ਕਥਾ ਦਾ ਅੰਤਰ-ਬੋਧ, ਪੰਨਾ 80
9. ਡਾ. ਸਤਿੰਦਰ ਔਲਖ, ਪ੍ਰੇਮ ਪ੍ਰਕਾਸ਼ ਦੀ ਕਹਾਣੀ ਲਿੰਗਕਤਾ, ਮੌਤ ਤੇ ਸਮਾਜ, ਪ੍ਰੇਮ ਪ੍ਰਕਾਸ਼ ਦੀ ਕਥਾ ਦਾ ਅੰਤਰ-ਬੋਧ (ਸੰਪਾ.) ਤੇਜਵੰਤ ਸਿੰਘ ਗਿੱਲ, ਪੰਨਾ 102
10. ਭੂਸ਼ਣ, ਪ੍ਰੇਮ ਪ੍ਰਕਾਸ਼ ਨਾਲ ਗੱਲਾਂ, ਪੰਨਾ 18
11. ਪ੍ਰੇਮ ਪ੍ਰਕਾਸ਼, ਕਥਾ ਅਨੰਤ, ਪੰਨਾ 497
12. ਉਹੀ, ਪੰਨਾ 243
13. ਉਹੀ, ਪੰਨਾ 13
14. ਪ੍ਰੇਮ ਪ੍ਰਕਾਸ਼, ਪੰਨਾ 363
15. ਜੋਗਿੰਦਰ ਸਿੰਘ ਰਾਹੀ, ਰਮਿੰਦਰ ਕੌਰ, ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਕਪਾਲ, ਪੰਨਾ 41
16. ਡਾ. ਸਤਿੰਦਰ ਔਲਖ, ਪ੍ਰੇਮ ਪ੍ਰਕਾਸ਼ ਦੀ ਕਹਾਣੀ ਲਿੰਗਕਤਾ, ਮੌਤ ਤੇ ਸਮਾਜ, ਪ੍ਰੇਮ ਪ੍ਰਕਾਸ਼ ਦੀ ਕਥਾ ਦਾ ਅੰਤਰ-ਬੋਧ (ਸੰਪਾ.) ਤੇਜਵੰਤ ਸਿੰਘ ਗਿੱਲ, ਪੰਨਾ 104
17. ਪ੍ਰੇਮ ਪ੍ਰਕਾਸ਼, ਕਥਾ ਅਨੰਤ, ਪੰਨਾ 299
18. ਰਜਨੀਸ਼ ਬਹਾਦਰ ਸਿੰਘ (ਸੰਪਾ.) ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਪਾਠਗਤ ਵਿਸ਼ਲੇਸ਼ਣ, ਪੰਨਾ 8
19. ਡਾ. ਟੀ.ਆਰ. ਵਿਨੋਦ, ਇਹ ਉਹ ਜਸਬੀਰ ਨਹੀਂ, ਪਾਠ ਤੇ ਪ੍ਰਸੰਗ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਪਾਠਗਤ ਵਿਸ਼ਲੇਸ਼ਣ (ਸੰਪਾ.) ਰਜਨੀਸ਼ ਬਹਾਦਰ ਸਿੰਘ, ਪੰਨਾ 66

# ਸਮਕਾਲੀ ਸਾਹਿਤ ਨੂੰ ਵਾਚਦਿਆਂ

**ਕੁਲਵੰਤ ਸਿੰਘ ਸੰਧੂ**

ਸਮਕਾਲੀ ਸਾਹਿਤ ਦੇ ਪ੍ਰਸੰਗ ਵਿਚ ਗੱਲ ਕਰਦਿਆਂ 'ਸਮਕਾਲ' ਸੰਕਲਪ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਇਕ ਪਾਸੇ ਇਸ ਦਾ ਸੰਬੰਧ ਅਜੋਕੇ ਸਮੇਂ ਨਾਲ ਜੁੜਿਆ ਹੁੰਦਾ ਹੈ, ਪਰ ਨਾਲ ਹੀ ਇਹ 'ਅਜੋਕੇ' ਨੂੰ ਸਿਰਫ਼ ਅੱਜ ਦੇ ਪ੍ਰਸੰਗ ਵਿਚ ਨਹੀਂ, ਸਗੋਂ ਇਸ ਤੋਂ ਵਧੇਰੇ ਮੋਕਲੇ ਅਰਥਾਂ ਵਿਚ ਪ੍ਰਭਾਸ਼ਿਤ ਕਰਦਾ ਹੈ। ਸਾਹਿਤ ਦੇ ਪ੍ਰਸੰਗ ਵਿਚ ਇਹ ਸ਼ਬਦ ਹੋਰ ਵੀ ਵਿਸ਼ਾਲ ਤੇ ਖੁਲ੍ਹੇ ਅਰਥਾਂ ਵਾਲਾ ਹੁੰਦਾ ਹੈ ਤੇ ਇਸ ਨੂੰ ਕਿਸੇ ਵਿਸ਼ੇਸ਼ ਸਮੇਂ ਸੀਮਾ ਵਿਚ ਬੰਨ੍ਹਣ ਲਈ ਕੋਈ ਪੱਕੇ-ਪੀਡੇ ਨਿਯਮ ਇਸ 'ਤੇ ਨਹੀਂ ਥੋਪੇ ਜਾ ਸਕਦੇ, ਜਦ ਤੱਕ ਸਮਾਜ ਵਿਚਲੀਆਂ ਤਬਦੀਲੀਆਂ ਆਪਣੀ ਤੋਰ ਵਿਚ ਕੋਈ ਅਜੇਹਾ ਛੜੱਪਾ ਨਹੀਂ ਮਾਰ ਦੇਂਦੀਆਂ ਕਿ ਅਜੋਕੀਆਂ ਤਬਦੀਲੀਆਂ ਪਹਿਲੀਆਂ ਨਾਲੋਂ ਮੂਲੋਂ ਹੀ ਵੱਖਰੀਆਂ ਨਜ਼ਰ ਆਉਣ ਲੱਗ ਜਾਣ ਉਦੋਂ ਤੱਕ ਦੀਆਂ ਸਮੁੱਚੀਆਂ ਤਬਦੀਲੀਆਂ ਨੂੰ ਬਿਨਾਂ ਕਿਸੇ ਸਮੇਂ ਦੀ ਬੰਧਿਸ਼ ਦੇ ਸਮਕਾਲ ਕਹਿ ਕੇ ਹੀ ਸੰਬੋਧਿਤ ਹੋਇਆ ਜਾ ਸਕਦਾ ਹੈ। ਇਸੇ ਪ੍ਰਸੰਗ ਵਿਚ ਹੀ ਅਸੀਂ ਸਮਕਾਲੀ ਸਾਹਿਤ ਨੂੰ ਵਾਚਣ/ਸਮਝਣ ਦਾ ਯਤਨ ਕਰਦੇ ਹਾਂ।

ਇਸ ਵਾਰ 'ਸਮਕਾਲੀ ਸਾਹਿਤ ਨੂੰ ਵਾਚਦਿਆਂ' ਹੇਠ ਲਿਖੀਆਂ ਪੁਸਤਕਾਂ ਸ਼ਾਮਲ ਹਨ, ਜੋ ਵੱਖ-ਵੱਖ ਸਾਹਿਤਕ ਵਿਧਾਵਾਂ ਨਾਲ ਸੰਬੰਧਿਤ ਹਨ:-

1. ਬਲਦੇਵ ਸਿੰਘ, ਬਲਦੇ ਦਰਿਆ (ਨਾਵਲ), ਲੋਕ ਗੀਤ ਪ੍ਰਕਾਸ਼ਨ, ਮੋਹਾਲੀ, 2020
2. ਮਨਮੋਹਨ ਬਾਵਾ, ਪ੍ਰਕ੍ਰਿਤੀ ਦੇ ਰੰਗ ਹਜ਼ਾਰ (ਨਾਵਲ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021
3. ਦਵਿੰਦਰ ਦਮਨ, ਸਾਖੀ (ਨਾਟਕ), ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2021
4. ਸੁਕੀਰਤ (ਸੰਪ.) 2020 ਦੀਆਂ ਪ੍ਰਤੀਨਿੱਧ ਕਹਾਣੀਆਂ, ਪੀਪਲਜ਼, ਫੋਰਮ, ਬਰਗਾੜੀ, 2021
5. ਅਰਵਿੰਦਰ ਕੌਰ ਧਾਲੀਵਾਲ, ਝਾਂਜਰਾਂ ਵਾਲੇ ਪੈਰ (ਕਹਾਣੀਆਂ) ਚੇਤਨਾ ਪ੍ਰਕਾਸ਼ਨ, ਲੁਧਿਆਣਾ
6. ਹਰਪ੍ਰੀਤ ਸਿੰਘ ਚੰਨੂ, ਸੱਥਰ (ਕਹਾਣੀਆਂ), ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2021
7. ਜੋਗਿੰਦਰ ਬਾਠ ਹਾਲੈਂਡ, ਜੱਟ ਮਕੈਨੀਕਲ (ਯ. ਵਾਰਤਕ), ਸ਼ਹੀਦ ਭਗਤ ਸਿੰਘ ਪ੍ਰਕਾਸ਼ਨ ਸਾਦਿਕ, 2020

ਬਲਦੇਵ ਸਿੰਘ ਪੰਜਾਬੀ ਜ਼ੁਬਾਨ ਦਾ ਊਰਜਾ ਭਰਭੂਰ ਨਾਵਲਕਾਰ ਹੈ। ਉਸ ਦੇ ਨਾਵਲਾਂ ਦੇ ਵਿਸ਼ੇ ਇਤਹਾਸ ਤੋਂ ਲੈ ਕੇ ਸਮਕਾਲੀ ਜੀਵਨ ਤੱਕ ਫੈਲੇ ਹੋਏ ਹਨ। ਹੱਥਲਾ ਨਾਵਲ 'ਬਲਦੇ ਦਰਿਆ' ਅਜੋਕੇ ਸਮੇਂ ਦੀ ਸਭ ਤੋਂ ਵੱਡੀ ਸਮੱਸਿਆ ਨੂੰ ਆਪਣਾ ਵਿਸ਼ਾ ਬਣਾਉਂਦਾ ਹੈ। ਪਿਛਲੇ ਸਮਿਆਂ ਤੋਂ ਪੰਜਾਬ ਰਾਜਨੀਤਿਕ ਲੀਡਰਸ਼ਿਪ, ਅਫ਼ਸਰਸ਼ਾਹੀ ਤੇ ਖ਼ੁਦ ਪੰਜਾਬੀ ਲੋਕਾਂ ਦੀ ਬੇ-ਰੁਖ਼ੀ ਦਾ ਸ਼ਿਕਾਰ ਬਣਿਆ ਹੋਇਆ। ਅਜੇਹੇ ਹਾਲਾਤ ਨੇ ਪੰਜਾਬ ਨੂੰ ਅਜੇਹੀ ਸਥਿਤੀ ਵਿਚ ਧੱਕ ਦਿੱਤਾ ਹੈ, ਜਿਸ ਵਿਚੋਂ ਨਿਕਲਣ ਦਾ ਕੋਈ ਰਾਹ ਨਜ਼ਰ ਨਹੀਂ ਆਉਂਦਾ। ਨਵੀਂ ਪੀੜ੍ਹੀ ਦੇ ਸੁਪਨੇ ਬਹੁਤ ਵੱਡੇ ਹਨ, ਪਰ ਉਨ੍ਹਾਂ ਨੂੰ ਹਕੀਕਤ ਵਿਚ ਤਬਦੀਲ ਕਰਨ ਲਈ

ਉਸ ਕੋਲ ਸਬਰ ਤੇ ਮਿਹਨਤ ਦੀ ਘਾਟ ਹੈ। ਮੱਧ-ਸ਼੍ਰੇਣੀ ਨੇ ਜਿਸ ਤਰ੍ਹਾਂ ਆਪਣੀ ਅਗਲੀ ਪੀੜ੍ਹੀ ਨੂੰ ਪ੍ਰਵਾਨ ਚੜ੍ਹਾਇਆ ਹੈ। ਉਸ ਨੇ ਨਵੀਂ ਪੀੜ੍ਹੀ ਵਿਚੋਂ ਕਿਰਤ ਦੇ ਗੌਰਵ ਨੂੰ ਮਨਫ਼ੀ ਕਰ ਦਿੱਤਾ ਹੈ। ਨਾਵਲ ਦਾ ਕੇਂਦਰੀ ਪਾਤਰ, ਇਕ ਅਧਿਆਪਕ ਜੋੜੇ ਦੀ ਇਕਲੌਤੀ ਔਲਾਦ ਹੈ, ਜੋ ਬਾਹਰ ਜਾਣ ਦਾ ਚਾਹਵਾਨ ਹੈ, ਪਰ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰ ਸਕਣ ਦੇ ਸਮਰੱਥ ਨਹੀਂ। ਇਸ ਕਰਕੇ ਇਕ ਦਲਿਤ ਲੜਕੀ ਨਾਲ, ਜੋ ਸਾਧਨਾਂ ਦੀ ਘਾਟ ਕਰਕੇ ਯੋਗ ਹੁੰਦੀ ਹੋਈ ਵੀ ਵਿਦੇਸ਼ ਪੜ੍ਹਨ ਜਾਣ ਦੇ ਸਮਰੱਥ ਨਹੀਂ, ਨਾਲ ਵਿਆਹ ਕਰਕੇ ਬਾਹਰ ਜਾਣ ਦਾ ਯਤਨ ਕਰਦਾ ਹੈ। ਨਸ਼ਿਆਂ ਵਿਚ ਗ੍ਰਸੇ ਇਸ ਨੌਜਵਾਨ ਨਾਲ ਵੀ ਉਹੀ ਕੁਛ ਵਾਪਰਦਾ ਹੈ, ਜੋ ਅਸੀਂ ਆਪਣੇ ਆਲੇ-ਦੁਆਲੇ ਵੇਖਦੇ/ਸੁਣਦੇ ਹਾਂ। ਇਸ ਦੇ ਸਮਾਨਾਂਤਰ ਹੀ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਵੀ ਨਾਵਲ ਦਾ ਵਿਸ਼ਾ ਬਣਾਇਆ ਗਿਆ ਹੈ, ਪਰ ਇਹ ਸੰਘਰਸ਼ ਕਿਸੇ ਗਲਪੀ ਬਿੰਬ ਵਿਚ ਢਲ ਕੇ ਪੇਸ਼ ਨਹੀਂ ਹੁੰਦਾ। ਸਮੁੱਚੇ ਰੂਪ ਵਿਚ ਇਹ ਬਹੁਤ ਹੀ ਸਾਧਾਰਨ ਪੱਧਰ ਦਾ ਨਾਵਲ ਹੈ ਜੋ ਸਿਰਫ਼ ਇਕ ਦਸਤਾਵੇਜ਼ੀ ਹੈਸੀਅਤ ਤੱਕ ਸਿਮਟ ਕੇ ਰਹਿ ਜਾਂਦਾ ਹੈ। ਕਲਾਤਮਿਕ ਰਚਨਾ ਨਹੀਂ ਬਣ ਸਕਿਆ।

ਮਨਮੋਹਨ ਬਾਵਾ ਪੰਜਾਬੀ ਦਾ ਬਹੁ-ਵਿਧਾਈ ਸਾਹਿਤਕਾਰ ਹੋਣ ਦੇ ਨਾਲ-ਨਾਲ ਆਪਣੇ ਵਿਸ਼ਿਆਂ ਦੀ ਵੱਖਰਤਾ ਕਰਕੇ ਵੀ ਜਾਣਿਆ ਜਾਂਦਾ ਹੈ। ਉਸ ਦਾ ਹੱਥਲਾ ਨਾਵਲ 'ਪ੍ਰਕ੍ਰਿਤੀ ਦੇ ਰੰਗ ਹਜ਼ਾਰ' ਆਪਣੇ ਨਾਮ ਤੋਂ ਸਫ਼ਰਨਾਮਾ ਪ੍ਰਤੀਤ ਹੁੰਦਾ ਹੈ, ਇਸ ਦੀ ਵਿਧੀ ਵੀ ਸਫ਼ਰਨਾਮੇ ਵਾਲੀ ਹੀ ਹੈ। ਬਾਵਾ ਜੀ ਪਿਛਲੇ ਸੱਤ ਦਹਾਕਿਆਂ ਤੋਂ ਵੱਧ ਸਮੇਂ ਤੋਂ ਘੁੰਮ-ਫਿਰ ਕੇ ਹਾਸਲ ਕੀਤੇ ਗਿਆਨ ਤੇ ਅਨੁਭਵਾਂ ਨੂੰ ਸਹਿਤਕ ਵਿਧਾਵਾਂ ਵਿਚ ਪੇਸ਼ ਕਰਨ ਵਾਲੇ ਲੇਖਕ ਦੇ ਰੂਪ ਵਿਚ ਜਾਣੇ ਜਾਂਦੇ ਹਨ। ਇਸ ਨਾਵਲ ਵਿਚ ਵੀ ਉਨ੍ਹਾਂ ਨੇ ਪਾਂਗਵਾਦੀ ਜਾਂ ਚੰਦਰਭਾਗਾਵਾਦੀ ਦੇ ਜੀਵਨ/ਸਭਿਆਚਾਰ ਨੂੰ ਪੇਸ਼ ਕੀਤਾ ਹੈ। ਇੱਥੋਂ ਦੇ ਸਹਿਜ ਜੀਵਨ ਤੇ ਸਭਿਆਚਾਰ ਦੇ ਨਾਲ-ਨਾਲ ਭਾਰਤੀ ਦਰਸ਼ਨ ਦੇ ਪ੍ਰਸੰਗ ਵਿਚ ਵੀ ਇਸ ਰਚਨਾ ਵਿਚ ਬਹੁਤ ਸਾਰੀਆਂ ਅੰਤਰ-ਦ੍ਰਿਸ਼ਟੀਆਂ ਨੂੰ ਪੇਸ਼ ਕੀਤਾ ਗਿਆ ਹੈ। ਤੱਰਕੀ ਤੇ ਵਿਕਾਸ ਦੇ ਨਾਂ ਤੇ ਕਿਸ ਤਰ੍ਹਾਂ ਕੁਝ ਲੋਕਾਂ ਦੀਆਂ ਅਕਾਂਖਿਆਵਾਂ ਦੀ ਪੂਰਤੀ ਲਈ ਇੱਥੋਂ ਦੇ ਕੁਦਰਤੀ ਸਾਧਨਾਂ ਨੂੰ ਵਰਤਿਆ ਜਾ ਰਿਹਾ ਹੈ। ਇਸ ਦੇ ਬਹੁਤ ਸਾਰੇ ਵੇਰਵੇ ਇਸ ਰਚਨਾ ਵਿਚੋਂ ਮਿਲ ਜਾਂਦੇ ਹਨ। ਨਾਵਲ ਦੇ ਕੇਂਦਰੀ ਪਾਤਰ ਅਮਰ ਦਾ ਵਿਅਕਤੀਤਵ ਬਹੁਤ ਹੀ ਸਹਿਜਤਾ ਨਾਲ ਆਪਣਾ ਸਰੂਪ ਗ੍ਰਹਿਣ ਕਰਦਾ ਹੈ। ਉਸ ਦੇ ਸੰਬੰਧਾਂ ਨੂੰ ਜਿਸ ਤਰ੍ਹਾਂ ਚਿਤਰਿਆ ਗਿਆ ਹੈ। ਉਹ ਬਹੁਤ ਹੀ ਕਲਾਤਮਿਕ ਹੈ। ਇਹ ਸਫ਼ਰਨਾਮਾ ਨੁਮਾ ਨਾਵਲ ਪੰਜਾਬੀ ਨਾਵਲ ਵਿਚ ਵੱਖਰਤਾ ਵਾਲਾ ਤੇ ਪੜ੍ਹਨਯੋਗ ਰਚਨਾ ਹੈ।

ਦਵਿੰਦਰ ਦਮਨ ਪ੍ਰਤਿਬੱਧ ਰੰਗ ਕਰਮੀ ਤੇ ਨਾਟਕਕਾਰ ਹੈ, ਜੋ ਪੰਜਾਬ ਦੇ ਇਤਹਾਸ ਤੇ ਸਮਕਾਲ ਨੂੰ ਰੰਗ ਮੰਚ ਤੇ ਨਾਟਕਾਂ ਰਾਹੀਂ ਲੋਕਾਂ ਸਾਹਮਣੇ ਪੇਸ਼ ਕਰ ਰਿਹਾ ਹੈ। ਰੰਗਮੰਚ ਬਹੁਤ ਸ਼ਕਤੀਸ਼ਾਲੀ ਮਾਧਿਅਮ ਹੈ, ਪਰ ਪੰਜਾਬੀ ਮਨ ਅਜੇ ਵੀ ਇਸ ਬਾਰੇ ਵਧੇਰੇ ਸੁਚੇਤ ਨਹੀਂ। 'ਸਾਖੀ' ਦਮਨ ਦਾ ਨਵਾਂ ਨਾਟਕ ਹੈ ਜੋ ਕਿਸਾਨੀ ਦੇ ਸੰਕਟ ਤੇ ਸੰਘਰਸ਼ 'ਤੇ ਆਧਾਰਿਤ ਹੈ। ਨਾਟਕ ਦਾ ਵਿਸ਼ਾ ਦੋ ਪੱਧਰਾਂ 'ਤੇ ਚਲਦਾ ਹੈ। ਇਸ ਦੇ ਕੇਂਦਰ ਵਿਚ ਸਿੱਖ ਧਰਮ ਦਾ ਕਿਰਤ ਦਾ ਫ਼ਲਸਫ਼ਾ ਕਾਰਜਸ਼ੀਲ ਹੈ। ਪਰ ਅਜੋਕਾ ਧਰਮ ਕਰਮਕਾਂਡਾ ਜਾਂ ਦਿਖਾਵੇ ਤੱਕ ਸੀਮਤ ਹੁੰਦਾ ਜਾ ਰਿਹਾ ਹੈ। ਲੋਕ ਧਰਮ ਦੇ ਸਾਰ ਤੇ ਫ਼ਲਸਫ਼ੇ ਨੂੰ ਭੁੱਲ ਕੇ ਧਰਮ ਦੇ ਨਾਂ ਤੇ ਚੱਲ ਰਹੇ ਡੇਰਿਆ ਦੇ ਸ਼ਰਧਾਲੂ ਬਣਕੇ ਧਰਮ ਦੇ ਅਸਲੀ ਸਰੂਪ ਤੋਂ ਦੂਰ ਹੁੰਦੇ ਜਾ ਰਹੇ ਹਨ। ਲੇਖਕ ਧਰਮ ਦੇ ਅਰਥਾਂ

ਨੂੰ ਸਮਝ ਕੇ ਉਸ ਮੁਤਾਬਿਕ ਜੀਵਨ ਜੀਉਣ ਤੇ ਹੋ ਰਹੀਆਂ ਜ਼ਿਆਦਤੀਆਂ ਖਿਲਾਫ ਜੂਝਣ ਦਾ ਸੁਨੇਹਾ ਦੇਂਦਾ ਹੈ। ਕਿਸਾਨੀ ਦੇ ਸੰਕਟ ਦਾ ਹੱਲ ਵੀ ਸਾਂਝੇ ਸੰਘਰਸ਼ ਵਿਚੋਂ ਹੀ ਲੱਭਣ ਦਾ ਯਤਨ ਕੀਤਾ ਗਿਆ ਹੈ। ਸਮਕਾਲੀ ਸਮੱਸਿਆਵਾਂ ਦੇ ਸਾਰੇ ਪੱਖਾਂ ਨੂੰ ਉਭਾਰਣ ਕਰਕੇ ਇਹ ਇਕ ਪੜ੍ਹਨਯੋਗ ਰਚਨਾ ਹੈ।

2020 ਦੀਆਂ ਪ੍ਰਤੀਨਿਧ ਕਹਾਣੀਆਂ ਨੂੰ ਸੁਕੀਰਤ ਨੇ ਸੰਪਾਦਿਤ ਕੀਤਾ ਹੈ। ਇਹ ਦਸ ਕਹਾਣੀਆਂ ਉਰਮਿਲਾ ਆਨੰਦ ਪੁਰਸਕਾਰ ਦੇ ਚੋਣ ਅਮਲ ਵਿਚੋਂ ਗੁਜ਼ਰ ਕੇ ਪਾਠਕਾਂ ਸਾਹਮਣੇ ਪੇਸ਼ ਹੋਈਆਂ ਹੋਣ ਕਰਕੇ 2020 ਦੀਆਂ ਪੰਜਾਬੀ ਦੀਆਂ ਪ੍ਰਤਿਨਿੱਧ ਕਹਾਣੀਆਂ ਹਨ ਅਤੇ ਵਿਭਿੰਨ ਵਿਸ਼ਿਆਂ ਨਾਲ ਸੰਬੰਧਿਤ ਹਨ। ਹਰਪ੍ਰੀਤ ਸੇਖਾ ਦੀ ਕਹਾਣੀ 'ਉਹ ਰਾਤ' ਵਿਦੇਸ਼ ਜਾਣ ਦੀ ਦੌੜ ਤੇ ਮਰਦਾਵੀਂ ਹਉਂ ਦਾ ਪ੍ਰਗਟਾਵਾਂ ਬਹੁਤ ਹੀ ਕਲਾਤਮਿਕ ਢੰਗ ਨਾਲ ਕਰਦੀ ਹੈ। 'ਆਖਿਰ ਉਹ ਹਾਰ ਗਿਆ', 'ਮਸਤ', 'ਗੜ੍ਹੀ ਪਠਾਣਾ', 'ਦਾਇਰੇ' ਅਜੋਕੇ ਸਮਾਜ ਵਿਚ ਆਪਣੀ ਹਸਤੀ/ਹੋਂਦ ਨੂੰ ਬਚਾਈ ਤੇ ਬਣਾਈ ਰੱਖਣ ਲਈ ਸੰਘਰਸ਼ ਕਰਦੀ ਔਰਤ ਤੇ ਉਸਦੇ ਨਵੇਂ ਸੋਚਣ ਢੰਗ ਨੂੰ ਪੇਸ਼ ਕਰਦੀਆਂ ਹਨ। 'ਸੱਥਰ' ਆਪਣੀ ਭਾਸ਼ਾ, ਦ੍ਰਿਸ਼ ਵਰਨਣ ਤੇ ਪੇਂਡੂ ਜੀਵਨ ਵਿਚਲੇ ਸੰਬੰਧਾਂ ਨੂੰ ਪੇਸ਼ ਕਰਦੀ ਹੈ। ਕੇਸਰਾ ਰਾਮ ਦੀ ਕਹਾਣੀ 'ਨੋਵਲ ਕਮੀਨਾ ਵਾਇਰਸ' ਅਜੋਕੀ ਮੱਧ ਸ਼੍ਰੇਣੀ ਦੇ ਦੰਭੀ ਕਿਰਦਾਰ ਨੂੰ ਵਿਅੰਗਾਤਮਕ ਢੰਗ ਨਾਲ ਪੇਸ਼ ਕਰਦੀ ਹੈ। ਰੁਪਾਣਾ ਦੀ ਕਹਾਣੀ 'ਭਾਰਤ ਰਤਨ' ਇਕ ਵੱਖਰੀ ਭਾਂਤ ਦੀ ਕਹਾਣੀ ਹੈ ਜਿਸ ਵਿਚ ਸਮਾਜ ਦੇ ਦੱਬੇ-ਦੁਰਕਾਰੇ ਲੋਕ ਸਾਧਨ-ਸੰਪੰਨ ਵਰਗ ਨੂੰ ਆਪਣੀ ਹੋਂਦ ਤੋਂ ਤਾਕਤ ਦਾ ਅਹਿਸਾਸ ਆਪਣੇ ਢੰਗ ਨਾਲ ਹੀ ਕਰਾਉਂਦੇ ਹਨ। 'ਛਣਛਣ' ਸ਼ੋਸ਼ਲ ਮੀਡੀਆਂ ਵਾਲੇ ਦੌਰ ਵਿਚ ਵਿਅਕਤੀ ਅੰਦਰਲੇ ਕਿਰਦਾਰ ਤੇ ਮਾਨਸਿਕ ਵਿਕਾਰਾਂ ਨੂੰ ਪੇਸ਼ ਕਰਦੀ ਹੈ। 'ਮਹਿਕਦੀ ਚੂੰਡੀ' ਬੀਤੇ ਦੀਆਂ ਯਾਦਾਂ ਨੂੰ ਪੇਸ਼ ਕਰਦੀ ਕਹਾਣੀ ਹੈ।

'ਝਾਂਜਰਾਂ ਵਾਲੇ ਪੈਰ' ਅਰਵਿੰਦਰ ਕੌਰ ਧਾਲੀਵਾਲ ਦੀ ਪਹਿਲੀ ਮੌਲਿਕ 'ਦਸ ਕਹਾਣੀਆਂ ਦੀ ਪੁਸਤਕ ਹੈ। ਸੰਗ੍ਰਹਿ ਦੀਆਂ ਵਧੇਰੇ ਕਹਾਣੀਆਂ ਅਜੋਕੇ ਸਮਾਜ ਵਿਚ ਔਰਤ ਦੇ ਆਪਣੀ ਹਸਤੀ/ਹੋਂਦ ਲਈ ਕੀਤੇ ਜਾ ਰਹੇ ਸੰਘਰਸ਼ ਨਾਲ ਸੰਬੰਧਿਤ ਹਨ। ਅਜੋਕੀ ਔਰਤ ਵਧੇਰੇ ਸੁਚੇਤ ਹੋ ਕੇ ਸਮਾਜ ਵਿਚ ਆਪਣੀ ਸਪੇਸ਼ ਨੂੰ ਪੱਕਿਆਂ ਕਰਨ ਲਈ ਯਤਨਸ਼ੀਲ ਹੈ ਤੇ ਇਸ ਲਈ ਉਸ ਦਾ ਸੰਘਰਸ਼ ਪਰਿਵਾਰ ਤੋਂ ਲੈ ਕੇ ਬਾਹਰ ਤੱਕ ਫੈਲਿਆ ਹੋਇਆ ਹੈ। ਉਸ ਦਾ ਵਿਰੋਧ ਬੋਲਾਂ ਰਾਹੀਂ ਵੀ ਤੇ ਚੁੱਪ ਰਾਹੀਂ ਵੀ ਪ੍ਰਗਟ ਹੋ ਰਿਹਾ ਹੈ। ਆਪਣੇ ਹਿੱਸੇ ਦਾ ਅਸਮਾਨ, ਆਖਿਰ ਉਹ ਹਾਰ ਗਿਆ, ਹੈਸ਼ ਟੈਗ, ਨੀਲੇ ਮੋਰਾਂ ਵਾਲੀ ਚਾਦਰ ਕਹਾਣੀਆਂ ਇਸ ਸੰਘਰਸ਼ ਦੀ ਪੇਸ਼ਕਾਰੀ ਕਰਦੀਆਂ ਹਨ। ਝਾਂਜਰਾਂ ਵਾਲੇ ਪੈਰ, ਕੁਆਰ ਗੰਦਲ, ਵੇਦਨ ਕਹੀਏ ਕਿਸ ਨਿਵੇਕਲੇ ਵਿਸ਼ਿਆਂ ਵਾਲੀਆਂ ਕਹਾਣੀਆਂ ਹਨ।

ਹਰਪ੍ਰੀਤ ਸਿੰਘ ਚੰਨੂ ਦੀ ਪੁਸਤਕ ਸੱਥਰ, ਉਸਦੀ ਕਹਾਣੀਆਂ ਦੀ ਪੁਸਤਕ ਹੈ। ਸੰਗ੍ਰਹਿ ਵਿਚਲੀਆਂ ਤਕਰੀਬਨ ਬਹੁਤੀਆਂ ਕਹਾਣੀਆਂ ਚਾਰ ਦਹਾਕੇ ਪਹਿਲਾ ਸਿਰਜਣਾ ਵਿਚ ਛਪਣ ਸਮੇਂ ਪਾਠਕਾਂ ਦਾ ਭਰਵਾਂ ਹੁੰਗਾਰਾ ਪ੍ਰਾਪਤ ਕਰ ਚੁੱਕੀਆਂ ਹਨ। ਇਹ ਕਹਾਣੀਆਂ 8ਵੇਂ-9ਵੇਂ ਦਹਾਕੇ ਦੇ ਪੇਂਡੂ ਜੀਵਨ ਨੂੰ ਪੇਸ਼ ਕਰਦੀਆਂ ਹਨ। ਚੰਨੂ ਦੀਆਂ ਕਹਾਣੀਆਂ ਪੜ੍ਹਦਿਆਂ ਇਨ੍ਹਾਂ ਵਿਚਲੀ ਸਹਿਜਤਾ, ਭਾਸ਼ਾ ਤੇ ਦ੍ਰਿਸ਼ ਵਰਣਨ ਪਾਠਕ ਨੂੰ ਪ੍ਰਭਾਵਿਤ ਕਰਦਾ ਹੈ। ਚੰਨੂ ਜਿਸ ਨਿਰਲੇਪਤਾ ਨਾਲ ਪੇਂਡੂ ਸਮਾਜ ਦਾ ਦ੍ਰਿਸ਼ ਚਿਤਰਦਾ ਹੈ, ਉਸ ਵਿਚੋਂ ਹੋ ਸਕਦਾ ਹੈ ਉਸਦੇ ਦ੍ਰਿਸ਼ਟੀਕੋਣ ਦੀ ਸ਼ੋਅ ਓਪਰੀ ਨਜ਼ਰੇ ਨਾ ਪ੍ਰਤੀਤ ਹੁੰਦੀ ਹੋਵੇ, ਪਰ ਉਹ ਸਦਾ

ਦ੍ਰਿਸ਼ਟੀਕੋਣ ਕਹਾਣੀ ਦੀ ਤਹਿ ਹੇਠ ਕਾਰਜਸ਼ੀਲ ਨਜ਼ਰ ਆਉਂਦਾ ਹੈ। ਉਸ ਨੇ ਹਰੇ ਇਨਕਲਾਬ ਦੀ ਆਮਦ ਦੇ ਆਸ-ਪਾਸ ਦੇ ਸਮੇਂ ਦੇ ਪੰਜਾਬ ਤੋਂ ਲੈ ਕੇ ਅਜੋਕੇ ਸਮਾਜ ਦੀਆਂ ਤਬਦੀਲੀਆਂ ਨੂੰ ਚਿਤ੍ਰਿਆ ਹੈ। ਇਸ ਪੁਸਤਕ ਦੀਆਂ ਕਹਾਣੀਆਂ ਨਾਲ ਚੌਥੀ ਪੀੜ੍ਹੀ ਤੇ ਨਵੀਂ ਪੀੜ੍ਹੀ, ਜਿਸ ਨੂੰ ਕੁਝ ਵਿਦਵਾਨਾਂ ਨੇ ਪੰਜਵੀਂ ਪੀੜ੍ਹੀ ਵੀ ਕਿਹਾ ਹੈ, ਦੇ ਅਧਿਐਨ ਨਾਲ ਇਨ੍ਹਾਂ ਪੀੜ੍ਹੀਆਂ ਦੀ ਕਹਾਣੀ ਦੀ ਕਲਾਤਮਿਕਤਾ ਵਿਚਲੇ ਅੰਤਰ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇਹ ਪੁਸਤਕ ਪੰਜਾਬੀ ਕਹਾਣੀ ਦੇ ਪਾਠਕਾਂ ਨੂੰ ਨਿਸਚੇ ਹੀ ਪੜ੍ਹਨ ਲਈ ਉਕਸਾਉਂਦੀ ਹੈ।

ਜੋਗਿੰਦਰ ਬਾਠ ਗਲੈਂਡ ਦੀ 'ਜੱਟ ਮਕੈਨੀਕਲ' ਲੇਖਕ ਦੀ ਪਹਿਲੀ ਪੁਸਤਕ ਹੈ ਜਿਸ ਵਿਚ ਉਸ ਨੇ ਸਥਾਪਿਤ ਹੋਣ ਲਈ ਕੀਤੇ ਸੰਘਰਸ਼ ਨੂੰ ਬਿਆਨ ਕੀਤਾ ਹੈ। ਇਹ ਪੁਸਤਕ ਛੋਟੀ ਕਿਸਾਨੀ ਵਿਚੋਂ ਆਉਣ ਵਾਲੇ ਸਾਰੇ ਹੀ ਨਵੇਂ ਮੁੰਡਿਆਂ ਦੇ ਸੰਘਰਸ਼ ਨੂੰ ਰੂਪਮਾਨ ਕਰਦੀ ਹੈ। ਇਸ ਪੀੜ੍ਹੀ ਨੂੰ ਵੀਹਵੀਂ ਸਦੀ ਦੇ ਅੱਠਵੇਂ-ਨੌਵੇਂ ਦਹਾਕੇ ਵਿਚ ਇਹ ਅਹਿਸਾਸ ਹੋ ਗਿਆ ਸੀ। ਖੇਤੀ ਦੇ ਕਿੱਤੇ ਵਿਚ ਰਹਿ ਕੇ ਜ਼ਿੰਦਗੀ ਨਹੀਂ ਗੁਜ਼ਾਰੀ ਜਾ ਸਕਦੀ। ਇਸ ਲਈ ਬਹੁਰ ਸ਼ਹਿਰ ਵਿਚ ਆ ਕੇ ਕਈ ਛੋਟੇ-ਮੋਟੇ ਕੰਮ-ਧੰਦੇ ਕਰਨ ਤੋਂ ਬਾਅਦ ਆਪਣੇ ਵਰਗੇ ਹੀ ਕੁਝ ਮਿੱਤਰਾਂ ਨਾਲ ਰਲ ਕੇ ਵਰਕਸ਼ਾਪ ਖੋਲ੍ਹਦਾ ਹੈ। ਉਸ ਵੇਲੇ ਮੋਗਾ ਖੇਤੀ ਸੰਦਾਂ ਦੀ ਵੱਡੀ ਮੰਡੀ ਸੀ, ਜਿਸ ਦਾ ਜ਼ਿਕਰ ਉਸ ਨੇ ਬਹੁਤ ਹੀ ਵਧੀਆਂ ਢੰਗ ਨਾਲ ਕੀਤਾ ਹੈ, ਪਰ ਇਸੇ ਹੀ ਵੇਲੇ ਸ਼ੁਰੂ ਹੋਈ ਖਾਲਿਸਤਾਨੀ ਲਹਿਰ ਨੇ ਮੋਗੇ ਦੇ ਨਾਲ-ਨਾਲ ਸਮੁੱਚੇ ਪੰਜਾਬ ਦੇ ਮਾਹੌਲ ਨੂੰ ਪ੍ਰਭਾਵਿਤ ਕੀਤਾ ਤੇ ਬਾਹਰਲੇ ਵਪਾਰੀ ਇੱਧਰ ਆਉਣ ਤੋਂ ਡਰਨ ਲੱਗ ਪਏ, ਦਿਨਾਂ ਵਿਚ ਹੀ ਲੋਕਾਂ ਦੇ ਕਾਰੋਬਾਰ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਏ। ਪੁਸਤਕ ਬੇਸ਼ੱਕ ਵਾਰਤਕ ਦੀ ਹੈ, ਪਰ ਇਸ ਵਿਚਲੇ ਵੇਰਵੇ ਕਰਕੇ ਇਹ ਗਲਪ ਦੇ ਵਧੇਰੇ ਨੇੜੇ ਪ੍ਰਤੀਤ ਹੁੰਦੀ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬੀ ਵਿਚ ਅਜੇਹੀ ਗਲਪੀ ਵਾਰਤਕ ਲਿਖਣ ਦਾ ਰੁਝਾਨ ਵਧ ਰਿਹਾ ਹੈ। ਲੇਖਕ ਦੀ ਭਾਸ਼ਾ, ਕਾਵਿਕ ਸ਼ਬਦ ਘਾੜਤ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ, ਪਰ ਕਿਤਾਬ ਦੀ ਛਪਾਈ, ਸ਼ਬਦ-ਜੋੜਾਂ ਦੀ ਗ਼ਲਤੀਆਂ ਸੁਆਦ ਬਣੀ ਦਾਲ ਵਿਚ ਕੋੜਕੂ ਵਾਂਗ ਰੜਕਦੇ ਹਨ। ਸਮੁੱਚੇ ਤੌਰ 'ਤੇ ਪਹਿਲੀ ਕਿਤਾਬ ਹੋਣ ਦੇ ਬਾਵਜੂਦ ਇਹ ਪੁਸਤਕ ਪੜ੍ਹਨਯੋਗ ਤੇ ਅੱਠਵੇਂ-ਨੌਵੇਂ ਦਹਾਕੇ ਦੇ ਪੰਜਾਬ ਬਾਰੇ ਬਹੁਤ ਜਾਣਕਾਰੀ ਦੇਂਦੀ ਹੈ।

ਸਮਕਾਲੀ ਸਾਹਿਤ ਦਾ ਅਧਿਐਨ ਕਰਦਿਆਂ ਅਸੀਂ ਵੇਖਦੇ ਹਾਂ ਕਿ ਸਾਹਿਤਕਾਰ ਜਦੋਂ ਬਿਲਕੁੱਲ ਹੀ ਨੇੜੇ ਦੀਆਂ ਘਟਨਾਵਾਂ ਨੂੰ ਚਿਤਰਦੇ ਹਨ ਤਾਂ ਉਹ ਇਨ੍ਹਾਂ ਵਰਤਾਰਿਆਂ ਦੇ ਸਾਰੇ ਪੱਖਾਂ ਨੂੰ ਸਮਝਣ ਤੇ ਸਾਹਿਤਕ ਵਿਧਾ ਵਿਚ ਢਾਲ ਸਕਣ ਵਿਚ ਪੂਰੀ ਤਰ੍ਹਾਂ ਸਫ਼ਲ ਨਹੀਂ ਹੁੰਦੇ ਜਿਸ ਕਰਕੇ ਇਹ ਪੇਸ਼ਕਾਰੀ ਨਿਰੋਲ ਬਿਆਨੀਆ ਤੇ ਕਲਾਤਮਿਕ ਪੱਖੋਂ ਊਣੀ ਰਹਿ ਜਾਂਦੀ ਹੈ। ਬਲਦੇਵ ਸਿੰਘ ਦੇ ਨਾਵਲ ਵਿਚ ਕਿਸਾਨੀ ਦੇ ਸੰਘਰਸ਼ ਦੀ ਪੇਸ਼ਕਾਰੀ ਇਸ ਦੀ ਉਦਾਹਰਣ ਹੈ। ਦੂਸਰੇ, ਨਵੇਂ ਨਾਵਲ ਵਿਚ ਸਾਡੀ ਦਾਰਸ਼ਨਿਕ ਪਰੰਪਰਾ ਨੂੰ ਗਲਪ ਵਿਚ ਢਾਲਣ ਦੀ ਪਰੰਪਰਾ ਵੀ ਸਥਾਪਿਤ ਹੁੰਦੀ ਨਜ਼ਰ ਆਉਂਦੀ ਹੈ। ਨਾਟਕ ਘੱਟ ਲਿਖੇ ਜਾਣ ਦੇ ਬਾਵਜੂਦ ਆਪਣੀ ਸਮਰੱਥਾ ਸਿੱਧ ਕਰ ਰਿਹਾ ਹੈ। ਕਵਿਤਾ ਤੋਂ ਬਾਅਦ ਕਹਾਣੀ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਸਾਹਿਤਕ ਵਿਧਾ ਹੈ। ਪੰਜਾਬੀ ਦੇ ਕਹਾਣੀ ਲੇਖਕ ਆਪਣੀ ਸਮਰੱਥਾ ਮੁਤਾਬਿਕ ਇਸ ਵਿਚ ਹਿੱਸਾ ਪਾ ਰਹੇ ਹਨ ਤੇ ਬਹੁਤ ਸਾਰੇ ਨਵੇਂ ਵਿਸ਼ਿਆਂ ਬਾਰੇ ਰਚਨਾ ਕਰ ਰਹੇ ਹਨ, ਪਰ ਅਜੇ ਇਸ ਕਹਾਣੀ ਨੇ ਆਪਣੀ ਵੱਖਰਤਾ ਸਥਾਪਿਤ ਕਰਨੀ ਹੈ।

***

## ਪਾਠਕ ਪ੍ਰਕਿਰਿਆ

ਡਾ. ਰਜਨੀਸ਼ ਜੀ !

ਮੈਂ 'ਪ੍ਰਵਚਨ 84' 'ਚ, ਪੰਜਾਬੀ ਕਹਾਣੀ ਦੀ ਪ੍ਰਤੀਰੋਧੀ ਧੁਨੀ ਦੀ ਕਥਾਕਾਰੀ 'ਆਪਣੇ -ਆਪਣੇ ਮਰਸੀਏ' ਤੁਹਾਡਾ ਆਰਟੀਕਲ ਪੜ੍ਹਿਆ! ਤੁਸੀਂ ਏਨਾ ਦਿਲ ਨਾਲ, ਏਨੀ ਰੂਹ ਨਾਲ ਇਹ ਆਰਟੀਕਲ ਲਿਖਿਆ ਹੈ ਕਿ ਲੇਖ਼ਕ ਖੁਸ਼ੀ 'ਚ ਕੀ ਕਰ ਬੈਠੇ, ਪਤਾ ਨਹੀਂ!

ਇੱਕ ਇੱਕ ਸ਼ਬਦ ਤੁਹਾਡੇ ਆਰਟੀਕਲ ਦਾ ਸ਼ੀਸ਼ੇ 'ਚ ਜੜ੍ਹਾ ਕੇ ਰੱਖਣ ਵਾਲਾ ਹੈ! ਮੈਂ ਕਹਿੰਦੀ ਹਾਂ ਕਿ ਲੇਖ਼ਕ ਨੂੰ ਹੋਰ ਕੀ ਚਾਹੀਦਾ ਹੈ? ਹੋਰ ਕੀ? ਜੇ ਕੋਈ ਵਿਦਵਾਨ, ਲਿਖ਼ਤ ਨੂੰ ਸਮਝਣ ਵਾਲਾ, ਪਰਖਣ ਵਾਲਾ, ਲਿਖ਼ਤ ਬਾਰੇ ਏਨਾ ਵਧੀਆ ਲਿਖ ਦੇਵੇ ਤਾਂ ਲਿਖ਼ਤ ਦੀ ਤਾਂ ਕਦਰ ਪੈ ਗਈ ਨਾ! ਲਿਖਣਾ ਵਰ ਆ ਗਿਆ ਸਮਝੋ!

ਪੂਰੇ ਆਰਟੀਕਲ 'ਚ ਇਕ ਵੀ ਸ਼ਬਦ ਇਹ ਨਹੀਂ ਕਹਿੰਦਾ ਕਿ 'ਇੰਜ ਹੁੰਦਾ ਤਾਂ ਚੰਗਾ ਸੀ' ਜਾਂ ਲੇਖਿਕਾ ਨੂੰ ਸੁਝਾਅ ਹੈ ਕਿ ਫਲਾਣੀ ਗੱਲ ਤੋਂ ਪ੍ਰਹੇਜ ਕਰੇ, ਇਉਂ ਕਰੇ , ਇਉਂ ਨਾ ਕਰੇ ... ਵਗੈਰਾ ਵਗੈਰਾ!

ਬਸ ਲਿਖਿਆ ਤਾਂ ਦਿਲੋਂ ਜਾਨ ਨਾਲ, ਹੱਕ 'ਚ ਲਿਖਿਆ ਤੇ ਬਾਕਮਾਲ ਲਿਖਿਆ! ਬਾਕਮਾਲ! ਬਾਕਮਾਲ!

**-ਕੁਲਬੀਰ ਬਡੇਸਰੋਂ**

ਪਿਆਰੇ ਡਾ: ਰ.ਬ. ਸਿੰਘ ਜੀ,

ਪ੍ਰਵਚਨ '84' ਵਿਚ ਨਵੀਆਂ ਛਪੀਆਂ ਪੁਸਤਕਾਂ ਦੇ ਰੀਵਿਊ ਕਰਨ ਦੀ ਥਾਂ, ਇਹਨਾਂ ਅੰਦਰਲੀ ਸਮੱਗਰੀ ਦੀ ਸੰਤੁਲਤ ਸਮੀਖਿਆ ਕਰਨ ਲਈ ਸ਼ੁਰੂ ਕੀਤਾ ਕਾਲਮ ਬਹੁਤਾ ਲਾਹੇਬੰਦ ਰਹੇਗਾ। ਆਮ ਤੌਰ 'ਤੇ ਰੀਵਿਊਕਾਰੀ ਸੁਧੀਆਂ ਸਿਫ਼ਤਾਂ ਜਾਂ ਖ਼ਿਲਾਰ ਹੀ ਹੁੰਦਾ। ਇਹਨਾਂ ਬਾਰੇ ਸਿਹਤਮੰਦ ਰਾਏ ਪ੍ਰੋ: ਕੁਲਵੰਤ ਸੰਧੂ ਵਰਗਾ ਕੋਈ ਵਿਰਲਾ ਹੀ ਦੇ ਸਕਦਾ। ਤਾਂ ਵੀ ਇਕ ਗੱਲ ਜ਼ਰੂਰ ਧਿਆਨ 'ਚ ਰੱਖਣੀ। ਸ਼ੈਲੇ ਨੇ ਕਿਹਾ ਸੀ ਕਿ ਕੀਟਸ ਕਿਸੇ ਬਿਮਾਰੀ ਕਾਰਨ ਨਹੀਂ (28 ਸਾਲ ਦੀ ਉਮਰੇ) ਮਰਿਆ। ਸਗੋਂ ਇਕ ਤ੍ਰੈਮਾਸਿਕ 'ਕਵਾਟਰਲੀ ਰੀਵਿਊ' ਨੇ ਮਾਰਿਆ ਹੈ। ਇਸ ਵਿਚ ਉਸਦੇ ਖ਼ਿਲਾਫ਼ ਬਹੁਤ ਕੁਝ ਲਿਖ ਹੁੰਦਾ ਰਿਹਾ।

ਗੁਸਤਾਖ਼ੀ ਮੁਆਫ਼

**ਲਾਲ ਸਿੰਘ**
**ਦਸੂਹਾ**

ਸੰਪਾਦਕ ਜੀ,

ਪ੍ਰਵਚਨ, ਆਪਣੀਆਂ ਲਿਖਤਾਂ ਕਰਕੇ ਪੰਜਾਬੀ ਦਾ ਪ੍ਰਮੁੱਖ ਰਸਾਲਾ ਹੈ। ਕਿਸਾਨੀ ਅਤੇ ਸਾਹਿਤ ਦੇ ਰਿਸ਼ਤੇ ਬਾਰੇ ਕਮਾਲ ਦੀ ਸੰਪਾਦਕੀ ਹੈ। ਕਿਸਾਨੀ ਸੰਘਰਸ਼ ਨੇ ਲੋਕਾਂ ਦੀ ਸੋਚ ਬਦਲ ਦਿੱਤੀ ਹੈ। ਅੱਜ ਕਲ੍ਹ ਹਰ ਬੰਦਾ ਕਿਸਾਨੀ ਉਤੇ ਲਿਖਣ ਤੁਰਿਆਂ ਹੈ। ਤੁਹਾਡੀ ਰਚਨਾ ਕਮਾਲ ਹੈ। ਪਰਵੇਜ਼ ਸੰਧੂ ਦੀ ਕਹਾਣੀ ਬੰਦੇ ਨੂੰ ਹਿਲਾ ਦਿੰਦੀ ਹੈ। ਸਰਘੀ ਕਹਾਣੀਕਾਰ ਤਾਂ ਹੇਠਲੇ ਦਰਜੇ ਦੀ ਹੈ ਪਰ ਤੁਹਾਡਾ ਲੇਖ ਪੜ੍ਹ ਕੇ ਵੱਡੀ ਲਗਣ ਲੱਗ ਪਈ। ਵਿਪਨ ਗਿੱਲ ਅਤੇ ਵਨੀਤਾ ਦੀਆਂ ਕਵਿਤਾਵਾਂ ਵਧੀਆਂ ਹਨ। ਸਮੁੱਚਾ ਪਰਚਾ ਪੜ੍ਹ ਕੇ ਅਨੰਦ ਆ ਗਿਆ।

ਤੁਹਾਡੀ ਕਲਮ ਅਤੇ ਸੰਪਾਦਕੀ ਸੂਝ ਨੂੰ ਸਲਾਮ

**ਦੀਦਾਰ ਸਿੰਘ**
**ਸੀਨੀਅਰ ਮਾਸਟਰ**
**ਅਬੋਹਰ।**

ਪ੍ਰਵਚਨ ਦਾ 84 ਅੰਕ ਬਹੁਤ ਵਧੀਆਂ ਹੈ। ਪੇਟਿੰਗ ਜਿਹੜੀ ਟਾਇਟਲ ਤੇ ਲਾਈ ਹੈ ਕਮਾਲ ਹੈ। ਤਿੰਨੇ ਕਹਾਣੀਆਂ ਮਨ ਵਿਚ ਲਹਿ ਜਾਂਦੀਆਂ ਹਨ। ਵਿਪਨ ਗਿੱਲ ਬਹੁਤ ਵਧੀਆ ਕਵਿਤਰੀ ਹੈ। ਤੁਹਾਡੀਆਂ ਦੋਵੇਂ ਲਿਖਤਾਂ ਹਰ ਅੰਕ ਵਾਂਗ ਵਧੀਆਂ ਹਨ।

**ਗੁਰਪ੍ਰੀਤ ਕੌਰ**
**ਮਾਡਲ ਟਾਊਨ**
**ਲੁਧਿਆਣਾ**

ਸੰਪਾਦਕ ਸਾਹਿਬ,

ਪ੍ਰਵੇਜ਼ ਸੰਧੂ ਦੀ ਕਹਾਣੀ ਰੂਹ ਨੂੰ ਤ੍ਰਿਪਤ ਕਰਦੀ ਹੈ। ਅੱਜ ਦੇ ਸਮੇਂ ਦੀਆਂ ਨਾਰੀ ਕਹਾਣੀਕਾਰਾਂ ਪਤਾ ਨਹੀਂ ਕੀ ਲਿਖੀ ਜਾਂਦੀਆਂ ਹਨ।

**ਆਪ ਦਾ ਹਿੱਤ**
**ਗੁਰਦੇਵ ਸਿੰਘ**
**ਰਾਜਪੁਰਾ ਕਲੋਨੀ, ਜਲੰਧਰ**
**ਰਾਜਪੁਰਾ ਕਲੋਨੀ, ਪਟਿਆਲਾ**

*ਤ੍ਰੈਮਾਸਿਕ 'ਪਵਚਨ' ਪਿਛਲੇ 21 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਸ ਸਫ਼ਰ ਦੌਰਾਨ ਪਾਠਕਾਂ ਨੇ ਲਗਾਤਾਰ ਚੰਦਾ ਦੇ ਕੇ ਇਸ ਨੂੰ ਚਲਦਾ ਰੱਖਣ ਵਿਚ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖ਼ਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**Rajnish Bahadur Singh**
Ac. no. 30568250112 IFSC SBIN0008301
STATE BANK OF INDIA,
Harbans Nagar Branch Jalandhar